ਜਹ ਗਿਆਨ ਪ੍ਰਗਾਸੁ ਅਗਿਆਨ ਮਿਟੰਤੁ
GIAN
ਗੁਰਮਤਿ ਗਿਆਨ

ਮਈ 2026

# ਗੁਰਮਤਿ ਵਿਰਸਾ

GURMAT VIRSA गुरमति विरसा

Year-7, Issue-10, May 2026, Ludhiana gurmatvirsa@gmail.com Multilingual Price 25/-

## 'ਅਕਾਲ ਮੂਰਤਿ' ਦਾ ਸੰਕਲਪ



# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਅੱਪਰਾ ਦੇ ਪਿੰਡ ਬਲਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਅੱਪਰਾ ਦੇ ਪਿੰਡ ਲੋਹਾਰਾ ਵਿਖੇ ਲੱਗ ਨੌਜਵਾਨ ਵੀਰ ਗੁਰਬਾਣੀ ਸੰਥਿਆ ਦੀ ਕਲਾਸ ਲਗਾਉਂਦੇ ਹੋਏ।



ਗਰੇਸ ਪਬਲਿਕ ਸਕੂਲ ਸ਼ਿਮਲਾਪੁਰੀ, ਲੁਧਿਆਣਾ ਦੇ ਬੱਚਿਆਂ ਨੇ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ।



ਗੁਰਦੁਆਰਾ ਸਿੱਖ ਸੰਗਤ, ਦਮਦਮ (ਕੋਲਕਾਤਾ) ਵਿਖੇ ਪ੍ਰਚਾਰਕ ਭਾਈ ਅੰਗਰੇਜ਼ ਸਿੰਘ (ਇਨਸੈੱਟ) ਖਾਲਸਾ ਸਾਜਨਾ ਦਿਹਾੜੇ ਮੌਕੇ ਸੰਗਤ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ



ਕੇਂਦਰ ਲਤਾਲਾ ਦੇ ਸਰਕਾਰੀ ਗਰਲਜ਼ ਮਿਡਲ ਸਕੂਲ ਵਿਖੇ ਵਿਦਿਆਰਥਣਾਂ ਨੂੰ ਮਾਸਿਕ ਰਸਾਲਾ 'ਗੁਰਮਤਿ ਵਿਰਸਾ' ਵੰਡਿਆ ਗਿਆ।



ਕੇਂਦਰ ਲਤਾਲਾ ਦੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।



ਸੈਂਟ ਜੌਨਸ ਅਕੈਡਮੀ ਪਿੰਡ ਸ਼ੰਕਰ (ਜਲੰਧਰ) ਵਿਖੇ ਲਗ ਰਹੀ ਗੁਰਮਤਿ ਕਲਾਸ।



ਕੇਂਦਰ ਮਹਾਂਸਿੰਘਨਗਰ (ਲੁਧਿਆਣਾ) ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।

# ਗੁਰਮਤਿ ਵਿਰਸਾ

**ਮਈ 2026** (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ

### ਵਿਸਾਖ-ਜੇਠ ਮਹੀਨੇ ਦੇ ਖਾਸ ਦਿਹਾੜੇ

- ਪ੍ਰਕਾਸ਼ ਸ੍ਰੀ ਗੁਰੂ ਅਰਜਨ ਸਾਹਿਬ ਜੀ : 19 ਵਿਸਾਖ (02 ਮਈ)
- ਛੋਟਾ ਘੱਲੂਘਾਰਾ : 3 ਜੇਠ (17 ਮਈ)
- ਪ੍ਰਕਾਸ਼ ਸ੍ਰੀ ਗੁਰੂ ਅਮਰਦਾਸ ਜੀ : 9 ਜੇਠ (23 ਮਈ)

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***

Responsible for collection of all Printed matter as per PRB Act

**Registration Number of the Newspaper**

**PUNMUL/2019/78309**

### ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?

| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 7 |
| ਸ਼ਬਦ ਵਿਚਾਰ | 8 |
| ਛੋਟਾ ਘੱਲੂਘਾਰਾ | 9 |
| 'ਅਕਾਲ ਮੂਰਤਿ' ਦਾ ਸੰਕਲਪ | 11 |
| ਸੇਵਾ ਤੇ ਸਿਮਰਨ ਦੀ ਮੂਰਤ ਸ੍ਰੀ ਗੁਰੂ ਅਮਰ ਦਾਸ ਜੀ | 12 |
| ਕੌਮੀ ਭਵਿੱਖ ਬਾਰੇ ਸੋਚੋ | 13 |
| ਲੜੀਵਾਰ: ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ | 16 |
| ਪੰਚਮ ਪਾਤਿਸ਼ਾਹ ਦੇ ਪਰਉਪਕਾਰ ਤੇ ਹੋਰ ਅਣਗਿਣਤ ਕਾਰਜ | 18 |
| ਨੰਨੇ ਵਾਰਸ | 22 |
| ਅਸੀਂ ਕੈਸੇ ਲੋਕ ਹਾਂ? | 24 |
| 'ਰੁੱਤ ਬੇਈਮਾਨ ਹੋ ਗਈ, ਕਿੱਥੇ ਰੱਖ ਲਾਂ ਲੁਕੋ ਕੇ ਤੈਨੂੰ ਕਣਕੇ' | 27 |
| ਦੁੱਖ ਦਰਦ | 29 |
| ਜ਼ਮੀਨ ਦੀ ਵੰਡ ਜਾਂ ਮਨੁੱਖਤਾ ਦੀ ਵੰਡ? | 33 |
| ਵਿਕਸਿਤ ਭਾਰਤ ਦਾ ਸੁਪਨਾ ਪੂਰਾ ਕਰਨ ਲਈ ਸਿੰਗਾਪੁਰ... | 34 |
| ਕਾਵਿ ਕਿਆਰੀ | 35 |
| A Journey From Modest Roots to Eminence | 37 |
| ਗੁਰਮਤਿ ਸੰਜੋਗ | 40 |
| ਮਾਰਚ ਮਹੀਨੇ ਦੀਆਂ ਸਰਗਰਮੀਆਂ | 41 |



### ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸਰਹਿੰਦ ਫਤਿਹ ਦਿਵਸ ’ਤੇ

ਸੰਪਾਦਕੀ

# ਸਿੱਖ ਰਾਜ ਦਾ ਉਸਰੱਈਆ






ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725


ਰਾਵੀ ਦੇ ਬੇਲਿਆਂ, ਮੱਧ ਭਾਰਤ ਦੇ ਜੰਗਲ਼ਾਂ, ਅਰਬ ਦੇ ਮਾਰੂਥਲਾਂ ਤੇ ਦੇਸ਼ ਪੰਜਾਬ ਦੀ ਸਰਜ਼ਮੀਨ 'ਤੇ ਇਲਾਹੀ ਵਜਦ ਵਿਚ ਆਉਂਦਿਆਂ ਗੁਰੂ ਨਾਨਕ ਸਾਹਿਬ ਜੀ ਨੇ ਹਲੇਮੀ ਰਾਜ ਨੂੰ ਸਥਾਪਿਤ ਕਰਨ ਲਈ ਇਹਨਾਂ ਸਿਧਾਤਾਂ 'ਤੇ ਅਕਾਲੀ ਗੁਣਾਂ ਵਾਲੇ ਰਾਜ ਦੀ ਉਸਾਰੀ ਅਰੰਭੀ---

**1. ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥** (470)

**2. ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥** (953)

**3. ਨਾਨਕ ਭਗਤਾ ਸਦਾ ਵਿਗਾਸੁ ॥**

**4. ਸੁਣਿਐ ਦੂਖ ਪਾਪ ਕਾ ਨਾਸੁ ॥**

**(ਜਪੁ ਬਾਣੀ)**

**5. ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥** (468)

ਹਲੇਮੀ ਰਾਜ ਨੂੰ ਸਥਾਪਿਤ ਕਰਨ ਲਈ ਨਿਰੰਕਾਰੀ ਗੁਣਾਂ ਵਾਲਾ ਗ੍ਰੰਥ ਤਿਆਰ ਕੀਤਾ ਜੋ ਸਾਰੀ ਲੁਕਾਈ ਨੂੰ ਆਪਣੀ ਪਿਆਰ ਗਲਵੱਕੜੀ ਵਿਚ ਲੈਂਦਿਆਂ ਹੋਇਆਂ ਸਦਾ ਬਹਾਰ ਸੁਖ ਦੀ ਤਰਤੀਬ ਸਮਝਾਉਂਦਾ ਹੈ—

**1. ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥**
**ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥** (1427)

**2. ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥**
**ਨਾਨਕ ਅਵਰੁ ਨ ਜੀਵੈ ਕੋਇ ॥**
**ਜੇ ਜੀਵੈ ਪਤਿ ਲਥੀ ਜਾਇ ॥**
**ਸਭੁ ਹਰਾਮੁ ਜੇਤਾ ਕਿਛੁ ਖਾਇ ॥** (142)

ਹਲੇਮੀ ਰਾਜ ਦੀਆਂ ਨੀਹਾਂ ਪੱਕੀਆਂ ਕਰਨ ਲਈ ਗੁਰੂ ਅਰਜਨ ਪਾਤਸ਼ਾਹ ਜੀ ਨੇ ਆਪਣੀ ਸ਼ਹਾਦਤ ਦੇ ਕੇ, ਜਿੱਥੇ ਅਧਿਆਤਮਕ ਤਥਾ ਰੁਹਾਨੀਅਤ ਦੀ ਰਮਜ਼ ਸਮਝਾਈ ਹੈ ਉੱਥੇ ਸਮਾਜ ਨੂੰ ਚਲਾਉਣ ਤੇ ਆਪਸੀ ਸਾਂਝ ਨੂੰ ਪੀਡਾ ਕਰਨ ਲਈ “ਨਾ ਕਉ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ”॥ ਦੇ ਫਲਸਫੇ ਨੂੰ ਪ੍ਰਪੱਕਤਾ ਵਿਚ ਲਿਆਂਦਾ। ਹਮੇਸ਼ਾਂ ਲਈ ਸਚਾਈ ਦੀਆਂ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਲਈ ਤੇ ਅਕਾਲੀ ਗੁਣਾਂ ਦੇ ਪ੍ਰਗਟਾਵੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਅਕਾਲ ਤੱਖਤ ਦੀ ਸਿਰਜਣਾ ਸਾਕਾਰ ਹੋਈ ਹੈ।

ਦ੍ਰਿੜ੍ਹਤਾ ’ਤੇ ਪਹਿਰਾ ਦੇਣ ਲਈ ਜਦੋਂ ਪਰਖ ਹੋਈ ਤਾਂ ਤੱਤੀ ਤਵੀ ਦਾ ਰਾਹ ਚੁਣ ਕੇ ਸੰਸਾਰ ਵਿੱਚ ਨਵਾਂ ਅਧਿਆਏ ਲਿਖ ਦਿੱਤਾ। ਸੀਸ ਜਾ ਸਕਦਾ ਹੈ ਪਰ ਸੱਚ ਨੂੰ ਆਂਚ ਨਹੀਂ ਆਉਣ ਦਿੱਤੀ ਜਾਏਗੀ। ਅਜ਼ਾਦ ਹੋਂਦ ਦਾ ਪ੍ਰਗਟਾਵਾ ਕਰਨ ਲਈ ਥੜਾ, ਅਕਾਲ ਬੁੰਗਾ ਤੇ ਫਿਰ ਅਕਾਲ ਤੱਖਤ ਦੇ ਰੂਪ ਵਿੱਚ ਪ੍ਰਗਟ ਕਰਕੇ ਹਲੇਮੀ ਸਰਕਾਰ ਦਾ ਬਿਗਲ ਵਜਾ ਦਿੱਤਾ। ਫੌਜਾਂ, ਘੋੜੇ, ਹਥਿਆਰ ਤੇ ਜਵਾਨੀਆਂ ਨਾਲ ‘ਦੇਸ ਪੰਜਾਬ’ ਨੂੰ ਸਵੈ ਮਾਣ, ਗੈਰਤ, ਅਣਖ਼ ਤੇ ਧੌਣ ਸਿੱਧੀ ਕਰਕੇ ਚਲਣ ਦਾ ਵਲ਼ (ਢੰਗ) ਸਮਝਾ ਦਿੱਤਾ।

ਸੰਸਾਰ ਵਿਚ ਇਕ ਪਹਿਲੀ ਮਿਸਾਲ ਮਿਲਦੀ ਹੈ ਕਿ ਜਦੋਂ ਹਿੰਦੂ ਮੱਤ ਦੀ ਹੋਂਦ ਖਤਰੇ ਵਿਚ ਪਈ ਤਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸਿੱਖਾਂ ਨੇ ਆਪਣੀਆਂ ਸ਼ਹਾਦਤਾਂ ਦੇ ਕੇ ਇਹ ਸਾਬਤ ਕੀਤਾ ਕੇ ਹਰ ਇਨਸਾਨ ਨੂੰ ਜਿਉਣ ਦਾ ਹੱਕ ਹੈ। ਧੱਕਾ, ਬੇਇਨਸਾਫ਼ੀ ਤੇ ਸਰਕਾਰੀ ਜ਼ੁਲਮ ਨੂੰ ਬਰਦਾਸ਼ਤ ਨਹੀਂ ਕੀਤਾ ਜਾਏਗਾ। ਜਦ ਕਾਜ਼ੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਕਿਹਾ ਕਿ “ਦੇਖੋ ਤੁਹਾਡੇ ਸਿੱਖਾਂ ਦਾ ਕੀ ਹਾਲ ਕੀਤਾ ਹੈ” ਤਾਂ ਅੱਗੋਂ ਗੁਰਦੇਵ ਪਿਤਾ ਜੀ ਫਰਮਾਉਂਦੇ ਹਨ ਕਿ ਐ “ਕਾਜ਼ੀ ਮੈਨੂੰ ਖ਼ੁਸ਼ੀ ਹੋਈ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਸਕੂਲ ਵਿਚੋਂ ਪੜ੍ਹੇ ਹੋਏ ਵਿਦਿਆਰਥੀ ਅੱਜ ਪੂਰੇ ਨੰਬਰ ਲੈ ਕੇ ਪਾਸ ਹੋਏ ਹਨ”।

ਨਵੇਂ ਸ਼ਹਿਰ ਵਸਾਉਣ ਦੀ ਪ੍ਰਥਾ ਨੂੰ ਕਾਇਮ ਰੱਖਦਿਆਂ ਅਨੰਦਪੁਰ ਸ਼ਹਿਰ ਦੀ ਸਿਰਜਣਾ ਹੋਈ। ਜਿਥੋਂ ਸੱਚ ਦੇ ਫਲਸਫੇ ਨੂੰ ਖਾਲਸੇ ਦੇ ਰੂਪ ਵਿਚ ਸਾਕਾਰ ਕੀਤਾ। ਹਲੇਮੀ ਰਾਜ ਦੇ ਮਹੱਤਵ ਨੂੰ ਦ੍ਰਿੜ ਕਰਾਉਂਦਿਆਂ ਗੁਰੂ ਗੋਬਿੰਦ ਸਿੰਘ ਜੀ ਤੇ ਉਹਨਾਂ ਦੇ ਸਹਿਬਜ਼ਾਦਿਆਂ ਨੇ ਚਮਕੌਰ ਦੀ ਜੂਹ ਵਿਚ ਤੇ ਸਰਹੰਦ ਦੀ ਦੀਵਾਰ ਵਿਖੇ ਆਪਣੀਆਂ ਸ਼ਹਾਦਤਾਂ ਦੇ ਕੇ ਦੁਨੀਆਂ ਦਾ ਇਕ ਨਿਵੇਕਲਾ ਇਤਿਹਾਸ ਸਿਰਜਿਆ ਜਿਹੜਾ ਅੱਖਰਾਂ ਦੀ ਬੰਦਸ਼ ਵਿਚ ਨਹੀਂ ਆਉਂਦਾ।

ਸਿੱਖ ਧਰਮ ਦਾ ਮੁੱਖ ਉਦੇਸ਼, ਜਾਤ ਰਹਿਤ ਅਤੇ ਸ਼੍ਰੇਣੀ ਰਹਿਤ ਸਮਾਜ ਸਥਾਪਿਤ ਕਰਕੇ ਇਕ ਐਸਾ ਪਰਬੰਧ ਮੁਹੱਈਆ ਕਰਨਾ ਸੀ ਜਿੱਥੇ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ, ਇਸ ਕਿਰਤ ਕਮਾਈ ਨੂੰ ਵੰਡ ਕੇ ਛੱਕਣ ਵਾਲੇ ਅਤੇ ਫਿਰ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਕਿਰਤੀ ਲੋਕਾਂ ਦੇ ਅਧਿਕਾਰ ਸੁਰੱਖਿਅਤ ਰਹਿ ਸਕਣ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅੰਤਮ ਸਮੇਂ ਨਦੇੜ ਦੀ ਧਰਤੀ 'ਤੇ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਖਾਲਸੇ ਦਾ ਰਾਜਨੀਤਿਕ ਨੇਤਾ ਚੁਣਿਆ ਸੀ ਤੇ ਨਾਲ ਪੰਜ ਮੈਂਬਰਾਂ ਦੀ ਇਕ ਸਲਾਹਕਾਰ ਕਮੇਟੀ ਸਥਾਪਿਤ ਕੀਤੀ ਸੀ। ਡਾਕਟਰ ਸੁਖਦਿਆਲ ਸਿੰਘ ਜੀ ਦੇ ਕਥਨ ਅਨੁਸਾਰ ਬਾਬਾ ਬੰਦਾ ਸਿੰਘ ਜੀ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਦੀਆਂ ਅੰਤਮ ਰਸਮਾਂ ਉਪਰੰਤ ਹੀ ਪੰਜਾਬ ਦੀ ਧਰਤੀ ਨੂੰ ਚੱਲਿਆ ਸੀ। ਬਾਬਾ ਬੰਦਾ ਸਿੰਘ ਦੀ ਚੋਣ ਸਾਬਤ ਕਰਦੀ ਹੈ ਕਿ ਜੰਗ ਦੇ ਮੈਦਾਨ ਦਾ ਬਾਬਾ ਜੀ ਨੂੰ ਬਹੁਤ ਡੂੰਘਾ ਗਿਆਨ ਸੀ।

ਬਾਬਾ ਬੰਦਾ ਸਿੰਘ ਦਾ ਗੁਰੂ ਸਾਹਿਬ ਜੀ ਨਾਲ ਮਿਲਾਪ ਪਹਿਲਾਂ ਵੀ ਹੋ ਚੁੱਕਿਆ ਸੀ। ਡਾ. ਹਰਜਿੰਦਰ ਸਿੰਘ ਦਿਲਗੀਰ ਲਿਖਦੇ ਹਨ ਕਿ ਫਰਵਰੀ 1675 ਈ. ਨੂੰ ਗੁਰਦੇਵ ਪਿਤਾ ਜੀ ਦੇਹਰਾਦੂਨ, ਰਿਸ਼ੀਕੇਸ਼, ਹਰਿਦੁਆਰ ਤੇ ਕਨਖਲ ਵੱਲ ਗਏ ਸੀ ਤਾਂ ਓਦੋਂ ਮਾਧੋ ਦਾਸ ਬੈਰਾਗੀ ਨਾਲ ਮੁਲਾਕਾਤ ਹੋਈ ਸੀ ਜੋ ਥੋੜੇ ਸਮੇਂ ਲਈ ਸੀ। ਫਿਰ ਬਾਬਾ ਬੰਦਾ ਸਿੰਘ ਬਹਾਦਰ ਦਾ ਨਵਾਂ ਜਨਮ ਹੋਇਆ ਜਦੋਂ ਖੰਡੇ ਦੀ ਪਹੁਲ ਲਈ। ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਜੀ ਨੂੰ ਪੰਜਾਬ ਭੇਜਿਆ। ਇਨ੍ਹਾਂ ਦਿਨਾਂ ਵਿੱਚ ਭਾਈ ਬੰਗੇਸ਼ਰੀ ਦਾ ਟਾਂਡਾ (ਵਪਾਰਿਕ ਕਾਫ਼ਲਾ) ਲੰਘ ਰਿਹਾ ਸੀ। ਇਸ ਕਾਫ਼ਲੇ ਨਾਲ 5 ਅਕਤੂਬਰ 1708 ਨੂੰ ਨਦੇੜ ਤੋਂ ਪੰਜਾਬ ਵਲ ਨੂੰ ਬਾਬਾ ਜੀ ਆਪਣੇ ਸਿੰਘਾਂ ਨੂੰ ਨਾਲ ਲੈ ਕੇ ਚੱਲ ਪਏ।

ਪੰਜ ਸਿੰਘ ਭਾਈ ਬਿਨੋਦ ਸਿੰਘ, ਕਾਹਨ ਸਿੰਘ, ਬਾਜ ਸਿੰਘ, ਰਣ ਸਿੰਘ, ਤੇ ਰਾਮ ਸਿੰਘ ਸਨ। ਗੁਰਦੇਵ ਪਿਤਾ ਜੀ ਨੇ ਇਨ੍ਹਾਂ ਨੂੰ ਨੀਲਾ ਨਿਸ਼ਾਨ ਸਾਹਿਬ, ਇੱਕ ਨਗਾਰਾ ਤੇ ਪੰਜ ਤੀਰ ਵੀ ਦਿੱਤੇ। ਇੱਕ ਚਿੱਠੀ (ਹੁਕਮਨਾਮਾ) ਭਾਵ ਸਿੱਖਾਂ ਦੇ ਨਾਂ ਪੈਗ਼ਾਮ ਵੀ ਭੇਜਿਆ। ਪੰਜਾਬ ਨੂੰ ਅਜ਼ਾਦੀ ਦਿਵਾਉਣ ਲਈ ਤੇ ਖਾਲਸਾ ਰਾਜ ਕਾਇਮ ਕਰਨ ਲਈ ਚਾਰ ਮਹੀਨੇ ਵਿੱਚ 1600 ਕਿਲੋਮੀਟਰ ਦਾ ਪੈਂਡਾ ਤਹਿ ਕਰਕੇ ਬਾਬਾ ਜੀ ਸਾਥੀਆਂ ਸਮੇਤ ਬਾਂਗਰ ਦੇਸ਼ ਦੇ ਪਰਗਨਾ ਖਰਖੌਦਾ ਪਹੁੰਚੇ। ਭਾਵੇਂ ਸਿੱਖ ਫੌਜ ਦੀ ਗਿਣਤੀ ਥੋੜੀ ਸੀ ਫਿਰ ਵੀ ਸੋਨੀਪਤ ਤੇ ਪਹਿਲਾ ਹਮਲਾ ਕਰਕੇ ਉਸ ਨੂੰ ਆਪਣੇ ਕਬਜ਼ੇ ਅਧੀਨ ਕਰ ਲਿਆ। ਕੈਂਥਲ ਵਿਖੇ ਸ਼ਾਹੀ ਖ਼ਜ਼ਾਨਾ ਲੁੱਟਿਆ। ਮਾਲਵੇ ਦੇ ਸਿਰ ਕੱਢ ਯੋਧੇ ਭਾਈ ਰੂਪਾ ਜੀ, ਭਾਈ ਬਹਿਲੋ ਜੀ ਨੇ ਪੂਰਾ ਸਾਥ ਦਿੱਤਾ। ਖਰਖੌਦਾ ਤੋਂ ਛੇ ਕਿਲੋਮੀਟਰ ਦੂਰ ਸੇਹਿਰੀ ਤੇ ਖਾਂਡਾ ਵਿਚਕਾਰਲੇ ਜੰਗਲ ਵਿੱਚ ਉਤਾਰਾ ਕੀਤਾ। ਇਥੋਂ ਹੀ ਬਾਬਾ ਜੀ ਨੇ ਪੰਜਾਬ ਦੇ ਮੁੱਖੀ ਸਿੱਖਾਂ ਨੂੰ ਪੰਜਾਬ ਆਉਣ ਦੀ ਖਬਰ ਦਿੱਤੀ।

ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਾਥੀਆਂ ਨਾਲ ਸਲਾਹ ਕੀਤੀ ਕਿ ਸਰਹੰਦ ਫਤਿਹ ਕਰਨ ਤੋਂ ਪਹਿਲਾਂ ਛੋਟੇ ਸ਼ਹਿਰਾਂ ਤੇ ਕਬਜ਼ੇ ਕਰਨੇ ਜ਼ਰੂਰੀ ਹਨ, ਤਾਂ ਕਿ ਸੂਬਾ ਸਰਹੰਦ ਨੂੰ ਕੋਈ ਮਦਦ ਨਾ ਪਹੁੰਚ ਸਕੇ। ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਨਾਰਨੌਲ, ਭਿਵਾਨੀ, ਹਿਸਾਰ ਨੂੰ ਸਰ ਕੀਤਾ। ਸਮਾਣਾ ਕਿਸੇ ਜ਼ਮਾਨੇ ਵਿੱਚ ਬਾਂਗਰ ਦੇਸ਼ ਦੀ ਰਾਜਧਾਨੀ ਰਿਹਾ ਸੀ। ਇਸ ਦੇ ਨੌਂ ਪਰਗਣੇ ਸਨ। ਸਮਾਣੇ ਦੇ ਫੌਜਦਾਰ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਹੋਣਾ ਕਿ ਮੇਰੇ ਤੇ ਕੋਈ ਹਮਲਾ ਵੀ ਕਰ ਸਕਦਾ ਹੈ। ਸਮਾਣੇ ਵਿੱਚ ਹੀ ਜਲਾਲੁਦੀਨ ਜਲਾਦ ਰਹਿੰਦਾ ਸੀ ਜਿਸ ਨੇ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਸੀ। ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਸ਼ਾਸ਼ਲ ਬੇਗ, ਬਾਸ਼ਲ ਬੇਗ ਵੀ ਇਥੇ ਹੀ ਰਹਿ ਰਹੇ ਸਨ। 26 ਨਵੰਬਰ 1709 ਨੂੰ ਤੜਕਸਾਰ, ਸਮਾਣੇ ਤੇ ਹਮਲਾ ਕੀਤਾ। ਜ਼ਾਲਮਾਂ ਦੀ ਨਿਸ਼ਾਨ ਦੇਹੀ ਕਰਕੇ ਸਭ ਦੀਆਂ ਹਵੇਲੀਆਂ ਤਬਾਹ ਕੀਤੀਆਂ। ਸਮਾਣੇ ਤੇ ਕਬਜ਼ਾ ਕਰਕੇ ਘੜਾਮ ਤੇ ਕਬਜ਼ਾ ਕੀਤਾ। ਘੜਾਮ ਦੀ ਜਿੱਤ ਉਪਰੰਤ ਠਸਕੇ ਨੂੰ ਆਪਣੇ ਅਧੀਨ ਕੀਤਾ। ਥਾਨੇਸਰ, ਸ਼ਾਹਬਾਦ (ਮਾਰਕੰਡਾ), ਮੁਸਤਫ਼ਾਬਾਦ ਕੁੰਜਪੁਰਾ ਜਿੱਤ ਕੇ ਕਪੂਰੀ ਵਲ ਨੂੰ ਮੂੰਹ ਕੀਤਾ।

ਪੁਆਧ ਦੇ ਇਸ ਇਲਾਕੇ ਵਿੱਚ ਕਪੂਰੀ ਸਢੌਰਾ ਤੋਂ 13 ਕੁ ਕਿਲੋਮੀਟਰ ਦੇ ਫਾਸਲੇ ਤੇ ਅਹਿਮ ਨਗਰ ਸੀ। ਇਸ ਸ਼ਹਿਰ ਦਾ ਹਾਕਮ ਅਯਾਸ਼ ਕਿਸਮ ਦਾ ਬੰਦਾ ਸੀ ਜਿਹੜਾ ਹਿੰਦੂਆਂ ਧੀਆਂ ਨੂੰ ਚੁਕ ਕੇ ਲੈ ਜਾਂਦਾ ਸੀ। ਕਪੂਰੀ ਦੇ ਹਿੰਦੂ, ਬਾਬਾ ਜੀ ਨੂੰ ਮਿਲੇ ਤੇ ਸਾਰੀ ਵਿੱਥਿਆ ਸੁਣਾਈ। ਅਗਲੇ ਦਿਨ ਹੀ ਕਪੂਰੀ ਤੇ ਹਮਲਾ ਕਰਕੇ ਆਪਣੇ ਅਧੀਨ ਕਰ ਲਿਆ। ਕਪੂਰੀ ਤੋਂ ਵਿਹਲੇ ਹੁੰਦਿਆਂ ਹੀ ਸਢੌਰੇ ਵਲ ਨੂੰ ਮੂੰਹ ਕੀਤਾ, ਕਿਉਂਕਿ ਇਥੇ ਪੀਰ ਬੁਧੂ ਸ਼ਾਹ ਨੂੰ ਉਸਮਾਨ ਖਾਂ ਨੇ ਸ਼ਹੀਦ ਕੀਤਾ ਸੀ। ਇਥੇ ਬਹੁਤ ਭਿਆਨਕ ਯੁੱਧ ਹੋਇਆ। ਬਾਬਾ ਜੀ ਨੇ ਸਢੌਰੇ ਨੂੰ ਜਿੱਤ ਲਿਆ।

ਸਢੌਰਾ ਜਿੱਤਣ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਮੁਖ਼ਲਿਸਗੜ੍ਹ ਨੂੰ ਫਤਿਹ ਕੀਤਾ। ਇਸ ਦਾ ਨਾਂ ਲੋਹਗੜ੍ਹ ਰੱਖ ਕੇ ਇਸ ਨੂੰ ਖਾਲਸੇ ਦੀ ਰਾਜਧਾਨੀ ਐਲਾਨਿਆ ਗਿਆ। ਖਾਲਸੇ ਦਾ ਅਗਲਾ ਨਿਸ਼ਾਨਾ ਸਰਹੰਦ ਸੀ। ਸਰਹੰਦ 28 ਪਰਗਨਿਆਂ ਦਾ ਵੱਡ ਅਕਾਰੀ ਸੂਬਾ ਸੀ। ਇਸ ਦੀ ਆਮਦਨ 52 ਲੱਖ ਸਲਾਨਾ ਸੀ। ਦਰਿਆ ਸਤਲੁਜ ਤੇ ਯਮਨਾ ਵਿਚਕਾਰਲਾ ਇਲਾਕਾ ਸਰਹੰਦ ਦੀ ਹਕੂਮਤ ਹੇਠ ਸੀ।

ਮਾਝੇ ਤੋਂ ਇੱਕ ਜੱਥਾ ਬਾਬਾ ਜੀ ਦੀ ਫੌਜ ਵਿੱਚ ਸ਼ਾਮਿਲ ਹੋ ਚੁੱਕਾ ਸੀ। ਛੱਤ-ਬਨੂੜ ਨੂੰ ਫਤਹਿ ਕਰਨ ਉਪਰੰਤ ਬਾਬਾ ਜੀ ਦਾ ਅਸਲ ਧਾਵਾ ਸਰਹੰਦ ਹੀ ਸੀ। ਸਿੱਖ ਫੌਜ ਚੱਪੜਚਿੜੀ ਦੇ ਮੈਦਾਨ ਵਿੱਚ ਇਕੱਠੀ ਹੋ ਗਈ। ਇਹ ਜੂਹ ਸਰਹੰਦ ਤੋਂ ਵੀਹ ਕਿਲੋਮੀਟਰ ਦੀ ਦੂਰੀ ਤੇ ਹੈ। ਵਜ਼ੀਰ ਖਾਂ ਦੀ ਸਹਾਇਤਾ ਲਈ ਦਿੱਲੀ ਤੋਂ ਵੀ ਸ਼ਾਹੀ ਫੌਜ ਪਹੁੰਚ ਚੁੱਕੀ ਸੀ।

22 ਮਈ 1710 ਈਸਵੀ ਨੂੰ ਚਪੜ-ਚਿੜੀ ਦੇ ਮੈਦਾਨ ਵਿਚ ਇਕ ਐਸੀ ਲੜਾਈ ਲੜੀ ਗਈ, ਜਿਸ ਵਿਚ ਸਰਹੰਦ ਸੂਬੇ ਨੂੰ ਫਤਹਿ ਕੀਤਾ ਤੇ ਨਾਲ ਹੀ ਦਿੱਲੀ ਸਰਕਾਰ ਦੀਆਂ ਨੀਹਾਂ ਵੀ ਹਿਲਾ ਕੇ ਰੱਖ ਦਿੱਤੀਆਂ। ਸਦੀਆਂ ਤੋਂ ਮਹਿਮੂਦ ਗਜ਼ਨਵੀ ਤੇ ਮੁਹੰਮਦ ਗੌਰੀ ਦੇ ਹਮਲਿਆਂ ਉਪਰੰਤ ਖਾਲਸੇ ਵਲੋਂ ਭਾਰਤ ਵਿਚ ਇਕ ਪਹਿਲੀ ਜਿੱਤ ਸੀ ਜਿਸ ਨਾਲ ਦਿੱਲੀ ਦਰਬਾਰ ਥਰਥਰ ਕੰਬਣ ਲੱਗਿਆ। ਇਸਲਾਮੀ ਰਾਜ ਦੇ ਘੁੱਗ ਵੱਸਦੇ ਕੈਂਥਲ, ਸਮਾਣਾ, ਸਢੌਰਾ, ਘੁੜਾਮ, ਕਪੂਰੀ ਅਤੇ ਬਨੂੜ ਵਰਗੇ ਸ਼ਹਿਰਾਂ ਨੂੰ ਫਤਹਿ ਕੀਤਾ। ਇਹ ਸ਼ਹਿਰ ਫੌਜੀ ਤਾਕਤ ਵਜੋਂ ਬਹੁਤ ਮਜ਼ਬੂਤ ਸਨ। ਮਸੂਮ ਜਿੰਦਾਂ (ਛੋਟੇ ਸਹਿਬਜ਼ਾਦੇ) ਨੂੰ ਦੀਵਾਰਾਂ ਵਿਚ ਚਿਣ ਕੇ ਸ਼ਹੀਦ ਕਰਨਾ, ਮਾਤਾ ਗੁਜਰੀ ਜੀ ਦਾ ਸ਼ਹੀਦ ਹੋਣਾ ਇਸ ਅਨਿਆਏਂ ਦੀ ਅੱਗ ਹਰ ਸਿੱਖ ਦੇ ਸੀਨੇ ਵਿੱਚ ਲਟ ਲਟ ਕਰਦੀ ਬਲ਼ ਰਹੀ ਸੀ। ਅਖੀਰ ਸਮਾਂ ਆ ਗਿਆ ਇਸ ਬੇਇਨਸਾਫ਼ੀ ਦਾ ਬਣਦਾ ਹਿਸਾਬ ਚੁਕਾਉਣ 'ਤੇ ਖਾਲਸਾ ਰਾਜ ਸਥਾਪਿਤ ਕਰਨ ਦਾ। ਬਾਬਾ ਬੰਦਾ ਸਿੰਘ ਬਹਾਦਰ ਸਿੱਖ ਕੌਮ ਦਾ ਉਹ ਨਾਇਕ ਹੈ ਜਿਸ ਨੇ 239 ਸਾਲ ਵਿੱਚ ਸਿਰਜੇ ਗਏ ਸਿਧਾਂਤ ਨੂੰ 22 ਮਈ 1710 ਈਸਵੀ ਨੂੰ ਸਰਹੰਦ ਫਤਹਿ ਕਰਕੇ ਖਾਲਸਾ ਗਣਰਾਜ ਕਾਇਮ ਕਰ ਦਿੱਤਾ।

ਖਾਲਸਾ ਗਣਰਾਜ ਦਾ ਪਹਿਲਾ ਦਰਬਾਰ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਬਾਗ-ਏ-ਹਾਫ਼ਜ਼ੀ ਵਿਖੇ ਲਗਾਇਆ।

**ਸ੍ਰ. ਬਾਜ ਸਿੰਘ ਬੰਗੇਸ਼ਰੀ ਨੂੰ ਸਰਹੰਦ ਦਾ ਸੂਬੇਦਾਰ ਤੇ ਸ੍ਰ. ਆਲੀ ਸਿੰਘ ਸਲੌਦੀ ਵਾਲੇ ਨੂੰ ਨਾਇਬ ਸੂਬੇਦਾਰ ਲਾਇਆ ਗਿਆ। ਨਾਲ ਹੀ ਇਹ ਪਹਿਲਾ ਐਲਾਨ ਇਹ ਕੀਤਾ ਕਿ ਖਾਲਸਾ ਰਾਜ ਸਥਾਪਤ ਹੋ ਗਿਆ ਹੈ ਦਿੱਲੀ ਦੀ ਸਰਕਾਰ ਏਧਰ ਆਉਣ ਦਾ ਯਤਨ ਨਾ ਕਰੇ।**

ਦੂਜਾ ਐਲਾਨ ਇਹ ਕੀਤਾ ਕਿ ਜ਼ਮੀਨ ਸਿਰਫ ਹਲ਼ ਵਾਹਕ ਦੀ ਹੀ ਹੋਏਗੀ। ਭਾਵ ਜਿਹੜਾ ਕਾਸ਼ਤ ਕਰਦਾ ਹੈ ਓਸੇ ਦਾ ਹੀ ਹੱਕ ਹੋਏਗਾ। ਜਗੀਰਦਾਰੀ ਪ੍ਰਥਾ ਦੀਆਂ ਜੜ੍ਹਾਂ ਉਖਾੜ ਕੇ ਰੱਖ ਦਿੱਤੀਆਂ। ਮੁਗਲ ਸਲਤਨਤ ਦੀਆਂ ਸਾਰੀਆਂ ਜ਼ਮੀਨਾ ਕਿਰਤੀਆਂ ਕਿਰਸਾਨਾਂ, ਕਾਮਿਆਂ ਅਤੇ ਮਜ਼ਦੂਰਾਂ ਵਿੱਚ ਵੰਡ ਦਿੱਤੀਆਂ। ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਜੋ ਪਹਿਲੀ ਮੋਹਰ ਤਿਆਰ ਕਰਾਈ ਉਸ ਵਿਚ ਆਪਣਾ ਨਾਂ ਨਹੀਂ ਲਿਖਾਇਆ ਬਲ ਕੇ ਖਾਲਸੇ ਨੂੰ ਵਡਿਆਈ ਦਿੱਤੀ ਗਈ।

**ਜ਼ਰਬ ਬ ਅਮਾਨ ਦਹਿਰ ਮੁਸੱਵਰਤ ਸ਼ਹਿਰ।**

**ਜ਼ੀਨਤ-ਅਲ-ਤਖਤ-ਖਾਲਸਾ ਮੁਬਾਰਖ਼ ਵਖ਼ਤ।**

**ਅਰਥ—**ਸ਼ਾਤੀ ਦੇ ਅਸਥਾਨ ਤੋਂ ਅਤੇ ਖ਼ੂਬਸੂਰਤ ਸ਼ਹਿਰ ਚੋਂ, ਖਾਲਸੇ ਦੀ ਬਹੁਤ ਉੱਚੀ ਸ਼ਾਨ ਵਾਲੇ ਤੱਖਤ ਤੋਂ ਭਾਗਾਂ ਭਰੇ ਸਮੇਂ ਜਾਰੀ ਕੀਤਾ ਗਿਆ।

ਇਕ ਹੋਰ ਮੋਹਰ ਦੀ ਇਬਾਰਤ ਇਸ ਤਰ੍ਹਾਂ ਲਿਖੀ ਹੋਈ ਮਿਲਦੀ ਹੈ—

**ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗਿ ਨਾਨਕ ਵਾਹਿਦ।**

**ਫਤਹ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜ਼ਲਿ ਸੱਚਾ ਸਾਹਿਬ ਅਸਤ।**

**ਅਰਥ—**ਗੁਰੂ ਨਾਨਕ ਅਤੇ ਸ਼ਾਹਾਂ ਦੇ ਸ਼ਹਿਨਸ਼ਾਹ, ਅਤੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ੀ ਹੋਈ ਤੇਗ ਦੀ ਤਾਕਤ ਨਾਲ ਦੋਵੇਂ ਜਹਾਨਾਂ ਵਿਚ ਇਹ ਸਿੱਕਾ ਜਾਰੀ ਕੀਤਾ।

ਓਸੇ ਤਰ੍ਹਾਂ ਇਕ ਹੋਰ ਸਿੱਕੇ ਦੀ ਇਬਾਰਤ ਇਸ ਤਰ੍ਹਾਂ ਲਿਖੀ ਮਿਲਦੀ ਹੈ—

**ਦੇਗੋ ਤੇਗ਼ੋ ਫ਼ਤਹਿ ਓ ਨੁਸਰਤ ਬੇਦਰੰਗ।**

**ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।**

**ਅਰਥ—**ਦੇਗ ਦੇ ਅਮੁੱਕ ਲੰਗਰ ਅਤੇ ਤੇਗ ਨਾਲ ਦੁਸ਼ਮਣਾ ਉਪਰ ਫਤਹਿ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੀ ਮਿਹਰ ਨਾਲ ਹੀ ਪ੍ਰਾਪਤ ਹੋਈ ਹੈ।

ਬਾਬਾ ਬੰਦਾ ਸਿੰਘ ਜੀ ਨੇ ਖਾਲਸਾ ਰਾਜ ਦੀ ਨੀਤੀ ਅਨੁਸਾਰ ਸਰਦਾਰ ਕਉਰ ਸਿੰਘ, ਸਰਦਾਰ ਬਾਜ ਸਿੰਘ ਅਤੇ ਸਰਦਾਰ ਭਗਵੰਤ ਸਿੰਘ ਬੰਗੇਸਰੀ ਨੂੰ ਸਾਰਾ ਰਾਜ ਪ੍ਰਬੰਧ ਸੰਭਾਲ਼ ਕੇ ਖਾਲਸਾ ਰਾਜ ਨੂੰ ਅੱਗੇ ਵਧਾਉਣਾ ਸ਼ੁਰੂ ਕੀਤਾ। 1716 ਈਸਵੀ ਤੱਕ ਚਾਰ ਚੁਫੇਰੇ ਬਾਬਾ ਬੰਦਾ ਸਿੰਘ ਬਹਾਦਰ ਜੀ ਜਿੱਤਾਂ ਜਿੱਤਦੇ ਗਏ।

ਬਾਬਾ ਬੰਦਾ ਸਿੰਘ ਬਹਾਦਰ ਨੇ ਲੋਹਗੜ੍ਹ ਤੇ ਗੁਰਦਾਸ ਨੰਗਲ਼ ਦੇ ਕਿਲ੍ਹਿਆਂ ਨੂੰ ਕੇਂਦਰੀ ਰਾਜਧਾਨੀਆਂ ਵਜੋਂ ਸਥਾਪਿਤ ਕੀਤਾ। ਬੰਦਾ ਸਿੰਘ ਜੀ ਦੀ ਵੱਧਦੀ ਰਾਜਸੀ ਸ਼ਕਤੀ ਤੋਂ ਜਿੱਥੇ ਸੂਬਾ ਸਰਕਾਰਾਂ ਔਖੀਆਂ ਸਨ ਓਥੇ ਭਾਰਤ ਦੀ ਕੇਂਦਰੀ ਸਰਕਾਰ ਦੇ ਨੱਕ ਵਿਚ ਵੀ ਦਮ ਆਇਆ ਹੋਇਆ ਸੀ। ਦਿੱਲੀ ਦਰਬਾਰ ਵਲੋਂ ਸਖਤ ਹਦਾਇਤਾਂ ਆ ਰਹੀਆਂ ਸਨ ਕਿ ਗੁਰਦਾਸ ਨੰਗਲ਼ ਦੀ ਘੇਰਾ ਬੰਦੀ ਕਰਕੇ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਏ। ਗੁਰਦਾਸ ਨੰਗਲ਼ ਦੇ ਕਿਲ੍ਹੇ ਦੀ ਸਖਤ ਘੇਰਾ ਬੰਦੀ ਕੀਤੀ ਗਈ। ਸਿੰਘਾਂ ਕੋਲੋਂ ਰਸਦ ਪਾਣੀ ਅਤੇ ਬਰੂਦ ਆਦਿ ਸਾਰਾ ਮੁੱਕ ਗਿਆ ਸੀ। ਕਿਲ੍ਹੇ ਦੇ ਅੰਦਰੋਂ ਬਾਬਾ ਬੰਦਾ ਸਿੰਘ ਜੀ ਬਹਾਦਰ, ਉਸ ਦਾ ਪ੍ਰਵਾਰ ਅਤੇ 780 ਸਿੰਘਾਂ ਨੂੰ ਗਿਫ਼ਤਾਰ ਕੀਤਾ ਗਿਆ। ਇਹ ਵਾਕਿਆ 17 ਦਸੰਬਰ 1715 ਦਾ ਸੀ। ਸੰਗਲ਼ਾਂ ਨਾਲ ਨੂੜ ਕੇ ਜਲੂਸ ਦੀ ਸ਼ਕਲ ਵਿੱਚ ਦਿੱਲੀ ਲਿਜਾ ਕੇ ਹਰ ਰੋਜ਼ 100 ਬੰਦੇ ਨੂੰ ਸ਼ਹੀਦ ਕੀਤਾ ਜਾਂਦਾ ਰਿਹਾ, ਇਹਨਾਂ ਵਿਚੋਂ ਹਰੇਕ ਸਿੱਖ ਨੇ ਹੱਸਦਿਆਂ ਹੋਇਆਂ ਸ਼ਹੀਦੀਆਂ ਦਿੱਤੀਆਂ। ਬਾਬਾ ਬੰਦਾ ਸਿੰਘ ਦੇ ਸਾਥੀਆਂ ਭਾਈ ਬਾਜ਼ ਸਿੰਘ, ਭਾਈ ਆਲੀ ਸਿੰਘ, ਭਾਈ ਮਾਲੀ ਸਿੰਘ, ਭਾਈ ਫਤਹਿ ਸਿੰਘ, ਭਾਈ ਗੁਲਾਬ ਸਿੰਘ ਆਦਿ ਨੂੰ ਤਸੀਹੇ ਦੇ ਕੇ ਤੜਪਾ ਤੜਪਾ ਕੇ ਸ਼ਹੀਦ ਕੀਤਾ ਗਿਆ। ਇਹਨਾਂ ਦੇ ਦ੍ਰਿੜ ਇਰਾਦਿਆਂ ਨੂੰ ਸਰਕਾਰ ਝੁਕਾ ਨਾ ਸਕੀ।

ਮੁਗਲ ਦਰਬਾਰ ਵਲੋਂ ਬਾਬਾ ਜੀ ਨੂੰ ਕਿਹਾ ਗਿਆ ਕਿ ਆਪਣਾ ਬੱਚਾ ਆਪਣੇ ਹੱਥੀਂ ਸ਼ਹੀਦ ਕਰੋ ਬਾਬਾ ਜੀ ਨੇ ਕਿਹਾ ਮੈਂ ਆਪਣਾ ਬੱਚਾ ਨਹੀਂ ਜੇ ਤੁਹਾਡਾ ਬੱਚਾ ਵੀ ਹੋਏਗਾ ਮੈਂ ਉਸ ਨੂੰ ਵੀ ਮਾਰਨ ਲਈ ਤਿਆਰ ਨਹੀਂ ਹਾਂ ਕਿ ਕਿਉਂ ਕਿ ਬੱਚੇ ਸਭ ਦੇ ਸਾਂਝੇ ਹੁੰਦੇ ਹਨ। ਜ਼ਾਲਮ ਸਰਕਾਰ ਜ਼ੁਲਮ ਦੀ ਅੱਤ ਕਰਦਿਆਂ ਹੋਇਆਂ ਬਾਬਾ ਬੰਦਾ ਸਿੰਘ ਬਹਾਦਰ ਦੇ ਬੇਟੇ ਨੂੰ ਜ਼ਿਬਾ ਕਰਕੇ ਉਸ ਦਾ ਦਿੱਲ ਕੱਢ ਕੇ ਬਾਬਾ ਜੀ ਦੇ ਮੂੰਹ ਵਿਚ ਤੁੰਨਿਆ ਗਿਆ ਪਰ ਬਾਬਾ ਜੀ ਨੇ ਸੀ ਤੱਕ ਨਾ ਉਚਾਰੀ। ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਤਾਂ ਬਾਬਾ ਜੀ ਨੇ ਦ੍ਰਿੜਤਾ ਨਾਲ ਸ਼ਹਾਦਤ ਦਾ ਰਸਤਾ ਚੁਣਿਆ। ਬਾਬਾ ਜੀ ਹਾਜ਼ਰ ਜੁਆਬੀ ਸੁਣ ਕੇ ਕਾਜ਼ੀ ਨੇ ਜ਼ਬਾਨ ਕੱਟਣ ਲਈ ਕਿਹਾ। ਗੁੱਸਾ ਅੱਖਾਂ ਰਾਂਹੀ ਪ੍ਰਗਟ ਹੋਇਆ ਜ਼ਾਲਮਾਂ ਨੇ ਅੱਖਾਂ ਕੱਢ ਦਿੱਤੀਆਂ। ਜ਼ੁਲਮ ਦੀ ਇੰਤਾਹ ਕਰਦਿਆਂ ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਸਾਰੇ ਜਿਸਮ ਨੂੰ ਜਮੂੰਰਾਂ ਨਾਲ ਨੋਚ ਨੋਚ ਕੇ ਉਧੇੜ ਦਿੱਤਾ।

ਬਾਬਾ ਬੰਦਾ ਸਿੰਘ ਜੀ ਬਹਾਦਰ ਸਿੱਖ ਕੌਮ ਦਾ ਉਹ ਸੂਰਬੀਰ ਯੋਧਾ ਹੋਇਆ ਹੈ ਜਿਸ ਨੇ ਆਪਣੀ ਤੇ ਆਪਣੇ ਪਰਵਾਰ ਦੀ ਸ਼ਹੀਦੀ ਦੇ ਕੇ ਹਲੇਮੀ ਰਾਜ ਨੂੰ ਸਥਾਪਿਤ ਕੀਤਾ। ਅੱਜ ਚੁਰਾਹਿਆਂ ਵਿਚ ਨਾਮ ਧਰੀਕ ਸਾਧਾਂ ਦੀਆਂ ਬਰਸੀਆਂ ਦੇ ਬੋਰਡ ਤਾਂ ਮਿਲ ਜਾਣਗੇ। ਅੱਜ ਗੁਰਦੁਆਰਿਆਂ ਵਿਚ ਮਰ ਚੁੱਕੇ ਸਾਧਾਂ ਦੀਆਂ ਬਰਸੀਆਂ ਵੀ ਬੜੀ ਧੂਮ-ਧਾਮ ਨਾਲ ਮਨਾਈਆਂ ਤਾਂ ਜਾ ਰਹੀਆਂ ਹਨ ਪਰ ਐਸੇ ਸੂਰਬੀਰ ਯੋਧੇ ਕੌਮੀ ਸ਼ਹੀਦ ਨੂੰ ਯਾਦ ਕਰਨ ਲਈ ਸਾਡੇ ਕੋਲ ਸਮਾਂ ਹੀ ਨਹੀਂ ਬਚਿਆ ਲੱਗਦਾ। ਸ਼ਹੀਦਾਂ ਨੂੰ ਭਲਾਉਣ ਵਾਲੀਆਂ ਕੌਮਾਂ ਆਪਣੀ ਬਰਬਾਦੀ ਆਪ ਕਰ ਲੈਂਦੀਆਂ ਹਨ।

ਯਾਦ ਰਹੇ ਭਾਵੇਂ ਬਾਬਾ ਬੰਦਾ ਸਿੰਘ ਬਹਾਦਰ ਨਾਲ ਬਹੁਤਾਤ ਲਿਖਤਾਂ ਨੇ ਭੰਬਲਭੂਸੇ ਤੇ ਸਰਕਾਰੀ ਪ੍ਰਚਾਰ ਦੇ ਪ੍ਰਾਪੇਗੰਡੇ ਤਹਿਤ ਕਈ ਦੋਸ਼ ਲਾਏ ਗਏ।



ਪਰ ਉਸ ਮਹਾਨ ਗੁਰਸਿਖ, ਜੁਝਾਰੂ ਯੋਧੇ, ਕਲਗੀਧਰ ਜੀ ਦੇ ਵਰੋਸਾਏ, ਸੰਘਰਸ਼ਸ਼ੀਲ ਆਗੂ ਅਤੇ ਸ਼ਹਾਦਤ ਦੇ ਰੰਗ 'ਚ ਰੰਗੇ ਕੌਮੀ ਜਰਨੈਲ ਦੀ ਆਭਾ ਸਾਹਮਣੇਂ ਕੋਈ ਦੋਸ਼ ਨਾ ਟਿਕ ਸਕਿਆ। ਬਾਬਾ ਜੀ ਦੀ ਕਿਰਦਾਰਕੁਸ਼ੀ ਦੀਆਂ ਸਾਜ਼ਿਸ਼ਾਂ ਰੇਤ ਦੀ ਕੰਧ ਵਾਂਗ ਡਿਗ ਪਈਆਂ ਹਨ। ਸਿਖ ਕੌਮ ਦਾ ਫਰਜ਼ ਬਣਦਾ ਹੈ ਕਿ ਐਸੀ ਮਹਾਨ ਸ਼ਖਸ਼ੀਅਤ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦ ਨੂੰ ਦਿਲਾਂ ਚ ਤਾਜ਼ਾ ਰੱਖਣ, ਉਸਦਾ ਕੌਮੀ ਤੌਰ ਤੇ ਦਿਨ ਮਨਾਉਣ, ਅਤੇ ਉਸਦੇ ਮਹਾਨ ਜੀਵਨ ਦੀਆਂ ਬਾਤਾਂ ਨੂੰ ਚੇਤਿਆਂ ਚ ਵਸਾ ਲੈਣ। ਅਜਿਹੀ ਲਾ ਮਿਸਾਲ ਸ਼ਖਸੀਅਤ ਨੇ ਸਿਖ ਕੌਮ ਦੇ ਇਤਿਹਾਸ ਨੂੰ ਚਾਰ ਚੰਨ ਲਾਏ ਹਨ ਤੇ ਅਗਾਂਹ ਆਉਣ ਵਾਲੀਆਂ ਨਸਲਾਂ ਨੂੰ ਵੀ ਸਦੀਵੀਂ ਰੌਸ਼ਨੀ ਅਜਿਹੇ ਕੌਮੀ ਗੁਰਸਿੱਖ ਜਰਨੈਲਾਂ ਤੋਂ ਹੀ ਪ੍ਰਾਪਤ ਹੋਣੀ ਹੈ।

-0-

# ਪਾਠਕਾਂ ਦੇ ਸਵਾਲਾਂ ਦੇ ਜਵਾਬ

**1. ਸਵਾਲ—ਕੀ ਮੰਤ੍ਰਾਂ ਦੀ ਸਿੱਧੀ ਵਾਸਤੇ ਕੋਈ ਖਾਸ ਉਪਾਓ ਹਨ?**

**ਜਵਾਬ**—ਗੁਰਮਤਿ ਵਿਚ ਮੰਤ੍ਰਾਂ ਦੁਆਰਾ ਕੋਈ ਸਿਧੀ ਹਾਸਲ ਨਹੀਂ ਹੁੰਦੀ। ਇਸ ਸਬੰਧੀ ਬਾਬਾ ਕਬੀਰ ਸਾਹਿਬ ਜੀ ਦਾ ਬੜਾ ਪਿਆਰਾ ਵਾਕ ਹੈ—

**ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ॥**
**ਸਰਪਨਿ ਹੋਇ ਕੈ ਅਉਤਰੈ ਜਾਏ ਆਪੁਨੇ ਖਾਇ॥ (1370)**

ਹੇ ਕਬੀਰ! ਪਰਮਾਤਮਾ ਦੇ ਸਿਮਰਨ ਤੋਂ ਵਾਂਜੀ ਰਹਿਣ ਕਰਕੇ ਹੀ,(ਕੋਈ ਔਤਰੀ ਜਾਹਲ ਜ਼ਨਾਨੀ) ਰਾਤ ਨੂੰ ਮਸਾਣ ਜਗਾਣ ਲਈ (ਮਸਾਣ-ਭੂਮੀ ਵਿਚ) ਜਾਂਦੀ ਹੈ। (ਪਰ ਮੰਦੇ ਕੰਮਾਂ ਤੋਂ ਸੁਖ ਕਿੱਥੇ? ਅਜੇਹੀ ਤ੍ਰੀਮਤ ਮਨੁੱਖਾ ਜਨਮ ਹੱਥੋਂ ਗਵਾਣ ਪਿਛੋਂ) ਸੱਪਣੀ ਬਣ ਕੇ ਜੰਮਦੀ ਹੈ, ਤੇ ਆਪਣੇ ਹੀ ਬੱਚੇ ਖਾਂਦੀ ਹੈ।

**2. ਸਵਾਲ—ਮਸਾਣ ਕੀ ਹੁੰਦਾ ਹੈ?**

**ਜਵਾਬ**—ਮੰਤ੍ਰਾਂ ਦੀ ਸਿਧੀ ਵਾਸਤੇ ਰਾਤਰੀ ਜਾਗਰਣ, ਅਥਵਾ ਮਸਾਣ ਜਗਾਉਣ (ਸ਼ਮਸ਼ਾਨ ਘਾਟ) ਜਾ ਕੇ ਤਾਂਤਿਰਕਾਂ ਵਲੋਂ ਦੱਸੇ ਵਿਧੀ-ਵਿਧਾਨ ਦੁਆਰਾ ਮੰਤ੍ਰਾਂ ਦੇ ਜਾਪ ਕਰਨ ਨੂੰ ਮਸਾਣ ਜਗਾਉਣਾ ਆਖਦੇ ਹਨ। ਤਾਂਤ੍ਰਿਕ ਸਮਝਦੇ ਹਨ ਕਿ ਕਿ ਅਸਥੀਆਂ (ਫੁੱਲ) ਚੁਗਣ ਤੋਂ ਪਹਿਲਾਂ ਮੁਰਦੇ ਦੀ ਚਿਤਾ ਉੱਤੇ ਮੰਤ੍ਰ ਜਪਿਆ ਜਾਵੇ, ਤਦ ਪ੍ਰੇਤ ਵਸਿ ਹੋ ਜਾਂਦਾ ਹੈ ਤੇ ਉਹ ਸਾਡੇ ਸਾਰੇ ਕਾਰਜ ਰਾਸ ਕਰ ਦਿੰਦਾ ਹੈ। ਇਹ ਸਾਰਾ ਗਪੌੜ ਹੀ ਹੈ ਏਦਾਂ ਕਰਨ ਨਾਲ ਕੁਝ ਵੀ ਪਰਾਪਤ ਨਹੀਂ ਹੰਦਾ। ਗੁਰਬਾਣੀ ਅਜਿਹੀਆਂ ਫੋਕਟ ਦੀਆਂ ਵਿਧੀਆਂ ਨੂੰ ਰੱਦ ਕਰਦੀ ਹੈ।

**3. ਸਵਾਲ—ਸੰਪੁਟ-ਪਾਠ, ਅਨੁਲੋਮ-ਵਿਲੋਮ ਕੀ ਹੁੰਦਾ ਹੈ?**

**ਜਵਾਬ**—ਸੰਪੁਟ—ਕਿਸੇ ਇਕ ਮੰਤ੍ਰ ਨੂੰ ਦੂਜੇ ਮੰਤ੍ਰ ਦੇ ਆਦਿ ਅੰਤ ਦੇ ਕੇ ਜਪਣਾ, ਜਿਵੇਂ—ਓਅੰ-ਰਾਮ-ਓਅੰ । ਅਨੁਲੋਮ—ਸਿੱਧਾ ਮੰਤ੍ਰ ਪੜ੍ਹਨਾ ਜਿਸ ਤਰ੍ਹਾਂ—ਓਅੰ ਨਮ: ਭਗਵਤੇ ਵਾਸੁ ਦੇਵਾਯ। ਵਿਲੋਮ—ਉਲਟੇ ਕ੍ਰਮ ਨਾਲ ਜਪ ਕਰਨਾ, ਜਿਸ ਤਰ੍ਹਾਂ—ਵਾਸੁ ਦੇਵਾਯ ਭਗਵਤੇ ਨਮ: ਓਅੰ।

ਕਈ ਅਗਿਆਨੀ ਭਾਈਆਂ ਨੇ ਵੀ ਇਨ੍ਹਾਂ ਜਪਾਂ ਦੀ ਨਕਲ ਸ਼ਰਧਾ ਪੂਰਕ ਗ੍ਰੰਥ ਵਿੱਚ ਕੀਤੀ ਹੈ, ਅਤੇ ਸੰਕਟ ਮੋਚਨ ਵਰਗੀਆਂ ਪੋਥੀਆਂ ਲਿਖ ਕੇ ਆਪਣੀ ਅਲਪ ਬੁੱਧੀ ਦਾ ਪ੍ਰਗਟਾਵਾ ਕੀਤਾ ਹੈ ਜੋ ਨਿੰਦਣ ਯੋਗ ਹੈ। ਇਸ ਸਬੰਧੀ ਗੁਰਬਾਣੀ ਵਾਕ ਹੈ—

**ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ॥**
**ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ॥**

**(1208)**

ਹੇ ਭਾਈ! ਮਹਾਂ ਪੁਰਖਾਂ ਦੀ ਬਾਣੀ, ਮਹਾਂ ਪੁਰਖਾਂ ਦਾ ਉਪਦੇਸ਼ ਹੀ ਮਨ ਦਾ ਮਾਣ ਦੂਰ ਕਰਨ ਲਈ ਸਮਰਥ ਹੈ। ਹੇ ਨਾਨਕ! (ਆਖ- ਹੇ ਭਾਈ!) ਆਤਮਕ ਸ਼ਾਂਤੀ ਵਾਸਤੇ ਪਰਮਾਤਮਾ ਦਾ ਨਾਮ ਹੀ ਸੁਖਾਂ ਦਾ ਥਾਂ ਹੈ (ਇਹ ਥਾਂ ਸਾਧ ਸੰਗਤਿ ਵਿਚ) ਖੋਜ ਕੀਤਿਆਂ ਲੱਭਦੀ ਹੈ।

**4. ਸਵਾਲ—ਤਵੀਤ (ਤਵੀਜ਼) ਤੋਂ ਕੀ ਭਾਵ ਹੈ?**

**ਜਵਾਬ**—ਤਵੀਜ ਜਾਂ ਤਵਤਿ ਦਾ ਅਰਥ ਹੈ ਪਨਾਹ ਲੈਣਾ, ਕਿਸੇ ਧਾਤ ਵਸਤੂ ਆਦਿ ਵਿਚ ਲਪੇਟ ਕੇ ਅੰਗਾਂ ਨਾਲ ਬੱਧਾ ਜੰਤ੍ਰ ਮੰਤ੍ਰ, ਜਿਸ ਤੋਂ ਲੋਕ ਖ਼ਿਆਲ ਕਰਦੇ ਹਨ ਕਿ ਕਲੇਸ਼ ਤੋਂ ਬਚਣ ਲਈ ਪਨਾਹ ਮਿਲਦੀ ਹੈ। ਇਹ ਸਾਰੇ ਖ਼ਿਆਲ ਭਰਮੀ ਲੋਕਾਂ ਦੇ ਹਨ ਤੇ ਉਹ ਸਮਝਦੇ ਹਨ ਕਿ ਤਵੀਤ (ਤਵੀਜ) ਨੂੰ ਡੌਲ਼ਿਆਂ ਤੇ ਬੰਨਣ ਨਾਲ ਸਾਡੀ ਰੱਖਿਆ ਹੁੰਦੀ ਹੈ। ਗੁਰਮਤਿ ਅਜੇਹੇ ਕਰਮਾਂ ਨੂੰ ਨਹੀਂ ਮੰਨਦੀ।

ਇਸ ਸਬੰਧੀ ਭਾਈ ਕਾਨ੍ਹ ਸਿੰਘ ਜੀ ਨਾਭਾ ਗੁਰਮਤਿ ਮਾਰਤੰਡ ਦੇ ਪੰਨਾ 792 'ਤੇ ਲਿਖਦੇ ਹਨ—

ਮੰਤ੍ਰ ਜਾਪਕਾਂ ਨੇ ਕਈ ਖ਼ਾਸ ਮੰਤ੍ਰ 'ਕਵਚ' ਕਲਪਨਾ ਕੀਤੇ ਹਨ। ਉਨ੍ਹਾਂ ਦਾ ਨਿਸਚਾ ਹੈ ਕਿ ਜਿਸ ਤਰ੍ਹਾਂ ਸੰਜੋ (ਜ਼ਿਰਹਾ) ਸ਼ਸਤ੍ਰਾਂ ਤੋਂ ਸਰੀਰ ਦੀ ਰੱਖਿਆ ਕਰਦਾ ਹੈ ਇਸੇ ਤਰ੍ਹਾਂ ਤਵੀਤ ਸਰੀਰ ਦੇ ਨਾਲ ਰੱਖਣ ਨਾਲ ਸਾਡੀ ਦੇਹ ਬਖ਼ਤਰ ਹੋ ਜਾਂਦੀ ਹੈ। ਗੁਰੂ ਸਾਹਿਬ ਜੀ ਇਸ ਸਬੰਧੀ ਉਪਦੇਸ਼ ਦਿੰਦੇ ਹਨ—

**ਰਾਮ ਕਵਚੁ ਦਾਸ ਕਾ ਸੰਨਾਹੁ॥ ਦੂਤ ਦੁਸਟ ਤਿਸੁ ਪੋਹਤ ਨਾਹਿ॥**

**(868)**

**5. ਸਵਾਲ—ਕੀ ਅੰਗ ਫਰਕਣ ਨਾਲ ਕੋਈ ਨੁਕਸਾਨ ਹੋ ਸਕਦਾ ਹੈ?**

**ਜਵਾਬ**—ਮਨੁੱਖੀ ਸਰੀਰ ਦੇ ਅੰਗ ਫਰਕਣ ਨਾਲ ਕੋਈ ਨੁਕਸਾਨ ਨਹੀਂ ਹੁੰਦਾ। ਭਾਈ ਕਾਨ੍ਹ ਸਿੰਘ ਨਾਭਾ ਮਿਹਾਨ ਕੋਸ਼ ਵਿਚ ਲਿਖਦੇ ਹਨ ਕਿ ਸਰਰਿ ਦੇ ਅੰਗਾਂ ਦਾ ਪੱਠਿਆਂ ਦੀ ਹਰਕਤ ਅਨੁਸਾਰ ਥਰਕਣਾ, ਹਿੰਦੂ ਮਤ ਵਿੱਚ ਅੰਗ ਫਰਕਣ ਤੋਂ ਕੀ ਸ਼ੁਭ-ਅਸ਼ੁਭ ਫਲ ਮੰਨੇ ਹਨ। ਗੁਰਮਤਿ ਵਿਚ ਇਸ ਨਿਸਚੇ ਦਾ ਖੰਡਨ ਹੈ। ਭਾਈ ਗੁਰਦਾਸ ਜੀ ਇਸ ਸਬੰਧੀ ਵਾਰ ਨੰਬਰ 40 ਪਉੜੀ ਨੰਬਰ 6 'ਤੇ ਲਿਖਦੇ ਹਨ—

**ਦੇਵੀ ਦੇਵ ਨ ਸੇਵਕਾਂ ਤੰਤ ਨ ਮੰਤ ਨ ਫੂਰਨ ਵਿਚਾਰੇ॥**

(ਪਉੜੀ 6, ਵਾਰ 40ਵੀਂ)

**6. ਸਵਾਲ—ਕਈ ਲੋਕ ਬਿਮਾਰ ਦੇ ਸਿਰ ਤੋਂ ਕੁਝ ਵਾਰ ਦਾਨ ਪੁੰਨ ਕਰਦੇ ਹਨ ਕੀ ਇਹ ਸਹੀ ਹੈ?**

**ਜਵਾਬ**—ਨਹੀਂ ਜੀ ਇਹ ਸਹੀ ਨਹੀਂ ਹੈ। ਤਾਂਤਰਿਕਾਂ ਦੇ ਪ੍ਰਭਾਵ ਨਾਲ ਕਈ ਅਜੇਹਾ ਕੁਝ ਕਰਦੇ ਹਨ ਜਿਸ ਤਰ੍ਹਾਂ ਅੰਨ, ਵਸਤ੍ਰ, ਨਕਦੀ ਅਤੇ ਮੁਰਗਾ, ਬੱਕਰਾ ਆਦਿ ਜੀਵ ਕਿਸੇ ਰੋਗੀ ਅਥਵਾ ਬਿਪਤਾ ਗ੍ਰਸਿਤ ਦੇ ਸਿਰ ਉਪਰੋਂ ਵਾਰ ਕੇ ਕਿਸੇ ਨੂੰ ਦਾਨ ਕਰਨਾ ਜਾਂ ਕਿਸੇ ਖਾਸ ਥਾਂ ਰੱਖਣਾ ਉਤਾਰਾ ਆਖੀਦਾ ਹੈ।

**7. ਸਵਾਲ—ਹੱਥ ਹੌਲਾ ਕਰਨ ਤੋਂ ਕੀ ਭਾਵ ਹੈ?**

**ਜਵਾਬ**—-ਅਸਲ ਵਿਚ ਗਰੀਬੀ ਹੋਣ ਕਰਕੇ ਕਈ ਲੋਕ ਮਹਿੰਗਾ ਇਲਾਜ ਨਹੀਂ ਕਰਾ ਸਕਦੇ। ਅਜੇਹੇ ਲੋਕ ਕੋਈ ਓੜ ਪੋੜ ਕਰਦੇ ਰਹਿੰਦੇ ਹਨ ਜਿਸ ਨਾਲ ਉਹ ਸਮਝਦੇ ਹਨ ਕਿ ਸ਼ਾਇਦ ਕਿਸੇ ਗੈਬੀ ਸ਼ਕਤੀ ਨੂੰ ਖੁਸ਼ ਕਰਨ ਨਾਲ ਸਾਡੇ ਰੋਗ ਨਿਵਰਤ ਹੋ ਜਾਣਗੇ। ਪਿੰਡਾਂ ਦੀ ਗੱਲ ਛੱਡੋ ਸ਼ਹਿਰਾਂ ਵਿਚ ਵੀ ਅਜੇਹੇ ਲੋਕ ਮਿਲ ਜਾਂਦੇ ਹਨ ਜਿਹੜੇ ਤਾਂਤਰਿਕਾਂ ਕੋਲੋਂ ਹੱਥ ਹੌਲ਼ਾ ਕਰਾਉਂਦੇ ਦੇਖੇ ਜਾਂਦੇ ਹਨ। ਇਹ ਤਾਂਤਰਿਕ ਮੋਰ ਦੇ ਖੰਭ, ਕਿਸੇ ਦਰੱਖਤ ਦੀ ਟਹਿਣੀ ਰੋਗੀ ਦੇ ਸਿਰ ਉੱਤੇ ਫੇਰਦੇ ਹਨ ਤੇ ਮੂੰਹ ਵਿਚ ਮਨ ਘੜਤ ਜੇਹੇ, ਮੰਤ੍ਰ ਪੜ੍ਹਦੇ ਹਨ। ਇਸ ਪ੍ਰਕਿਰਿਆ ਨੂੰ ਹੱਥ ਹੌਲ਼ਾ ਕਰਨਾ ਕਹਿਆ ਜਾਂਦਾ ਹੈ।

**8. ਸਵਾਲ—ਝਾੜਾ ਜਾਂ ਫੂਕਾ ਕਿਸ ਨੂੰ ਕਹਿੰਦੇ ਹਨ?**

**ਜਵਾਬ**—ਜਦੋਂ ਮਰੀਜ਼ ਛੇਤੀ ਠੀਕ ਹੁੰਦਾ ਨਜ਼ਰ ਨਾ ਆਵੇ ਤਾਂ ਆਮ ਲੋਕ ਸਲਾਹਾਂ ਦੇਂਦੇ ਹਨ ਕਿ ਇਸ ਦਾ ਝਾੜਾ-ਫੂਕਾ ਕਰਾ ਲਓ, ਅਗਾਂਹ ਏਦਾਂ ਦੇ ਤਾਂਤਰਿਕ ਵੀ ਮਿਲ ਜਾਂਦੇ ਹਨ ਜਿਹੜੇ ਲੋਹੇ ਦੀ ਸੀਖ ਜਾਂ ਕਿਸੇ ਖ਼ਾਸ ਕਿਸਮ ਦੀ ਲਕੜੀ ਮੰਤ੍ਰ ਪੜ੍ਹ ਕੇ ਬੀਮਾਰ ਤੇ ਫੇਰ ਕੇ ਫੂਕਾਂ ਮਾਰਣੀਆਂ ਝਾੜਾ ਫੂਕਾ ਹੈ। ਅਜੇਹ ਨਖਿਧ ਕਰਮ ਗੁਰਮਤਿ ਅਨੁਸਾਰੀ ਨਹੀਂ ਹਨ। ਕਈ ਤਾਂਤਰਿਕ ਪਾਣੀ ਨੂੰ ਆਪਣੇ ਕੋਲ ਰੱਖ ਕੇ ਮੰਤ੍ਰ ਪੜ੍ਹਦੇ ਤੇ ਫੂਕਾਂ ਮਾਰ ਕੇ ਬਿਮਾਰ ਆਦਮੀ ਨੂੰ ਪਿਲਾਉਂਦੇ ਹਨ ਜੋ ਕਿ ਪੂਰੀ ਤਰ੍ਹਾਂ ਮਨਮਤ ਹੈ।

**ਨੋਟ**—ਭਾਈ ਕਾਹਨ ਸਿੰਘ ਜੀ ਨਾਭਾ ਲਿਖਦੇ ਹਨ ਕਿ ਤਾਂਤਰਿਕਾਂ ਦੇ ਪ੍ਰਭਾਵ ਨਾਲ ਕਈ ਸਿੱਖ ਉਤਾਰਾ, ਹੱਥ ਹੌਲਾ, ਝਾੜਾ,ਫੂਕਾ ਕਰਦੇ ਦੇਖੀਦੇ ਹਨ, ਜੋ ਗੁਰਮਤਿ ਅਨੁਸਾਰ ਤਨਖਾਈਏ ਹਨ।

**9. ਸਵਾਲ—ਮੰਨਤ ਜਾਂ ਸੁੱਖਣਾ ਸੁਖਣ ਨਾਲ ਕੋਈ ਕਾਰਜ ਰਾਸ ਹੁੰਦੇ ਹਨ?**

**ਜਵਾਬ**—ਨਹੀਂ ਜੀ ਸੁਖਣਾ ਜਾਂ ਮੰਨਤਾ ਨਾਲ ਕੋਈ ਕਾਰਜ ਰਾਸ ਨਹੀਂ ਹੋ ਸਕਦਾ।

ਜੋ ਮੁਕਦਮਾ ਜਿੱਤਣ, ਵੈਰੀ ਨੂੰ ਬਿਪਤਾ ਵਿੱਚ ਪਾਣ, ਮੰਦ ਮਨੋਰਥਾਂ ਦੀ ਸਫਲਤਾ ਲਈ ਕੜਾਹ ਪ੍ਰਸ਼ਾਦ ਭੇਟਾ ਆਦਿ ਸੁਖਦੇ ਹਨ, ਉਹ ਗੁਰਬਾਣੀ ਗਿਆਨ ਤੋਂ ਸੱਖਣੇ ਹਨ।

ਦੁੱਖ ਇਸ ਗੱਲ ਦਾ ਹੈ ਕਿ ਕਈ ਇਤਿਹਾਸਕਾਰਾਂ ਨੇ ਗੁਰਮਤਿ ਵਿਰੁੱਧ ਸੁਖਣਾ ਸੁਖਣ ਦੀਆਂ ਸਾਖੀਆਂ ਲਿਖ ਘੜੀਆਂ ਹਨ, ਜੋ ਵਿਸ਼ਾਵਾਸ ਯੋਗ ਨਹੀਂ ਹਨ।




## ਤਨੁ ਧਨੁ ਸੰਪੈ ਸੁਖ ਦੀਓ...

### ਸਲੋਕ ੮
### ਬਹੁਤ ਕੁਝ ਹੋਣ ’ਤੇ ਵੀ ਬਹਾਨੇ ਕਿਉਂ?

**ਭੂਮਿਕਾ—** ਸਿਆਣਿਆਂ ਦਾ ਕਥਨ ਹੈ ਕਿ ਬੱਤੀਆਂ ਦੰਦਾਂ ਵਿਚੋਂ ਇਕ ਦੰਦ ਟੁੱਟ ਜਾਏ ਤਾਂ ਜ਼ੁਬਾਨ ਟੁੱਟੇ ਹੋਏ ਦੰਦ ਵਾਲੀ ਥਾਂ ’ਤੇ ਹੀ ਜਾਂਦੀ ਹੈ ਕਿ ਇਹ ਦੰਦ ਨਹੀਂ ਹੈ। ਬਾਕੀ ਦੇ ਇਕੱਤੀ ਦੰਦ ਇਸ ਨੂੰ ਯਾਦ ਨਹੀਂ ਰਹਿੰਦੇ। ਸਾਡਾ ਸੁਭਾਅ ਹੀ ਬਣ ਗਿਆ ਹੈ, ਜੋ ਮਿਲਿਆ ਹੈ ਉਸ ਦਾ ਸ਼ੁਕਰਾਨਾ ਕਰਨ ਦੀ ਥਾਂ ’ਤੇ, ਹਰ ਵੇਲੇ ਗਿਲੇ ਸ਼ਿਕਵੇ ਹੀ ਕਰਦੇ ਰਹਿੰਦੇ ਹਾਂ

ਮੇਰੇ ਦੇਖਣ ਦੀ ਗਲ ਹੈ ਕਿ ਇਕ ਅਧਿਆਪਕ ਬਹੁਤ ਪੜ੍ਹਿਆ ਲਿਖਿਆ ਸੀ ਭਾਵ ਦੁਨਿਆਵੀ ਪੜ੍ਹਾਈ ਨਾਲ ਪੂਰੀ ਤਰ੍ਹਾਂ ਨਿਪੁੰਨ ਸੀ। ਪੱਕੀ ਨੌਕਰੀ ਤੇ ਤਨਖਾਹ ਦਾ ਵੀ ਵਧੀਆ ਸੀ। ਉਸ ਦੀ ਜ਼ੁਬਾਨ ’ਤੇ ਹਰ ਵੇਲੇ ਏਹੀ ਸ਼ਬਦ ਰਹਿੰਦੇ ਸਨ ਕਿ ਇਸ ਵਾਰੀ ਜਦੋਂ ਤਨਖਾਹ ਵਿੱਚ ਵਾਧਾ ਹੋਇਆ ਤਾਂ ਮੈਂ ਟਿਊਸ਼ਨ ਪੜ੍ਹਾਉਣੀ ਛੱਡ ਦੇਣੀ ਹੈ। ਤਨਖਾਹ ਤਾਂ ਸਮੇਂ ਅਨੁਸਾਰ ਵੱਧਦੀ ਗਈ, ਪਰ ਉਸ ਇਨਸਾਨ ਨੇ ਟਿਊਸ਼ਨ ਪੜ੍ਹਾਉਣੀ ਨਹੀਂ ਛੱਡੀ। ਕਈਆਂ ਦਾ ਸੁਭਾਅ ਹੀ ਬਣ ਜਾਂਦਾ ਹੈ, ਕਿ ਹੁੰਦਿਆਂ ਸੁੰਦਿਆਂ ਰੋਂਦੇ ਰਹਿਣਾ। ਜੋ ਮਿਲਿਆ ਹੈ ਉਸ ਦਾ ਸ਼ੁਕਰਾਨਾ ਨਹੀਂ, ਕੇਵਲ ਗਿਲੇ ਸ਼ਿਕਵੇ ਹੀ ਕਰਦੇ ਰਹਿੰਦੇ ਹਨ। ਕਈ ਵਾਰੀ ਸੋਚੀਦਾ ਹੈ ਕਿ ਮੇਰੇ ਕੋਲ ਤੰਦਰੁਸਤ ਸਰੀਰ ਹੈ, ਕਈਆਂ ਕੋਲ ਇੱਕ ਲੱਤ ਨਹੀਂ ਹੈ, ਤੇ ਕਿਸੇ ਕੋਲ ਅੱਖਾਂ ਦੀ ਰੋਸ਼ਨੀ ਨਹੀਂ ਹੈ, ਇਹ ਲੋਕ ਵੀ ਤਾਂ ਜ਼ਿੰਦਗੀ ਗੁਜ਼ਾਰ ਰਹੇ ਹਨ। ਜਿਸ ਨੂੰ ਇਹ ਸਾਰਾ ਕੁਝ ਮਿਲਿਆ ਹੈ ਉਹ ਫਿਰ ਵੀ ਆਪਣੀ ਜ਼ਿੰਦਗੀ ਤੋਂ ਖੁਸ਼ ਕਿਉਂ ਨਹੀਂ ਹੈ? ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨੁੱਖ ਨੂੰ ਸਮਝਾਉਣ ਦਾ ਯਤਨ ਕੀਤਾ ਹੈ, ਕਿ ਜਦੋਂ ਤੇਰੇ ਪਾਸ ਸਾਰੀਆਂ ਸੁਖ ਸਹੂਲਤਾਂ ਹਨ, ਤਾਂ ਫਿਰ ਕਿਉਂ ਨਹੀਂ ਜ਼ਿੰਦਗੀ ਦੇ ਸਹੀ ਰਸਤੇ ਚੱਲ ਰਿਹਾ?



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

**ਸਲੋਕ—** *ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ ॥*

*ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ ॥੮॥*

**ਪਦ ਅਰਥ—** ਸੰਪੈ-ਧਨ। ਅਰੁ-ਅਤੇ। ਜਿਹ-ਜਿਸ ਨੇ। ਨੀਕੇ-ਚੰਗੇ, ਸੋਹਣੇ। ਧਾਮ-ਘਰ ਕਾਹਿ ਨ-ਕਿਉਂ ਨਹੀਂ।

**ਅੱਖਰੀਂ ਅਰਥ—** ਜਿਸ ਪ੍ਰਮਾਤਮਾ ਨੇ ਤੈਨੂੰ ਸਰੀਰ ਦਿੱਤਾ, ਧਨ ਦਿਤਾ, ਜਾਇਦਾਦ ਦਿੱਤੀ, ਸੁੱਖ ਬਖਸ਼ੇ ਹਨ।

ਨਾਨਕ ਆਖਦਾ ਹੈ—ਭਾਵ ਗੁਰੁ ਤੇਗ ਬਹਾਦਰ ਸਾਹਿਬ ਜੀ ਫੁਰਮਾਉਂਦੇ ਹਨ ਹੇ ਮਨ! ਸੁਣ ਉਸ ਪ੍ਰਮਾਤਮਾ ਦਾ ਤੂੰ ਸਿਮਰਨ ਕਿਉਂ ਨਹੀਂ ਕਰਦਾ।

**ਵਿਚਾਰ ਚਰਚਾ ਤੇ ਵਿਹਾਰਕ ਪੱਖ—**

ਕੁੱਲੀ, ਗੁੱਲੀ ਤੇ ਜੁੱਲੀ ਤਿੰਨ ਮੁੱਢਲੀਆਂ ਲੋੜਾਂ ਹਨ। ਸ਼ੌਂਕ ਜਿੰਨੇ ਮਰਜ਼ੀ ਵਧਾ ਲਵੋ। ਇਹ ਵੀ ਤੱਤ ਹੈ ਕਿ ਇੱਛਾਵਾਂ ਮਨੁੱਖ ਨੂੰ ਜਿਉਂਦਾ ਰੱਖਦੀਆਂ ਹਨ ਪਰ ਵਧਾਅ ਜਿੰਨੀਆਂ ਮਰਜ਼ੀ ਲਓ ਕੋਈ ਟਿਕਾਣਾ ਨਹੀਂ ਹੈ। ਇੱਛਾਵਾਂ ਪੂਰਦਾ ਪੂਰਦਾ ਇਨਸਾਨ ਹੀ ਪੂਰਾ ਹੋ ਜਾਂਦਾ ਹੈ। ਮਨੁੱਖ ਦੀ ਬਿਰਤੀ ਕਦੇ ਤ੍ਰਿਪਤ ਨਹੀਂ ਹੁੰਦੀ—ਕਿਸੇ ਧਾਰਮਿਕ ਅਸਥਾਨ ਤੇ ਚਲੇ ਜਾਓ, ਹਰ ਥਾਂ ਦਾਤਾਂ ਮੰਗਣ ਦੀਆਂ ਅਰਦਾਸਾਂ ਹੀ ਹੋ ਰਹੀਆਂ ਹਨ—ਜਿਸ ਕੋਲ ਮਾਇਆ ਬਹੁਤੀ ਉਸ ਨੂੰ ਚਿੰਤਾ ਲੱਗੀ ਹੋਈ ਹੈ, ਹੋਰ ਵੱਧ ਜਾਏ ਪਰ ਜਿਸ ਕੋਲ ਘੱਟ ਹੈ ਉਹ ਭਾਉਂਦਾ ਫਿਰਦਾ ਹੈ ਭਾਵ ਅੱਕੀਂ ਪਲਾਹੀਂ ਹੱਥ ਮਾਰਦਾ ਫਿਰਦਾ ਹੈ- ਅਸਲ ਮੁਕਤ ਉਹ ਹੀ ਹੈ ਜਿਹੜਾ ਇਸ ਫਿਲਾਸਫ਼ੀ ਨੂੰ ਸਮਝ ਲੈਂਦਾ ਹੈ—

*ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥*

*ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥੧॥ (੧੦੧੯)*

ਤੰਦਰੁਸਤ ਸਰੀਰ, ਕਾਰੋਬਾਰ, ਨੌਕਰੀ, ਰਹਿਣ ਲਈ ਆਪਣਾ ਮਕਾਨ ਹੋਵੇ ਤਾਂ ਵੀ ਗਿਲੇ ਸ਼ਿਕਵੇ ਕਰਦਾ ਹੀ ਰਹਿੰਦਾ ਹੈ। ਜਦੋਂ ਸਮਾਜ ਵਿੱਚ ਨਿਗਾਹ ਮਾਰਦੇ ਹਾਂ, ਕਿਸੇ ਕੋਲ ਆਪਣਾ ਮਕਾਨ ਨਹੀਂ ਹੈ; ਕਿਸੇ ਕੋਲ ਨੌਕਰੀ ਜਾਂ ਕੋਈ ਕਾਰੋਬਾਰ ਨਹੀਂ ਹੈ, ਕਿਸੇ ਕੋਲ ਵਾਧੂ ਪੈਸਾ ਵੀ ਕੋਈ ਨਹੀਂ ਪਰ ਫਿਰ ਵੀ ਉਹ ਜ਼ਿੰਦਗੀ ਬਤੀਤ ਕਰੀ ਜਾ ਰਿਹਾ ਹੈ। ਜਿਸ ਪਾਸ ਸੁੱਖ ਸਹੂਲਤਾਂ ਦੀਆਂ ਥੋੜਾਂ ਹਨ ਉਸਦਾ ਗਿਲਾ ਸ਼ਿਕਵਾ ਤਾਂ ਸਹੀ ਠਹਿਰਾਇਆ ਜਾ ਸਕਦਾ ਹੈ। ਸਮਝਿਆ ਜਾ ਸਕਦਾ ਹੈ ਕਿ ਇਸ ਦੀਆਂ ਭਾਈ ਮਜ਼ਬੂਰੀਆਂ ਹਨ। ਦੂਸਰੇ ਪਾਸੇ *‘ਤਨੁ ਧਨ ਸੰਪੈ ਸੁਖ ਦੀਓ’* ਤੰਦਰੁਸਤ ਸਰੀਰ, ਵਰਤਣ ਜੋਗੇ ਪੈਸੇ ਤੇ ਚਾਰ ਪੈਸੇ ਜਮ੍ਹਾਂ ਵੀ ਹਨ ਜ਼ਮੀਨ ਜਾਇਦਾਦ ਵੀ ਹੈ— ਇਸ ਦੇ ਇਲਾਵਾ ਰਹਿਣ ਲਈ ਸੁੰਦਰ ਮਕਾਨ ਵੀ ਮਿਲਿਆ ਹੋਇਆ ਹੈ। *‘ਅਰੁ ਜਿਹ ਨੀਕੇ ਧਾਮ’* ਜਿਸ ਪਾਸ ਤੰਦਰੁਸਤ ਸਰੀਰ, ਰਹਿਣ ਲਈ ਵਧੀਆ ਮਕਾਨ, ਕਾਰੋਬਾਰ ਤੇ ਹੋਰ ਬਹੁਤ ਸਾਰੀਆਂ ਸੁਖ ਸਹੂਲਤਾਂ ਹਨ ਪਰ ਫਿਰ ਵੀ ਹਰ ਵੇਲੇ ਕੋਈ ਨਾ ਕੋਈ ਸਕੀਮ ਲਾਉਂਦਾ ਰਹਿੰਦਾ ਹੈ ਕਿ ਅਗਾਂਹ ਹੋਰ ਧਨ ਇਕੱਠਾ ਕੀਤਾ ਜਾਏ। ਇਕ ਉਹ ਇਨਸਾਨ ਹੈ ਜਿਸ ਪਾਸ ਅਜੇਹੀਆਂ ਸਹੂਲਤਾਂ ਨਹੀਂ ਹਨ, ਓਦ੍ਹੇ ਗਿਲੇ ਸ਼ਿਕਵੇ ਸਹੀ ਹੋ ਸਕਦੇ ਹਨ ਪਰ ਜਿਸ ਕੋਲ ਸਭ ਕੁਝ ਹੈ ਉਹ ਵੀ ਗਿਲੇ ਸ਼ਿਕਵੇ ਕਰੀ ਜਾ ਰਿਹਾ ਹੈ।

ਇਸ ਸਲੋਕ ਵਿੱਚ ਇਕ ਮੁੱਦੇ ਦੀ ਵਿਚਾਰ ਦਿੱਤੀ ਹੈ ਕਿ *‘ਸਿਮਰਤ ਕਾਹਿ ਨ ਰਾਮੁ’* ਅੱਖਰੀ ਅਰਥ ਤੇ ਏਹੀ ਬਣਦੇ ਹਨ ਕਿ ਜਦੋਂ ਤੈਨੂੰ ਰੱਬ ਜੀ ਨੇ ਸਭ ਕੁਝ ਦਿੱਤਾ ਹੋਇਆ ਹੈ, ਤਾਂ ਤੂੰ ਉਸ ਦਾ ਨਾਮ ਕਿਉਂ ਨਹੀਂ ਜਪਦਾ? ਇਸ ਦਾ ਭਾਵ ਅਰਥ ਹੈ ਜੇ ਤੇਰੇ ਕੋਲ ਸਾਰੀਆਂ ਸੁੱਖ ਵਸਤੂਆਂ ਪਈਆਂ ਹੋਈਆਂ ਨੇ ਫਿਰ ਦਾਜ ਦੀ ਝਾਕ ਕਿਉਂ ਰੱਖੀ ਬੈਠਾ ਏਂ? ਵੀਹ ਕਿੱਲਿਆਂ ਦਾ ਮਾਲਕ ਬਣੀ ਬੈਠਾ ਏਂ ਪਰ ਸਰਕਾਰੀ ਸੜਕ ਫਿਰ ਵੀ ਵੱਢ ਰਿਹਾ ਏਂ? ਜੇ ਪ੍ਰਚਾਰਕ ਬਣ ਗਿਆ ਏਂ, ਤਾਂ ਸੰਗਤਾਂ ਨੂੰ ਮਨਮਤ ਕਿਉਂ ਸੁਣਾਂ ਰਿਹਾ ਏਂ?

ਉੱਥੇ ਨਾਮ ਜਪਣ ਦਾ ਭਾਵ ਹੈ ਮਨ ਨੂੰ ਇਨਸਾਨੀਅਤ ਦੇ ਗੁਣਾਂ ਵਲ ਪ੍ਰੇਰਤ ਕਰਕੇ ਆਪਣੇ ਅੰਦਰੋਂ ਔਗੁਣਾਂ ਨੂੰ ਖਤਮ ਕਰਨ ਦਾ ਜਤਨ ਕਰ।

ਬਾਕੀ ਸਫਾ 12 ’ਤੇ

# ਖ਼ੂਨੀ ਇਤਿਹਾਸ ਦੀ ਗਵਾਹੀ ਭਰਦਾ ਹੈ ਕਾਹਨੂੰਵਾਨ ਦੀ ਛੰਭ ਵਿਚ ਵਾਪਰਿਆ ਛੋਟਾ ਘੱਲੂਘਾਰਾ

**-ਰਮੇਸ਼ ਬੱਗਾ 'ਚੋਹਲਾ' 9463132719**

**ਇਸ ਘੱਲੂਘਾਰੇ ਵਿਚ ਭਾਵੇਂ ਸਿੱਖ ਸਰਦਾਰਾਂ ਦਾ ਕਾਫੀ ਨੁਕਸਾਨ ਹੋਇਆ ਪਰ ਦੀਵਾਨ ਲਖਪਤ ਰਾਏ ਦਾ ਸੁਪਨਾ (ਸਿੱਖੀ ਨੂੰ ਖ਼ਤਮ ਕਰਨ ਦਾ) ਅਧੂਰਾ ਹੀ ਰਹਿ ਗਿਆ। ਕਿਉਂਕਿ ਇੱਕ ਛਿਮਾਹੀ ਪਿੱਛੋਂ ਸਿੱਖ ਦੁਬਾਰਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ ਉਨ੍ਹਾਂ ਨੇ 30 ਮਾਰਚ 1747 ਈ. ਨੂੰ ਸਰਬੱਤ ਖ਼ਾਲਸਾ ਬੁਲਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਪੱਕੀ ਠਾਹਰ ਬਣਾਉਣ ਦਾ ਗੁਰਮਤਾ ਪਾਸ ਕਰ ਦਿੱਤਾ।ਇਸ ਗੁਰਮਤੇ ਮੁਤਾਬਿਕ ਹੀ ਰਾਮ ਰੌਣੀ ਦੇ ਕਿਲ੍ਹੇ ਦੀ ਉਸਾਰੀ ਆਰੰਭ ਕੀਤੀ ਗਈ।**

ਸਿੱਖੀ ਦੀ ਨਿਆਰੀ ਅਤੇ ਮਿਆਰੀ ਹਸਤੀ ਨੂੰ ਕਾਇਮ ਰੱਖਣ ਲਈ ਸਮੇਂ-ਸਮੇ ਸੰਤਾਂ ਨੂੰ ਸਿਪਾਹੀ ਬਣਨਾ ਪਿਆ ਹੈ। ਜਦੋਂ ਵੀ ਕਦੇ **ਜਬ ਆਵ ਕੀ ਅਉਧ ਨਿਦਾਨ ਬਨੈ** ਹੈ ਤਦ ਹੀ ਖ਼ਾਲਸਾਈ ਫ਼ੌਜ ਨੇ ਰਣ ਵਿਚ ਜੂਝ ਕੇ ਪਹਿਲਾਂ ਮਰਨ ਕਬੂਲਿਆ ਹੈ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸਿੱਖੀ ਦੇ ਪ੍ਰਵੇਸ਼ ਦੁਆਰ ਤੇ ਲਿਖਿਆ ਹੈ:-

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰ ਦੀਜੈ ਕਾਣਿ ਨ ਕੀਜੈ॥ (1412)**


ਇਸ ਸਿਧਾਂਤ 'ਤੇ ਪਹਿਰਾ ਦੇਣ ਵਾਲੇ ਸਿਰਲੱਥ ਸੂਰਮਿਆਂ ਨੇ ਸਿੱਖ ਇਤਿਹਾਸ ਦੀ ਇਬਾਰਤ ਨੂੰ ਨਾ ਸਿਰਫ਼ ਆਪਣੇ ਖ਼ੂਨ ਨਾਲ ਲਿਖਿਆ ਹੈ ਸਗੋਂ ਇਸ ਦਾ ਮਾਣ ਵਧਾਉਣ ਲਈ ਸ਼ਹਾਦਤਾਂ ਦੇ ਜ਼ਾਮ ਵੀ ਪੀਤੇ ਹਨ। ਇਸ ਇਬਾਰਤ ਦਾ ਹੀ ਅਹਿਮ ਅੰਗ ਹੈ ਸੰਨ 1746 ਵਿਚ ਵਾਪਰਿਆ ਛੋਟਾ ਘੱਲੂਘਾਰਾ, ਜਿਹੜਾ **ਜੁ ਲਰੈ ਦੀਨ ਕੇ ਹੇਤ** ਦੀ ਪਹਿਚਾਣ ਕਰਵਾਉਂਦਾ ਹੈ।

ਸਿੱਖ ਇਤਿਹਾਸ ਵਿਚ ਦੋ ਘੱਲੂਘਾਰਿਆਂ ਦਾ ਵਿਸ਼ੇਸ਼ ਜਿਕਰ ਕੀਤਾ ਜਾਂਦਾ ਹੈ, ਜਿਨ੍ਹਾਂ ਵਿਚੋਂ ਇੱਕ ਨੂੰ ਵੱਡਾ ਅਤੇ ਦੂਸਰੇ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ। ਘੱਲੂਘਾਰੇ ਦਾ ਸ਼ਬਦੀ ਅਰਥ ਵੱਡੇ ਪੱਧਰ ਦਾ ਕਤਲੇਆਮ ਜਾਂ ਸਰਬਨਾਸ਼ ਹੁੰਦਾ ਹੈ। ਇਹ ਘੱਲੂਘਾਰੇ ਨਾਂਹ-ਪੱਖੀ ਅਤੇ ਗ਼ੈਰ ਮਨੁੱਖੀ ਭੂਮਿਕਾ ਨਿਭਾਉਣ ਵਾਲੀਆਂ ਧਿਰਾਂ ਅਤੇ ਸਰਬੱਤ ਦਾ ਭਲਾ ਮੰਗਣ ਵਾਲੀਆਂ (ਖ਼ਾਲਸਾਈ) ਧਿਰਾਂ ਵਿਚਾਲੇ ਵਾਪਰੇ ਹਨ।

ਵਕਤ ਦੇ ਹਾਕਮਾਂ ਅਤੇ ਗੁਰੂ-ਘਰ ਦੇ ਦੋਖੀਆਂ ਨੂੰ ਸਿੱਖੀ ਦੀ ਚੜ੍ਹਦੀ ਕਲਾ ਕਦੇ ਰਾਸ ਨਹੀਂ ਆਈ ਅਤੇ ਉਹ ਹਮੇਸ਼ਾਂ ਹੀ ਇਸ ਨੂੰ ਢਾਹ ਲਗਾਉਣ ਦੀਆਂ ਚਾਲਾਂ ਚੱਲਦੇ ਰਹੇ ਹਨ। ਇਨ੍ਹਾਂ ਚਾਲਬਾਜ਼ਾਂ ਵਿੱਚ ਹੀ ਸ਼ਾਮਿਲ ਹਨ ਲਾਹੌਰ ਦਰਬਾਰ ਨਾਲ ਜੁੜੇ ਦੀਵਾਨ (ਵਿੱਤ ਮੰਤਰੀ) ਲਖਪਤ ਰਾਏ ਅਤੇ ਉਸ ਦਾ ਸਕਾ ਭਰਾ ਜਸਪਤ ਰਾਏ। ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਕਲਾਨੌਰ ਦੇ ਇਨਾਂ ਖੱਤਰੀ ਭਰਾਵਾਂ ਦੇ ਈਰਖਾਲੂ ਅਤੇ ਜ਼ਾਲਮਾਨਾ ਸੁਭਾਅ ਕਾਰਨ ਕਾਹਨੂੰਵਾਨ ਦੀ ਛੰਭ ਵਿਚ ਇੱਕ ਖ਼ੂਨੀ ਦੁਖਾਂਤ ਵਾਪਰਿਆ ਸੀ ਜਿਸ ਨੂੰ ਇਤਿਹਾਸ ਵਿੱਚ ਛੋਟੇ ਘੱਲੂਘਾਰੇ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

ਲਾਹੌਰ ਦੇ ਸੂਬੇਦਾਰ ਯਹੀਆ ਖਾਨ (ਪੁੱਤਰ ਜ਼ਕਰੀਆਂ ਖਾਨ) ਨੇ ਇਨ੍ਹਾਂ ਦੋਵੇ ਭਰਾਵਾਂ ਨੂੰ ਵਾਧੂ ਅਧਿਕਾਰ ਦੇ ਰੱਖੇ ਸਨ। ਜਿਨ੍ਹਾਂ ਦਾ ਪ੍ਰਯੋਗ ਉਹ ਅਕਸਰ ਮਨਮਰਜ਼ੀ ਨਾਲ ਕਰਦੇ ਸਨ। ਇਸ ਮਨਮਰਜ਼ੀ ਤਹਿਤ ਹੀ ਜਸਪਤ ਰਾਏ ਨੇ ਜਨ-ਸਧਾਰਣ ਕੋਲੋਂ ਜਜ਼ੀਆ ਵਸੂਲਣਾ ਸ਼ੁਰੂ ਕਰ ਦਿੱਤਾ। ਜਸਪਤ ਰਾਏ ਦੀ ਇਸ ਵਧੀਕੀ ਕਾਰਨ ਲੋਕ ਖ਼ਾਲਸੇ ਦੀ ਸ਼ਰਨ ਆਉਣ ਲੱਗੇ।

ਸੰਮਤ 1803 ਵਿਚ ਐਮਨਾਬਾਦ ਦੇ ਗੁਰਦੁਆਰਾ ਰੋੜੀ ਸਾਹਿਬ ਵਿਖੇ ਵਿਸਾਖੀ ਦੇ ਦਿਹਾੜੇ 'ਤੇ ਸਿੱਖ-ਸੰਗਤ ਦਾ ਇੱਕ ਵਿਸ਼ਾਲ ਇਕੱਠ ਹੋਇਆ, ਜਿਹੜਾ ਜਸਪਤ ਰਾਏ ਨੂੰ ਚੰਗਾ ਨਾ ਲੱਗਾ। ਉਸ ਨੇ ਸੰਗਤ ਨੂੰ ਗੁਰਦੁਆਰਾ ਖਾਲੀ ਕਰਨ ਦਾ ਹੁਕਮ ਦਿੱਤਾ। ਸੰਗਤਾਂ ਵੱਲੋ ਜਵਾਬ ਵਿਚ ਕਿਹਾ ਗਿਆ ਕਿ ਉਹ ਕਈ ਦਿਨਾਂ ਤੋਂ ਫ਼ਾਕੇ ਹਨ, ਪ੍ਰਸ਼ਾਦਾ-ਪਾਣੀ ਬਣਾ/ਛੱਕ ਕੇ ਸਵੇਰੇ ਇਥੋਂ ਕੂਚ ਕਰ ਜਾਣਗੇ। ਪਰ ਜਸਪਤ ਰਾਏ 'ਤੇ ਇਸ ਗੱਲ ਦਾ ਕੋਈ ਅਸਰ ਨਾ ਹੋਇਆ। ਉਸ ਨੇ ਧਾੜ ਇਕੱਠੀ ਕਰਕੇ ਸਿੱਖਾਂ ਉਪਰ ਹਮਲਾ ਕਰ ਦਿੱਤਾ। ਨਾ ਚਾਹੁੰਦਿਆਂ ਹੋਇਆਂ ਵੀ ਸਿੱਖਾਂ ਨੂੰ ਇਹ ਲੜਾਈ ਲੜਨੀ ਪਈ। ਹਾਥੀ 'ਤੇ ਚੜ੍ਹਿਆ ਜਸਪਤ ਰਾਏ ਸਿੱਖਾਂ ਵੱਲ ਵੱਧ ਰਿਹਾ ਸੀ। ਉਸ ਦੇ ਵਾਧੇ ਨੂੰ ਠੱਲ੍ਹ ਪਾਉਣ ਲਈ ਭਾਈ ਨਿਬਾਹੂ ਸਿੰਘ (ਰੰਗਰੇਟਾ) ਪੂਛ ਦਾ ਸਹਾਰਾ ਲੈ ਕੇ ਹਾਥੀ ਉਪਰ ਜਾ ਚੜ੍ਹਿਆ ਅਤੇ ਉਸ ਨੇ ਤਲਵਾਰ ਦੇ ਇੱਕੋ ਵਾਰ ਨਾਲ ਜਸਪਤ ਰਾਏ ਦਾ ਸਿਰ ਲਾਹ ਦਿੱਤਾ। ਜਸਪਤ ਰਾਏ ਦੀ ਮੌਤ ਨਾਲ ਮੁਗ਼ਲ ਫ਼ੌਜ ਵਿੱਚ ਭਗਦੜ ਮੱਚ ਗਈ ਅਤੇ ਉਹ ਮੈਦਾਨ ਛੱਡ ਗਈ।



ਆਪਣੇ ਭਰਾ ਦੀ ਮੌਤ ਦੀ ਖ਼ਬਰ ਸੁਣ ਕੇ ਦੀਵਾਨ ਲਖਪਤ ਰਾਏ ਦਾ ਦਿਮਾਗੀ ਤਵਾਜ਼ਨ ਵਿਗੜ ਗਿਆ ਅਤੇ ਉਸ ਨੇ ਬਦਲਾ ਲੈਣ ਦੀ ਠਾਣ ਲਈ। ਉਸ ਦਾ ਕਹਿਣਾ ਸੀ ਜਦ ਤੱਕ ਮੈਂ ਸਿੱਖੀ ਨੂੰ ਖ਼ਤਮ ਨਹੀਂ ਕਰ ਲੈਂਦਾ, ਤਦ ਤੱਕ ਸਿਰ 'ਤੇ ਪੱਗ ਨਹੀਂ ਬੰਨ੍ਹਾਂਗਾ ਅਤੇ ਨਾ ਹੀ ਖੱਤਰੀ ਅਖਵਾਵਾਂਗਾ।

**ਵਕਤ ਦੇ ਹਾਕਮਾਂ ਅਤੇ ਗੁਰੂ-ਘਰ ਦੇ ਦੋਖੀਆਂ ਨੂੰ ਸਿੱਖੀ ਦੀ ਚੜ੍ਹਦੀ ਕਲਾ ਕਦੇ ਰਾਸ ਨਹੀਂ ਆਈ ਅਤੇ ਉਹ ਹਮੇਸ਼ਾਂ ਹੀ ਇਸ ਨੂੰ ਢਾਹ ਲਗਾਉਣ ਦੀਆਂ ਚਾਲਾਂ ਚੱਲਦੇ ਰਹੇ ਹਨ। ਇਨ੍ਹਾਂ ਚਾਲਬਾਜ਼ਾਂ ਵਿਚ ਹੀ ਸ਼ਾਮਿਲ ਹਨ ਲਾਹੌਰ ਦਰਬਾਰ ਨਾਲ ਜੁੜੇ ਦੀਵਾਨ (ਵਿੱਤ ਮੰਤਰੀ) ਲਖਪਤ ਰਾਏ ਅਤੇ ਉਸ ਦਾ ਸਕਾ ਭਰਾ ਜਸਪਤ ਰਾਏ। ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਕਲਾਨੌਰ ਦੇ ਇਨ੍ਹਾਂ ਭਰਾਵਾਂ ਦੇ ਈਰਖਾਲੂ ਅਤੇ ਜ਼ਾਲਮਾਨਾ ਸੁਭਾਅ ਕਾਰਨ ਕਾਹਨੂੰਵਾਨ ਦੀ ਛੰਭ ਵਿਚ ਇੱਕ ਖ਼ੂਨੀ ਦੁਖਾਂਤ ਵਾਪਰਿਆ ਸੀ ਜਿਸ ਨੂੰ ਇਤਿਹਾਸ ਵਿੱਚ ਛੋਟੇ ਘੱਲੂਘਾਰੇ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਲਾਹੌਰ ਦੇ ਸੂਬੇਦਾਰ ਯਹੀਆ ਖਾਨ (ਪੁੱਤਰ ਜ਼ਕਰੀਆਂ ਖਾਨ) ਨੇ ਇਨ੍ਹਾਂ ਦੋਵੇ ਭਰਾਵਾਂ ਨੂੰ ਵਾਧੂ ਅਧਿਕਾਰ ਦੇ ਰੱਖੇ ਸਨ। ਜਿਨ੍ਹਾਂ ਦਾ ਪ੍ਰਯੋਗ ਉਹ ਅਕਸਰ ਮਨਮਰਜ਼ੀ ਨਾਲ ਕਰਦੇ ਸਨ। ਇਸ ਮਨਮਰਜ਼ੀ ਤਹਿਤ ਹੀ ਜਸਪਤ ਰਾਏ ਨੇ ਜਨ-ਸਧਾਰਣ ਕੋਲੋਂ ਜਜ਼ੀਆ ਵਸੂਲਣਾ ਸ਼ੁਰੂ ਕਰ ਦਿੱਤਾ।ਜਸਪਤ ਰਾਏ ਦੀ ਇਸ ਵਧੀਕੀ ਕਾਰਨ ਲੋਕ ਖ਼ਾਲਸੇ ਦੀ ਸ਼ਰਨ ਆਉਣ ਲੱਗੇ।**

ਲਾਹੌਰ ਦੇ ਗਵਰਨਰ ਯਹੀਆ ਖਾਂ ਤੋਂ ਸ਼ਾਹੀ ਫ਼ੌਜ ਲੈ ਕੇ ਲਖਪਤ ਰਾਏ ਨੇ ਆਪਣੇ ਜ਼ੁਲਮ ਦੀ ਅੱਤ ਕਰ ਦਿੱਤੀ। ਜਿਸ ਤਹਿਤ ਉਹ ਲਾਹੌਰ ਸ਼ਹਿਰ ਦੇ ਆਮ ਸਿੱਖਾਂ ਨੂੰ ਆਪਣੇ ਗੁੱਸੇ ਦਾ ਸ਼ਿਕਾਰ ਬਣਾਉਣ ਲੱਗਾ। ਦੀਵਾਨ ਕੌੜਾ ਮੱਲ ਦੀ ਅਗਵਾਈ ਵਿਚ ਕੁੱਝ ਪਤਵੰਤੇ ਹਿੰਦੂਆਂ ਨੇ ਲਖਪਤ ਰਾਏ ਨੂੰ ਅਜਿਹਾ ਕਹਿਰ (ਨਿਰਦੋਸ਼ ਸਿੱਖਾਂ ਨੂੰ ਮਾਰਨ ਦਾ) ਕਮਾਉਣ ਤੋਂ ਵਰਜਿਆ, ਪਰ ਉਸ ਦੀ ਸਿਹਤ 'ਤੇ ਕੋਈ ਅਸਰ ਨਾ ਹੋਇਆ। ਇਥੋਂ ਤੱਕ ਕਿ ਉਸ ਨੇ ਆਪਣੇ ਗੁਰੂ ਜਗਤ ਭਗਤ ਗੁਸਾਈਂ ਦੀ ਸਲਾਹ (ਸੋਮਵਤੀ ਮੱਸਿਆ ਨੂੰ ਕਤਲ ਨਾ ਕਰਨ ਦੀ) ਵੀ ਅਣਸੁਣੀ ਕਰ ਦਿੱਤੀ।

ਲਖਪਤ ਰਾਏ ਨੇ ਐਲਾਨ ਕਰਵਾ ਦਿੱਤਾ ਕਿ 'ਸਿੱਖਾਂ ਨਾਲ ਕੋਈ ਨੇੜਤਾ ਨਾ ਰੱਖੇ ਅਤੇ ਨਾ ਹੀ ਇਨ੍ਹਾਂ ਦੀ ਬਾਣੀ ਨੂੰ ਪੜ੍ਹੇ।' ਉਸ ਨੇ ਗੁੜ ਦੀ ਥਾਂ 'ਰੋੜੀ' ਅਤੇ ਗ੍ਰੰਥ ਦੀ ਥਾਂ 'ਪੋਥੀ' ਸ਼ਬਦ ਵਰਤਣ ਲਈ ਕਿਹਾ ਗਿਆ। ਇੱਥੇ ਹੀ ਬਸ ਨਹੀਂ ਉਸ ਨੇ ਪਾਵਨ ਬੀੜਾਂ ਦੀ ਬੇਅਦਬੀ ਕਰਨ ਲੱਗਿਆਂ ਵੀ ਕੋਈ ਕਸਰ ਬਾਕੀ ਨਹੀਂ ਛੱਡੀ।

ਲਖਪਤ ਰਾਏ ਦੀਆਂ ਆਪ ਹੁਦਰੀਆਂ ਦੀ ਖ਼ਬਰ ਜਦੋਂ ਨਵਾਬ ਕਪੂਰ ਸਿੰਘ ਨੂੰ ਮਿਲੀ ਤਾਂ ਉਸ ਨੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਸਿਰਕੱਢ ਆਗੂਆਂ ਨੂੰ ਸੁਨੇਹੇ ਭੇਜ ਕੇ ਕਾਹਨੂੰਵਾਨ ਦੀ ਛੰਭ (ਗੁਰਦਾਸਪੁਰ) ਵਿਖੇ ਇਕੱਠੇ ਹੋਣ ਲਈ ਕਿਹਾ। ਨਵਾਬ ਸਾਹਿਬ ਦੇ ਸੰਦੇਸ਼ 'ਤੇ ਇਸ ਛੰਭ ਵਿਚ ਲੱਗਪਗ 20000 ਸਿੱਖ ਇਕੱਠੇ ਹੋ ਗਏ, ਜਿਨ੍ਹਾਂ ਵਿੱਚ ਸ. ਜੱਸਾ ਸਿੰਘ ਆਹਲੂਵਾਲੀਆ, ਸੁੱਖਾ ਸਿੰਘ ਮਾੜੀ ਕੰਬੋਕੀ, ਗੁਰਦਿਆਲ ਸਿੰਘ ਡੱਲੇਵਾਲੀਆ, ਹਰੀ ਸਿੰਘ ਭੰਗੀ ਅਤੇ ਸ. ਨੌਧ ਸਿੰਘ ਸ਼ੁਕਰਚੱਕੀਆ ਆਦਿ ਦੇ ਜਥੇ ਹਾਜ਼ਰ ਸਨ। ਇਸ ਇਕੱਠ ਦਾ ਪਤਾ ਜਦੋਂ ਦੀਵਾਨ ਲਖਪਤ ਰਾਏ ਨੂੰ ਲੱਗਾ ਤਾਂ ਉਹ ਭਾਰੀ ਫੌਜ ਲੈ ਕੇ (ਯਹੀਆ ਖਾਨ ਸਮੇਤ) ਹਮਲਾ ਕਰਨ ਲਈ ਛੰਭ ਕੋਲ ਪਹੁੰਚ ਗਿਆ। ਇਸ ਹਮਲੇ ਵਿਚ ਸ਼ਾਹੀ ਫੌਜ ਨੇ ਸਿੱਖਾਂ ਉਪਰ ਤੋਪਾਂ ਦੇ ਗੋਲਿਆਂ ਦਾ ਮੀਂਹ ਵਰਸਾ ਦਿੱਤਾ।

ਸਿੱਖਾਂ ਨੇ ਯਹੀਆ ਖਾਨ ਅਤੇ ਲਖਪਤ ਰਾਏ ਦੀ ਫੌਜ ਦਾ ਡੱਟ ਕੇ ਮੁਕਾਬਲਾ ਕੀਤਾ। ਲੜਾਈ ਦਾ ਇਹ ਸਿਲਸਲਾ ਕਈ ਰੋਜ਼ ਤੱਕ ਚੱਲਦਾ ਰਿਹਾ। ਇਸ ਸਮੇਂ ਦੌਰਾਨ ਸਿੱਖਾਂ ਦਾ ਲੰਗਰ ਮਸਤਾਨਾ ਹੋ ਗਿਆ ਅਤੇ ਸਿੰਘ ਭੁੱਖਣ-ਭਾਣੇ ਲੜਦੇ ਰਹੇ।

ਮੁਲਤਾਨ ਦੇ ਵਜ਼ੀਰ ਕੌੜਾ ਮੱਲ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਜੰਮੂ-ਕਸ਼ਮੀਰ ਭੇਜਿਆ ਜਾਣ ਵਾਲਾ ਰਾਸ਼ਨ ਜਾਣ ਬੁੱਝ ਕੇ ਉਸ ਰਸਤੇ ਭੇਜ ਦਿੱਤਾ ਅਤੇ ਨਾਲ ਹੀ ਉਸ ਰਾਸ਼ਨ ਨੂੰ ਲੁੱਟ ਲੈਣ ਦਾ ਸੰਦੇਸ਼ (ਗੁਪਤਚਰ ਰਾਹੀਂ) ਭੇਜ ਦਿੱਤਾ। ਸਿੱਖਾਂ ਨੇ ਇਸ ਤਰ੍ਹਾਂ ਹੀ ਕੀਤਾ। ਕੌੜਾ ਮੱਲ ਦੀ ਇਸ ਹਮਦਰਦੀ ਨਾਲ ਖ਼ਾਲਸਾ ਫੌਜ ਨੂੰ ਕੁੱਝ ਰਾਹਤ ਮਹਿਸੂਸ ਹੋਈ ਅਤੇ ਉਹ ਦੀਵਾਨ ਸਾਹਿਬ ਦੀ ਰਿਣੀ ਹੋ ਗਈ। ਇਸ ਪਰਉਪਕਾਰ ਬਦਲੇ ਸਿੱਖ ਇਤਿਹਾਸ ਦੀਵਾਨ ਕੌੜਾ ਮੱਲ ਨੂੰ ਮਿੱਠਾ ਮੱਲ ਕਹਿ ਕੇ ਸਤਿਕਾਰਦਾ ਆ ਰਿਹਾ ਹੈ। ਇਹ ਲੜ੍ਹਾਈ ਇੱਕ ਮਹੀਨੇ ਤੋਂ ਵੱਧ ਸਮੇਂ ਤੱਕ ਚੱਲਦੀ ਰਹੀ, ਜਿਸ ਵਿਚ ਰਾਸ਼ਨ (ਕੌੜਾ ਮੱਲ ਵਾਲਾ) ਅਤੇ ਗੋਲੀ-ਸਿੱਕਾ ਖ਼ਤਮ ਹੋਣ ਲੱਗਾ।

ਇਸ ਘਮਸਾਨ ਦੀ ਲੜ੍ਹਾਈ ਵਿਚ ਲਖਪਤ ਰਾਏ ਦਾ ਬਹੁਤ ਵੱਡਾ ਨੁਕਸਾਨ ਹੋਇਆ। ਉਸ ਦਾ ਪੁੱਤਰ ਹਰਭਜ ਰਾਏ, ਯਹੀਆ ਖਾਨ ਦਾ ਪੁੱਤਰ ਨਾਹਰ ਖਾਨ ਅਤੇ ਫੌਜਦਾਰ ਕਰਮ ਬਖਸ਼ ਸਿੱਖਾਂ ਹੱਥੋਂ ਮਾਰੇ ਗਏ। ਭਰਾ ਦੀ ਮੌਤ ਤੋਂ ਬਾਅਦ ਪੁੱਤਰ ਦੀ ਮੌਤ ਉਸ ਲਈ ਹੋਰ ਵੀ ਅਸਹਿ ਸਾਬਤ ਹੋਣ ਲੱਗੀ। ਗੁੱਸੇ ਵਿਚ ਆ ਕੇ ਉਸ ਨੇ ਛੰਭ ਦਾ ਘੇਰਾ ਹੋਰ ਸਖਤ ਕਰ ਦਿੱਤਾ। ਲਗਾਤਾਰ ਸਰਕਾਰੀ ਸਹਾਇਤਾ ਅਤੇ ਗੋਲੀ ਸਿੱਕਾ ਮਿਲਣ ਕਰਕੇ ਉਸ ਦਾ ਪੱਲੜਾ ਭਾਰੀ ਹੋਣ ਲੱਗਾ।

ਗੁੱਸੇ ਵਿਚ ਪਾਗਲ ਹੋਇਆ ਲਖਪਤ ਰਾਏ ਹੋਛੇ ਹੱਥ-ਕੰਡੇ ਵਰਤਣ ਲੱਗਾ। ਉਸ ਨੇ ਜੰਗਲ ਦੇ ਦਰੱਖਤ ਕਟਵਾ ਕੇ ਉਸ ਦੇ ਚਾਰੇ ਪਾਸੇ ਅੱਗ ਲਗਵਾ ਦਿੱਤੀ। ਉਸ ਦੀ ਇਸ ਕਰਤੂਤ ਨੇ ਸਿੱਖਾਂ ਦੀਆਂ ਮੁਸ਼ਕਿਲਾਂ ਵਿੱਚ ਵਾਧਾ ਕਰ ਦਿੱਤਾ। ਇੱਕ ਜੇਠ-ਹਾੜ ਦੀ ਤਪਸ਼, ਦੂਜਾ ਜੰਗਲ ਦੀ ਅੱਗ, ਤੀਜੇ ਗੁਰੂ-ਘਰ ਦੇ ਵਿਰੋਧੀ ਪਹਾੜੀ ਰਾਜੇ ਅਤੇ ਚੌਥਾ ਚੜ੍ਹਦੇ ਪਾਸੇ ਵੱਲ ਸ਼ੂਕਦਾ ਦਰਿਆ ਬਿਆਸ।

ਅਜਿਹੀ ਸੂਰਤ-ਏ-ਹਾਲ ਵਿਚ ਸਿੱਖ ਜਰਨੈਲਾਂ ਨੇ ਸਿੱਖੀ ਦੀ ਸ਼ਾਨ ਬਚਾਉਣ ਲਈ ਇੱਕ ਮਤਾ ਪਾਸ ਕੀਤਾ। ਇਸ ਮਤੇ ਰਾਹੀਂ ਦੁਸ਼ਮਣ ਨਾਲ ਦੋ ਹੱਥ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਫ਼ੈਸਲੇ ਮੁਤਾਬਿਕ ਸਿੱਖਾਂ ਨੇ ਚੜ੍ਹਦੀਕਲਾ ਦੇ ਜੈਕਾਰੇ ਛੱਡੇ ਅਤੇ ਵੈਰੀਆਂ ਖ਼ਿਲਾਫ ਜੂਝ ਪਏ। ਇਸ ਘੱਲੂਘਾਰੇ ਵਿਚ ਕਈ ਸਿੱਖ ਸ਼ਹੀਦ ਹੋ ਗਏ ਅਤੇ ਕਈ ਜ਼ਖ਼ਮੀ। ਜਦੋ ਜਹਿਦ ਕਰਦਿਆਂ ਕੁੱਝ ਸਿੱਖਾਂ ਨੇ ਦਰਿਆ ਬਿਆਸ ਵਿਚ ਛਾਲਾਂ ਮਾਰ ਦਿੱਤੀਆਂ। ਇਨ੍ਹਾਂ ਵਿਚੋਂ ਕੁੱਝ ਰੁੜ ਗਏ ਅਤੇ ਕੁੱਝ ਪਹਾੜਾਂ ਵੱਲ ਨੂੰ ਹੋ ਤੁਰੇ। ਕਈ ਸਿੱਖਾਂ ਨੂੰ ਮੁਗਲਾਂ ਨੇ ਕੈਦੀ ਬਣਾ ਲਿਆ ਅਤੇ ਲਾਹੌਰ ਸ਼ਹਿਰ ਦੇ ਨਾਖਾਸ ਚੌਂਕ ਵਿਚ ਬੜੇ ਵਹਿਸ਼ੀ ਢੰਗ ਨਾਲ ਸ਼ਹੀਦ ਕਰ ਦਿੱਤਾ। ਦੇਹਾਂ ਨੂੰ ਮਸੀਤ ਦੀਆਂ ਦੀਵਾਰਾਂ ਵਿਚ ਦੱਬ ਦਿੱਤਾ ਅਤੇ ਲਹੂ ਨਾਲ ਮਸੀਤ ਦੇ ਫਰਸ਼ ਧੋ ਦਿੱਤੇ।

ਇਸ ਘੱਲੂਘਾਰੇ ਵਿਚ 7000 ਦੇ ਕਰੀਬ ਸਿੱਖ ਸ਼ਹੀਦ ਹੋਏ ਅਤੇ 3000 ਸਿੱਖਾਂ ਨੂੰ ਕੈਦੀ ਬਣਾਇਆ ਗਿਆ। ਕੁੱਝ ਇਤਿਹਾਸਕਾਰਾਂ ਦੀ ਰਾਇ ਮੁਤਾਬਿਕ ਸ਼ਹੀਦ ਹੋਣ ਵਾਲੇ ਸਿੱਖਾਂ ਦੀ ਤਦਾਦ 11000 ਅਤੇ ਕੈਦ ਕੀਤਿਆਂ ਦੀ 2000 ਹੈ।

ਇਸ ਘੱਲੂਘਾਰੇ ਵਿੱਚ ਭਾਵੇਂ ਸਿੱਖ ਸਰਦਾਰਾਂ ਦਾ ਕਾਫੀ ਨੁਕਸਾਨ ਹੋਇਆ, ਪਰ ਦੀਵਾਨ ਲਖਪਤ ਰਾਏ ਦਾ ਸੁਪਨਾ (ਸਿੱਖੀ ਨੂੰ ਖ਼ਤਮ ਕਰਨ ਦਾ) ਅਧੂਰਾ ਹੀ ਰਹਿ ਗਿਆ। ਕਿਉਂਕਿ ਇੱਕ ਛਿਮਾਹੀ ਪਿੱਛੋਂ ਸਿੱਖ ਦੁਬਾਰਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ ਉਨ੍ਹਾਂ ਨੇ 30 ਮਾਰਚ 1747 ਈ. ਨੂੰ ਸਰਬੱਤ ਖ਼ਾਲਸਾ ਬੁਲਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਪੱਕੀ ਠਹਿਰ ਬਣਾਉਣ ਦਾ ਗੁਰਮਤਾ ਪਾਸ ਕਰ ਦਿੱਤਾ। ਇਸ ਗੁਰਮਤੇ ਮੁਤਾਬਿਕ ਹੀ ਰਾਮ ਰੌਣੀ ਦੇ ਕਿਲ੍ਹੇ ਦੀ ਉਸਾਰੀ ਆਰੰਭ ਕੀਤੀ ਗਈ।

-0-

# 'ਅਕਾਲ ਮੂਰਤਿ' ਦਾ ਸੰਕਲਪ

ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਰੱਬ "ਅਕਾਲ ਮੂਰਤਿ" ਹੈ। ਉਹ ਸਮੇਂ ਦੇ ਅਧੀਨ ਨਹੀਂ। ਕਦੀ ਘਟ ਜਾਂ ਕਦੀ ਵੱਧ ਨਹੀਂ ਹੁੰਦਾ। ਭੌਤਿਕ ਚੀਜ਼ਾਂ ਵਾਂਗ ਸਮੇਂ ਨਾਲ ਬਦਲਦਾ ਜਾਂ ਖਤਮ ਨਹੀਂ ਹੁੰਦਾ।

ਅਕਾਲ ਮੂਰਤਿ ਦਾ ਅਰਥ ਹੈ- ਅਕਾਲ ਪੁਰਖ ਸਮੇਂ ਦੀ ਪਾਬੰਦੀ ਤੋਂ ਮੁਕਤ ਹੈ। ਉਸ ਤੇ ਬਚਪਨ, ਜਵਾਨੀ, ਬੁਢੇਪਾ ਤੇ ਮੌਤ ਨਹੀਂ ਆਉਂਦੀ। ਉਹ ਨਾਸ ਰਹਿਤ ਹੈ, ਕਾਲ ਦਾ ਉਸ ਤੇ ਕੋਈ ਪ੍ਰਭਾਵ ਨਹੀਂ ਹੈ।



ਮੰਗਤ ਸਿੰਘ ਰਾਹੀ
# 98882-91607

ਇਸ ਗੁਣ ਨੂੰ ਅਸਾਂ ਨੇ ਵੀ ਆਪਣੇ ਜੀਵਨ ਵਿਚ ਅਪਨਾਣਾ ਹੈ ਤਾਂ ਕਿ ਅਸੀਂ ਵੀ ਕਾਲ ਤੋਂ ਰਹਿਤ ਹੋ ਜਾਈਏ। ਜਦ ਮਨੁੱਖ ਆਪਣੇ ਫਰਜ਼ਾਂ ਤੋਂ ਕਿਨਾਰਾ ਕਰ ਲੈਂਦਾ ਹੈ ਤਾਂ ਉਸਦੀ ਆਤਮਿਕ ਮੌਤ ਹੋ ਜਾਂਦੀ ਹੈ। ਸਾਨੂੰ "ਅਕਾਲ ਮੂਰਤਿ" ਨੂੰ ਸਦਾਚਾਰੀ ਗੁਣ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ। "ਅਕਾਲ ਮੂਰਤਿ" ਦੇ ਰੱਬੀ ਗੁਣ ਨੂੰ ਅਪਣਾ ਕੇ ਆਤਮਿਕ ਮੌਤ ਤੋਂ ਬਚਾਅ ਹੋ ਸਕਦਾ ਹੈ ਫਿਰ ਆਪਣੀ ਤਨਖਾਹ ਦੇ ਨਾਲ ਨਾਲ ਰਿਸ਼ਵਤ ਦੇ ਪੈਸੇ ਨੂੰ ਨਹੀਂ ਹੱਥ ਪਾਏਗਾ। ਇਸ ਤਰ੍ਹਾਂ ਸਮਝ ਸਕਦੇ ਹਾਂ ਕਿ ਇਸਨੇ ਅਸਲ ਵਿਚ ਹੀ ਸਵੇਰੇ "ਅਕਾਲ ਮੂਰਤਿ" ਪੜ੍ਹਿਆ ਹੈ।

ਪ੍ਰਭੂ ਹੈ- ਅਕਾਲ ਮੂਰਤਿ, ਮੂਰਤਿ ਦਾ ਮਤਲਬ ਹਸਤੀ ਤੇ ਅਕਾਲ ਦਾ ਮਤਲਬ ਕਾਲ ਤੋਂ ਪਰੇ, ਮੌਤ ਤੋਂ ਪਰੇ। ਬੰਦਾ ਕਹਿੰਦਾ- ਪ੍ਰਭੂ ਹੋਏਗਾ "ਅਕਾਲ ਮੂਰਤਿ" ਮੈਂ ਤਾਂ ਹਰ ਪਲ ਮਰ ਰਿਹਾ ਹਾਂ। ਸਚ ਬੋਲਦਾ ਹਾਂ ਤਾਂ ਜੀ ਪੈਂਦਾ ਹਾਂ, ਝੂਠ ਬੋਲਦਾ ਹਾਂ ਤਾਂ ਮੇਰੀ ਅੰਦਰੋਂ ਮੌਤ ਹੋ ਜਾਂਦੀ ਹੈ। ਜਦ ਮੈਂ ਆਪਣੇ ਹੱਕ ਦੀ ਕਮਾਈ ਘਰ ਲੈ ਕੇ ਆਂਦਾ ਹਾਂ ਤਾਂ ਜੀ ਪੈਂਦਾ ਹਾਂ, ਕਿਸੇ ਗਰੀਬ ਦਾ ਹੱਕ ਮਾਰਦਾ ਹਾਂ ਤਾਂ ਮੇਰੀ ਜ਼ਮੀਰ ਮਰ ਜਾਂਦੀ ਹੈ। ਕਿਸੇ ਦੀ ਸਿਫਤ ਕਰਦਾ ਹਾਂ ਤਾਂ ਜੀ ਉਠਦਾ ਹਾਂ, ਕਿਸੇ ਦੀ ਨਿੰਦਾ ਕਰਦਾ ਹਾਂ ਤਾਂ ਮੇਰੇ ਅੰਦਰ ਦੀ ਇਨਸਾਨੀਅਤ ਮਰ ਜਾਂਦੀ ਹੈ। ਰੱਬ ਚੇਤੇ ਆ ਜਾਂਦਾ ਹੈ ਤਾਂ ਮੈਂ ਜੀ ਪੈਂਦਾ ਹਾਂ, ਪ੍ਰਭੂ ਭੁਲ ਜਾਂਦਾ ਹੈ ਤਾਂ ਮੇਰੀ ਮੌਤ ਹੋ ਜਾਂਦੀ ਹੈ। ਪਲ ਪਲ ਤਾਂ ਮਰਦਾ ਜੀਂਦਾ ਹਾਂ।

**ਆਖਾ ਜੀਵਾ ਵਿਸਰੈ ਮਰਿ ਜਾਉ॥** (9)

ਮੈਂ "ਅਕਾਲ ਮੂਰਤਿ" ਕਿਵੇਂ ਹੋ ਸਕਦਾ ਹਾਂ?

ਗੁਰੂ ਪਾਤਸ਼ਾਹ ਕਹਿੰਦੇ ਹਨ- ਐ ਬੰਦੇ! ਜਿਸ ਦਿਨ ਤੂੰ ਵਿਕਾਰਾਂ ਵਿਚ ਮਰਨਾ ਛੱਡ ਦੇਵੇਂਗਾ, ਉਸ ਦਿਨ ਅਮਰ ਹੋ ਜਾਏਂਗਾ। ਰੱਬੀ ਗੁਣਾਂ ਨੂੰ ਜੀਵਨ ਵਿਚ ਪ੍ਰਗਟ ਕਰ ਲੈ, ਇਹ ਗੁਣ ਤੈਨੂੰ ਕਦੇ ਮਰਣ ਨਹੀਂ ਦੇਣਗੇ। ਦਯਾ ਆ ਜਾਏਗੀ ਤਾਂ ਕਦੇ ਕਰੋਧ ਵਿਚ ਨਹੀਂ ਮਰੇਂਗਾ। ਨਿਮਰਤਾ ਆ ਜਾਏਗੀ ਤਾਂ ਹੰਕਾਰ ਵਿਚ ਨਹੀਂ ਮਰੇਂਗਾ। ਸੱਚ ਪ੍ਰਗਟ ਹੋ ਜਾਏਗਾ ਤਾਂ ਕਦੇ ਝੂਠ ਵਿਚ ਨਹੀਂ ਮਰੇਂਗਾ।

**ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨ ਮੁਆ॥** (612)

ਹੇ ਭਾਈ! ਗੁਰੂ ਨੇ ਮੈਨੂੰ ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਦੀ ਇਕ ਬੂੰਦ ਦਿੱਤੀ ਹੈ, ਹੁਣ ਮੇਰੀ ਆਤਮਾ ਵਿਕਾਰਾਂ ਵਲੋਂ ਅਡੋਲ ਹੋ ਗਈ ਹੈ, ਆਤਮਕ ਮੌਤ ਤੋਂ ਮੈਂ ਬਚ ਗਿਆ ਹਾਂ, ਆਤਮਕ ਮੌਤ ਮੇਰੇ ਨੇੜੇ ਨਹੀਂ ਢੁਕਦੀ। ਰੱਬੀ ਅੰਮ੍ਰਿਤ ਦੀ ਇਕ ਬੂੰਦ ਅਮਰ ਕਰ ਦੇਂਦੀ ਹੈ।

ਇਸ ਲਈ-

**ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ॥**

**ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ॥** (496)

ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਸਦਾ ਪੀਂਦਾ ਰਹੁ, ਸਦਾ ਲਈ ਤੇਰਾ ਉਚਾ ਆਤਮਕ ਜੀਵਨ ਬਣਿਆ ਰਹੇ। ਪਰਮਾਤਮਾ ਦਾ ਸਿਮਰਨ ਕੀਤਿਆਂ ਨਾ ਮੁਕਣ ਵਾਲਾ ਆਨੰਦ ਬਣਿਆ ਰਹਿੰਦਾ ਹੈ। ਆਤਮਕ ਖੁਸ਼ੀਆਂ ਪ੍ਰਾਪਤ ਰਹਿੰਦੀਆਂ ਹਨ, ਸਭ ਆਸਾਂ ਪੂਰੀਆਂ ਹੋਈਆਂ ਰਹਿੰਦੀਆਂ ਹਨ, ਚਿੰਤਾ ਕਦੇ ਆਪਣਾ ਜੋਰ ਨਹੀਂ ਪਾ ਸਕਦੀ। ਰੱਬੀ ਗੁਣ ਤੈਨੂੰ ਕਦੇ ਮਰਣ ਨਹੀਂ ਦੇਣਗੇ।

**ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥** (1429)

ਨਾਨਕ ਆਖਦਾ ਹੈ- ਹੁਣ ਪਿਆਰੇ ਗੁਰੂ ਪਾਸੋਂ ਜਦ ਮੈਨੂੰ ਤੇਰਾ ਨਾਮ ਮਿਲਦਾ ਹੈ, ਤਾਂ ਮੇਰੇ ਅੰਦਰ ਆਤਮਕ ਜੀਵਨ ਪੈਦਾ ਹੋ ਜਾਂਦਾ ਹੈ। ਮੇਰਾ ਤਨ ਮੇਰਾ ਮਨ ਉਸ ਆਤਮਕ ਜੀਵਨ ਦੀ ਬਰਕਤਿ ਨਾਲ ਖਿੜ ਆਉਂਦਾ ਹੈ। ਫਿਰ ਮਰੇਂਗਾ ਹੀ ਨਹੀਂ,

**ਜੀਵਤ ਜੀਵਤ ਜੀਵਤ ਰਹਹੁ॥**

**ਰਾਮ ਰਸਾਇਣੁ ਨਿਤ ਉਠਿ ਪੀਵਹੁ॥** (1138)

ਨਾਮ ਸਿਮਰਨ ਦੁਆਰਾ ਸਦਾ ਆਤਮਕ ਜੀਵਨ ਵਾਲੇ ਬਣੇ ਰਹੋ, ਸਦਾ ਆਹਰ ਨਾਲ ਸਭ ਰਸਾਂ ਤੋਂ ਸ੍ਰੇਸ਼ਟ ਨਾਮ-ਰਸ ਪੀਂਦੇ ਰਹੋ।

-0-

## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**

**ਗੁਰਮਤਿ ਵਿਰਸਾ**

ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ

**M:** 79733-70542 **Email:** gurmatvirsa@gmail.com

# ਸੇਵਾ ਤੇ ਸਿਮਰਨ ਦੀ ਮੂਰਤ ਸ੍ਰੀ ਗੁਰੂ ਅਮਰ ਦਾਸ ਜੀ

**-ਡਾ. ਰਣਜੀਤ ਸਿੰਘ 94170-87328**

ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਤੀਜੇ ਵਾਰਿਸ ਗੁਰੂ ਅਮਰਦਾਸ ਜੀ ਨੇ ਸੇਵਾ, ਸਿਮਰਨ ਅਤੇ ਸਮਾਜ ਸੁਧਾਰ ਦੀ ਜਿਹੜੀ ਮਹਾਨ ਪਿਰਤ ਪਾਈ ਉਹ ਸੰਸਾਰ 'ਚ ਲਾਸਾਨੀ ਹੈ। ਉਨ੍ਹਾਂ ਤੋਂ ਪਹਿਲਾਂ ਸੰਸਾਰ 'ਚ ਕੋਈ ਵੀ ਵਿਅਕਤੀ ਅਜਿਹਾ ਨਹੀਂ ਹੋਇਆ, ਜਿਸ ਨੇ ਆਪਣੇ ਮੁਰਸ਼ਦ ਦੀ 12 ਸਾਲ ਇਤਨੀ ਨਿਸ਼ਟਾ, ਲਗਨ ਅਤੇ ਨਿਰਵਿਘਨਤਾ ਨਾਲ ਸੇਵਾ ਕੀਤੀ ਹੋਵੇ। ਆਪਣੀ 'ਹਉਮੈ' ਅਤੇ 'ਮੈਂ' ਨੂੰ ਕਾਬੂ ਕਰਨ ਲਈ ਸੇਵਾ ਦੇ ਨਾਲ ਉਨ੍ਹਾਂ ਸਿਮਰਨ ਵੀ ਕੀਤਾ। ਇਹ ਆਖਿਆ ਜਾਂਦਾ ਹੈ ਕਿ ਇਨ੍ਹਾਂ 12 ਸਾਲਾਂ ਵਿਚ ਆਪਣੇ ਗੁਰੂ ਨੂੰ ਕਦੇ ਪਿੱਠ ਨਹੀਂ ਵਿਖਾਈ।

ਇਹੀ ਘਾਲਣਾ ਉਨ੍ਹਾਂ ਨੂੰ ਗੁਰਗੱਦੀ ਤੀਕ ਪਹੁੰਚਾਉਣ ਵਿਚ ਸਹਾਈ ਹੋਈ। ਗੁਰਗੱਦੀ ਦੀ ਪ੍ਰਾਪਤੀ ਪਿੱਛੋਂ ਵੀ ਉਹ ਲਗਾਤਾਰ ਸੇਵਾ ਅਤੇ ਸਿਮਰਨ ਕਰਦੇ ਰਹੇ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਗੁਰਗੱਦੀ ਦੀ ਪ੍ਰਾਪਤੀ ਪਿੱਛੋਂ ਸੇਵਾ ਸਿਮਰਨ ਕਿਉਂ ਕਰਨਾ ਹੈ? ਤਾਂ ਗੁਰੂ ਜੀ ਦਾ ਉੱਤਰ ਸੀ ਕਿ ਸੇਵਾ ਤੇ ਸਿਮਰਨ ਸਦਕਾ ਹੀ ਗੁਰਗੱਦੀ ਪ੍ਰਾਪਤ ਹੋਈ ਹੈ, ਇਨ੍ਹਾਂ ਤੋਂ ਮੁੱਖ ਮੋੜ ਮੈਂ ਅਕ੍ਰਿਤਘਣ ਕਿਵੇਂ ਬਣ ਸਕਦਾ ਹਾਂ। ਗੁਰੂ ਨਾਨਕ ਸਾਹਿਬ ਨੇ ਜਦੋਂ ਇਸ ਧਰਤੀ ਉੱਤੇ ਅਵਤਾਰ ਧਾਰਿਆ ਤਾਂ ਹਰ ਪਾਸੇ ਜਬਰ ਜ਼ੁਲਮ, ਊਚ-ਨੀਚ, ਜਾਤ-ਪਾਤ, ਛੂਆ-ਛੂਤ ਅਤੇ ਵਹਿਮਾਂ-ਭਰਮਾਂ ਦਾ ਹਨ੍ਹੇਰਾ ਪਸਰਿਆ ਹੋਇਆ ਸੀ। ਗੁਰੂ ਸਾਹਿਬ ਨੇ ਇਨ੍ਹਾਂ ਸਭਨਾਂ ਵਿਰੁੱਧ ਆਵਾਜ਼ ਬੁਲੰਦ ਕਰਕੇ ਸੰਸਾਰ 'ਚ ਇਕ ਨਵੇਂ ਇਨਕਲਾਬ ਦੀ ਨੀਂਹ ਰੱਖੀ। ਗੁਰੂ ਅਮਰਦਾਸ ਜੀ ਨੇ ਸੇਵਾ ਤੇ ਸਿਮਰਨ ਨਾਲ ਜਿਹੜਾ ਆਤਮ ਵਿਸ਼ਵਾਸ ਅਤੇ ਆਤਮ ਸ਼ਕਤੀ ਪ੍ਰਾਪਤ ਕੀਤੀ, ਉਸ ਦੇ ਸਹਾਰੇ ਗੁਰੂ ਨਾਨਕ ਦੇ ਮਿਸ਼ਨ ਨੂੰ ਪ੍ਰਚਾਰਨ, ਪ੍ਰਸਾਰਨ ਅਤੇ ਦੇਸ਼ 'ਚੋਂ ਊਚ-ਨੀਚ, ਨਾ ਬਰਾਬਰੀ, ਜਾਤ-ਪਾਤ ਅਤੇ ਵਹਿਮਾਂ-ਭਰਮਾਂ ਨੂੰ ਦੂਰ ਕਰਨ ਲਈ ਇਕ ਮੁਹਿੰਮ ਸ਼ੁਰੂ ਕੀਤੀ। ਗੋਇੰਦਵਾਲ ਸਾਹਿਬ ਨਗਰ ਵਸਾ ਇਸ ਨੂੰ ਆਪਣੀ ਮੁਹਿੰਮ ਦਾ ਮੁੱਖ ਕੇਂਦਰ ਬਣਾਇਆ। ਇਸੇ ਕਰਕੇ ਗੋਇੰਦਵਾਲ ਸਾਹਿਬ ਨੂੰ ਸਿੱਖੀ ਦਾ ਧੁਰਾ ਵੀ ਆਖਿਆ ਜਾਂਦਾ ਹੈ। ਗੁਰੂ ਜੀ ਨੇ ਆਪਣੇ ਮਿਸ਼ਨ ਦੇ ਪ੍ਰਚਾਰ ਲਈ 22 ਕੇਂਦਰ ਸਥਾਪਿਤ ਕੀਤੇ, ਜਿਨ੍ਹਾਂ ਨੂੰ ਮੰਜੀਆਂ ਆਖਿਆ ਗਿਆ। ਇਨ੍ਹਾਂ ਮੰਜੀਆਂ ਦੇ ਅੱਗੇ ਸਬ ਕੇਂਦਰ ਬਣਾਏ ਗਏ, ਜਿਨ੍ਹਾਂ ਨੂੰ ਪੀੜ੍ਹੀਆਂ ਦਾ ਨਾਂਅ ਦਿੱਤਾ ਗਿਆ। ਇਨ੍ਹਾਂ ਕੇਂਦਰਾਂ ਉੱਤੇ ਸੱਚੇ ਅਤੇ ਸੁੱਚੇ ਕਿਰਦਾਰ ਵਾਲੇ ਸਿੱਖਾਂ ਨੂੰ ਮੁੱਖ ਸੇਵਾਦਾਰ ਥਾਪਿਆ।

ਲੰਗਰ ਦੀ ਪ੍ਰਥਾ ਭਾਵੇਂ ਗੁਰੂ ਨਾਨਕ ਸਾਹਿਬ ਨੇ ਸ਼ੁਰੂ ਕੀਤੀ ਪਰ ਤੀਜੇ ਗੁਰੂ ਜੀ ਨੇ ਸੰਗਤ ਅਤੇ ਪੰਗਤ ਨੂੰ ਨਾਲ ਜੋੜ ਕੇ ਛੂਤ-ਛਾਤ, ਜਾਤ-ਪਾਤ ਅਤੇ ਊਚ-ਨੀਚ ਨੂੰ ਦੂਰ ਕਰਨ ਦਾ ਵਸੀਲਾ ਬਣਾਇਆ। ਗੁਰੂ ਜੀ ਦੇ ਦਰਸ਼ਨ ਕਰਨ ਤੋਂ ਪਹਿਲਾਂ ਹਰੇਕ ਵਿਅਕਤੀ ਨੂੰ ਭਾਵੇਂ ਉਸ ਦਾ ਰੁਤਬਾ ਜਾਂ ਜਾਤ ਕਿੰਨੀ ਵੀ ਵੱਡੀ ਕਿਉਂ ਨਾ ਹੋਵੇ, ਸੰਗਤ ਦੇ ਨਾਲ ਪੰਗਤ ਵਿਚ ਬੈਠ ਲੰਗਰ ਛਕਣਾ ਪੈਂਦਾ ਸੀ। ਬਾਦਸ਼ਾਹ ਅਕਬਰ ਜਦੋਂ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਤਾਂ ਉਸ ਨੂੰ ਵੀ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਪਿਆ। ਗੁਰੂ ਜੀ ਦੇ ਆਰੰਭੇ ਕਾਰਜਾਂ ਤੋਂ ਬਾਦਸ਼ਾਹ ਅਕਬਰ ਏਨਾ ਪ੍ਰਭਾਵਿਤ ਹੋਇਆ ਕਿ ਉਸ ਸੋਨੇ ਦੀਆਂ ਪੰਜ ਮੋਹਰਾਂ ਰੱਖ ਗੁਰੂ ਜੀ ਨੂੰ ਮੱਥਾ ਟੇਕਿਆ। ਉਹ ਗੁਰੂ ਜੀ ਨੂੰ ਇਕ ਵੱਡੀ ਜਗੀਰ ਦੇਣਾ ਚਾਹੁੰਦਾ ਸੀ ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ ਕਿਉਂਕਿ ਗੁਰੂ ਜੀ ਕੁਝ ਵੀ ਆਪਣਾ ਨਹੀਂ ਰੱਖਣਾ ਚਾਹੁੰਦੇ ਸਨ। ਉਹ ਤਾਂ ਰਾਤ ਭਾਂਡੇ ਵੀ ਮੂਧੇ ਮਾਰ ਕੇ ਸੌਂਦੇ ਸਨ ਤਾਂ ਜੋ ਕੁਝ ਹੋਣ ਦਾ ਅਹਿਸਾਸ ਹਉਮੈ ਨੂੰ ਜਨਮ ਨਾ ਦੇ ਸਕੇ।

ਗੁਰੂ ਜੀ ਨੇ ਔਖੇ ਕਰਮ ਕਾਂਡਾਂ ਤੋਂ ਲੋਕਾਂ ਨੂੰ ਮੁਕਤੀ ਦਿਵਾਈ। ਇੱਥੋਂ ਤੀਕ ਕਿ ਵਿਆਹ ਦੇ ਲੰਬੇ ਚੌੜੇ ਕਰਮ ਕਾਂਡਾਂ ਨੂੰ ਸਮਾਪਤ ਕਰਕੇ ਅਨੰਦ ਕਾਰਜ ਦੀ ਰੀਤ ਚਲਾਈ। ਅਨੰਦ ਸਾਹਿਬ ਦੇ ਪਾਠ ਨਾਲ ਹੀ ਅਨੰਦ ਕਾਰਜ ਸੰਪੰਨ ਕੀਤਾ। ਇਸੇ ਤਰ੍ਹਾਂ ਮੌਤ ਸਮੇਂ ਰੋਣਾ-ਧੋਣਾ ਤੇ ਦੂਜੇ ਕਰਮ ਕਾਂਡਾਂ ਤੋਂ ਵੀ ਗੁਰੂ ਜੀ ਨੇ ਵਰਜਿਆ। ਉਨ੍ਹਾਂ ਆਪਣੀ ਸੰਗਤ ਨੂੰ ਹੁਕਮ ਕੀਤਾ ਕਿ ਮੇਰੇ ਚਲਾਣੇ ਸਮੇਂ ਕੇਵਲ ਗੁਰਬਾਣੀ ਦਾ ਕੀਰਤਨ ਕੀਤਾ ਜਾਵੇ।

ਗੁਰੂ ਜੀ 73 ਵਰ੍ਹਿਆਂ ਦੀ ਉਮਰ 'ਚ ਗੁਰਗੱਦੀ ਉੱਤੇ ਬੈਠੇ ਸਨ। ਆਪ 95 ਸਾਲ ਦੀ ਆਯੂ ਵਿਚ ਜੋਤੀ ਜੋਤ ਸਮਾ ਗਏ। ਇਸ ਬਿਰਧ ਅਵਸਥਾ ਵਿਚ ਵੀ 22 ਸਾਲ ਉਨ੍ਹਾਂ ਕੌਮ ਨੂੰ ਇਕ ਨਵੀਂ ਜ਼ਿੰਦਗੀ ਬਖਸ਼ੀ। ਉਹ ਨਿਮਾਣਿਆਂ ਦੇ ਮਾਣ, ਨਿਓਟਿਆਂ ਦੀ ਓਟ ਅਤੇ ਨਿਤਾਣਿਆਂ ਦੇ ਤਾਣ ਬਣੇ। ਲੋਕਾਂ ਨੂੰ ਊਚ-ਨੀਚ, ਵਹਿਮਾਂ-ਭਰਮਾਂ ਅਤੇ ਕਰਮ ਕਾਂਡਾਂ ਵਿਚੋਂ ਕੱਢ ਉੱਚਾ ਅਤੇ ਸੁੱਚਾ ਜੀਵਨ ਜੀਉਣ ਦੀ ਜਾਚ ਸਿਖਾਈ, ਜਿਸ ਵਿਚ ਸਾਰੇ ਬਰਾਬਰ ਸਮਝੇ ਗਏ।

-0-

**ਸ਼ਬਦ ਵਿਚਾਰ** **ਸਫਾ 8 ਦਾ ਬਾਕੀ**

ਸਮਾਜ ਦੇ ਭਲੇ ਕੰਮਾਂ ਲਈ ਅੱਗੇ ਆਉਣਾ, ਦੂਸਰਾ ਆਪਣੇ ਤੋਂ ਕੋਈ ਪਿੱਛੇ ਰਹਿ ਗਿਆ ਹੈ ਤਾਂ ਉਸ ਦੀ ਬਾਂਹ ਫੜਨੀ ਸਿਮਰਨ ਦੀ ਪ੍ਰੀਭਾਸ਼ਾ ਵਿੱਚ ਹੀ ਆਉਂਦਾ ਹੈ--੮

1. ਰੱਬੀ ਗੁਣਾਂ ਨਾਲ ਸ਼ਿੰਗਾਰਿਆ ਹੋਇਆ ਸਰੀਰ ਮਿਲਿਆ ਹੈ ਫਿਰ ਆਪਣੀ ਸ਼ਖ਼ਸ਼ੀਅਤ ਘੜ੍ਹਨ ਵਿੱਚ ਦੇਰੀ ਕਿਉਂ ਹੈ?

2. ਕੋਈ ਵੀ ਹੁਨਰ ਸਿੱਖਦਿਆਂ ਗੁਣ ਇਕੱਠੇ ਕਰਨੇ ਕੁਦਰਤੀ ਦੌਲਤ ਹੈ।

3. ਗੁਣ ਤੇ ਗੁਣ ਹਾਸਲ ਕਰਨੇ ਆਤਮਿਕ ਜਾਇਦਾਦ ਹੈ

4. ਇਮਾਨਦਾਰੀ, ਵਫ਼ਾਦਾਰੀ, ਮਿਹਨਤ, ਸੰਤੋਖ ਨਿੱਜ ਘਰ ਦੇ ਸਦੀਵੀ ਗੁਣ ਹਨ।

5. ਮਨ ਦਾ ਚੈਨ, ਸੁੱਖ, ਸਹਿਜ ਤੇ ਵਿਚਾਰ ਦਾ ਅਭਿਆਸ ਕਰਨਾ ਨਾਮ ਜਪਣਾ ਹੈ

6. ਮੇਰਿਆ ਮਨਾ ਫਜ਼ੂਲ ਦੀ ਦੌੜ ਭੱਜ ਛੱਡ ਕੇ ਆਪਣੇ ਮਕਸਦ ਨੂੰ ਸਮਝ।

*ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ ॥੧॥ ਰਹਾਉ॥*

*(੧੦੧੯)*

# ਕੌਮੀ ਭਵਿੱਖ ਬਾਰੇ ਸੋਚੋ

-ਇੰਜੀ ਜੋਗਿੰਦਰ ਸਿੰਘ

## (ਉਕਾਈਆਂ-ਕੁਤਾਹੀਆਂ)

ਆਮ ਗੱਲਬਾਤ ਵਿਚ ਅਸੀਂ ਕਿਸੇ ਬੰਦੇ ਦਾ ਨਾਂ ਲੈ ਕੇ ਠੀਕ ਜਾਂ ਗ਼ਲਤ ਹੋਣ ਬਾਰੇ ਵਿਚਾਰਾਂ ਦੀ ਸਾਂਝ ਕਰ ਰਹੇ ਹੁੰਦੇ ਹਾਂ। ਥਾਵਾਂ ਜਾਂ ਅਸਥਾਨਾਂ ਸਬੰਧੀ ਵੀ ਅਕਸਰ ਤਬਾਦਲਾ-ਖ਼ਿਆਲਾਤ ਹੁੰਦਾ ਰਹਿੰਦਾ ਹੈ। ਬਹੁਤੀ ਵਾਰ ਹੋ ਚੁੱਕੀਆਂ ਘਟਨਾਵਾਂ ਦਾ ਮੋਟਾ-ਮੋਟਾ ਪੋਸਟ-ਮਾਰਟਮ ਬੜੇ ਲੰਮੇ ਸਮੇਂ ਤੱਕ ਚਲਦਾ ਰਹਿੰਦੇ। ਇਹ ਸਾਰਾ ਕੁਝ ਸਾਡੇ ਭਾਈਚਾਰਕ ਤੇ ਸਮਾਜਕ-ਚਲਨ ਦਾ ਹਿੱਸਾ ਹੈ, ਇਸ ਤੋਂ ਅਸੀ ਮੁਨਕਰ ਨਹੀਂ ਹੋ ਸਕਦੇ ਤੇ ਸ਼ਾਇਦ ਇਸ ਵਿਚ ਕੁਝ ਵੀ ਗ਼ਲਤ ਨਹੀਂ ਜਾਪਦਾ। ਪਰ ਜੇਕਰ ਤੁਸੀਂ ਅੰਤਰ-ਝਾਤ ਮਾਰ ਕੇ ਵੇਖੋ ਤੇ ਜਾਨਣ ਦੀ ਕੋਸ਼ਿਸ਼ ਕਰੋ ਕਿ ਅਸਾਂ ਇੰਨੀਆਂ ਲੰਮੀਆਂ-ਚੌੜੀਆਂ ਵਿਚਾਰ-ਚਰਚਾਵਾਂ ਰੂਪੀ ਮਧਾਣੀਆਂ ਦੇ ਰਿੜਕਣੇ ਵਿਚੋਂ ਲੱਭਿਆ ਕੀ ਹੈ, ਤਾਂ ਸਾਡੇ ਹੱਥ ਵਿਚ ਭੋਰਾ ਕੁ ਵੀ ਮੱਖਣ ਨਹੀਂ ਜੁੜਦਾ। ਕੀ ਸਾਨੂੰ ਆਪਣੇ ਕਿਰਦਾਰ ਵਿਚਲੀ ਗੁਫ਼ਤਾਰ-ਰਫ਼ਤਾਰ ਵਿਚ ਕੁਝ ਤਬਦੀਲੀ ਲਿਆਵਣ ਦੀ ਲੋੜ ਦਾ ਅਹਿਸਾਸ ਨਹੀਂ ਜਾਗਦਾ? **ਸਿਆਣਿਆਂ ਨੇ ਆਖਿਆ ਹੈ ਕਿ ਨਾਵਾਂ-ਥਾਵਾਂ ਤੇ ਘਟਨਾਵਾਂ ਦੀ ਪੁਣ-ਛਾਣ ਕਰਨਾ ਤਾਂ ਲੋੜੀਂਦਾ ਹੈ, ਪਰ ਮਕਸਦ ਸਾਡਾ ਹਮੇਸ਼ਾਂ ਆਪਣੇ ਵਲੋਂ ਮਿੱਥੇ ਗਏ ਨਿਸ਼ਾਨਿਆਂ ਵੱਲ ਸੇਧਿਤ ਹੋਣਾ ਚਾਹੀਦੇ।** ਇਸ ਲਈ ਸਾਡੀਆਂ ਵਿਚਾਰ-ਸਾਂਝਾਂ ਵਿਚ ਅਕੀਦਿਆਂ ਵਿਸ਼ਵਾਸਾਂ ਤੇ ਵਿਚਾਰਧਾਰਾਵਾਂ ਵਿਚ ਹੋ ਰਹੀਆਂ ਉਕਾਈਆਂ-ਕੁਤਾਹੀਆਂ ਤੇ ਲਾ-ਪਰਵਾਹੀਆਂ ਨੂੰ ਰੋਕਿਆ-ਟੋਕਿਆ ਜਾਣਾ ਅਤੀ-ਅਵੱਸ਼ਕ ਬਣ ਜਾਂਦੇ ਹਨ। ਪਰ ਅਮਲੀ ਰੂਪ ਵਿਚ ਸਿਆਣੇ ਤੇ ਸਥਾਪਿਤ ਵਿਦਵਾਨ ਵਿਅਕਤੀ ਇਸ ਪਾਸਿਉਂ ਕੰਨੀ ਕਤਰਾਂਦੇ ਵੇਖੇ ਗਏ ਹਨ। ਉਹ 'ਵੇਖ ਕੇ ਅਣਡਿੱਠ' ਕਰਨ ਵਿਚ ਹੀ ਸਿਆਣਪ ਤੇ ਸੁਵਿਧਾ ਜਾਣ ਕੇ ਆਪਣੀ ਭੁੱਲ ਬਚਾਉਣ ਨੂੰ ਤਰਜੀਹ ਦਿੰਦੇ ਹਨ। ਇਕ ਚੁੱਪ ਸੌ ਸੁਖ ਭਾਵ ਉਹ ਆਪਣੇ ਅੰਤਿਸ਼ਕਰਣ ਵਿਚ ਵਕਤੀ ਤੌਰ 'ਪਰ ਉੱਠਦੇ ਇਕ ਸਿਧਾਂਤਕ ਦੁੱਖ ਦੀ ਪੀੜਾ ਨੂੰ, ਸਭ ਕੁਝ ਭਾਣੇ ਅੰਦਰ ਵਾਪਰ ਰਿਹਾ ਜਾਨਣ ਦੇ ਭਰਮ ਅਧੀਨ ਸਹਿ ਲੈਣਾ ਪਸੰਦ ਕਰਦੇ ਨੇ-ਜਿਵੇਂ ਕਬੂਤਰ, ਸਾਹਮਣਿਉ ਆਉਂਦੀ ਬਿੱਲੀ ਨੂੰ ਵੇਖ ਕੇ ਅੱਖਾਂ ਮੀਟ ਲੈਂਦੇ।

ਗੁਰਬਾਣੀ ਕੀਰਤਨ ਦੇ ਪ੍ਰੇਮੀਆਂ ਨੂੰ ਯਾਦ ਹੋਵੇਗਾ ਕਿ 1947 ਦੀ ਵੰਡ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਦੇ 'ਦਰਬਾਰ ਸਾਹਿਬ' ਵਿਚ ਮੁਸਲਮਾਨ-ਰਬਾਬੀਆਂ ਕੋਲੋਂ ਅਤਿ ਰਸ-ਭਿੰਨਾ ਗੁਰੂ-ਜਸ ਸੁਣਦੇ ਸਾਂ। ਜਦੋਂ ਉਹਨਾਂ ਦੇ ਕੱਟੜ ਸਹਿ-ਧਰਮੀਆਂ ਨੇ ਗ਼ੈਰ-ਮੁਸਲਿਮ ਕਲਾਮ ਪੜ੍ਹਨ ਬਾਰੇ ਸੁਆਲ ਖੜ੍ਹੇ ਕੀਤੇ ਤਾਂ ਰਬਾਬੀਆਂ ਨੇ ਉਤਰ ਦਿੱਤਾ ਕਿ, ਇਹ ਤਾਂ ਉਹਨਾਂ ਦਾ ਰੁਜ਼ਗਾਰ ਹੈ ਤੇ ਵਾਪਿਸ ਪਰਤ ਕੇ ਉਹ ਚੰਗੀ ਤਰ੍ਹਾਂ ਕੁਰਲੀਆਂ ਕਰਦਿਆਂ ਮੂੰਹ-ਗਲੇ ਅਤੇ ਪੂਰੇ ਤਨ-ਮਨ ਦੀ ਸ਼ਰੱਈ-ਸ਼ੁੱਧਤਾ ਬਰਕਰਾਰ ਕਰ ਲੈਂਦੇ ਨੇ। ਅਜਿਹੀਆਂ ਗੱਲਾਂ ਦੇ ਸਿੱਖ ਸੰਗਤਾਂ ਵਿਚ ਉਜਾਗਰ ਹੋਣ 'ਪਰ ਉਹਨਾਂ ਨੂੰ ਸੇਵਾ-ਮੁਕਤ ਕਰ ਦਿੱਤਾ ਗਿਆ ਸੀ। ਹੋਰ ਵੀ ਕਈ ਅਨ-ਮਤੀਆਂ ਨੇ ਗੁਰਬਾਣੀ-ਕੀਰਤਨ ਨੂੰ ਮਹਿਜ਼ ਰੋਜ਼ੀ-ਰੋਟੀ ਦੇ ਵਸੀਲੇ ਵਜੋਂ ਅਪਣਾਅ ਕੇ ਚੰਗੀ ਧਨ-ਸੰਪਦਾ ਇਕੱਠੀ ਕੀਤੀ, ਪਰ ਸੰਗਤਾਂ ਵਿਚ ਅਸਲੀਅਤ ਦੇ ਨਸ਼ਰ ਹੋ ਜਾਣ 'ਪਰ ਉਹਨਾਂ ਦਾ ਮਾਨ-ਸਨਮਾਨ ਢਹਿ-ਢੇਰੀ ਹੋ ਗਿਆ। ਤੁਸੀਂ ਭਾਈ ਚੇਲਾ ਰਾਮ ਜੀ ਦੇ ਘਰਾਣੇ ਨਾਲ ਸੰਬੰਧਿਤ ਸਿੰਧੀ ਵੀਰ-ਭੈਣਾਂ ਪਾਸੋਂ ਬੜੀ ਸ਼ਰਧਾ ਪੂਰਵਕ ਗੁਰੂ-ਜਸ ਸੁਣਦੇ ਆ ਰਹੇ ਸੀ। ਉਹਨਾਂ ਦਾ ਪੂਰਾ ਵੱਡਾ ਪਰਿਵਾਰ, ਦੁੱਧ ਚਿੱਟੇ ਬਸਤਰਾਂ ਵਿਚ ਸਜਿਆ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਰਸਭਿੰਨੀਆਂ ਭਗਤੀ-ਭਾਵ ਦੀਆਂ ਤਰੰਗਾਂ ਦੀ ਛਹਿਬਰ ਲਾਉਂਦਾ ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਮਾਨਸਰੋਵਰ ਅੰਦਰ ਹੰਸ ਹੀਰੇ-ਮੋਤੀ ਚੁਗ-ਚੁਗ ਕੇ ਗੁਰੂ ਪਿਆਰ ਨਾਲ ਭਿੱਜੀਆਂ ਸੰਗਤਾਂ ਵਿਚ ਖੁਲ੍ਹੇ ਗੱਫੇ ਵਰਤਾਅ ਰਹੇ ਹੋਵਣ। ਅਸਾਂ ਐਸੇ ਅਲੌਕਿਕ ਨਜ਼ਾਰੇ ਪਹਿਲੀ ਵਾਰ ਸੰਨ 1972 ਵਿਚ ਕਲਕੱਤੇ ਵਿਖੇ ਗੁਰੂ ਨਾਨਕ-ਆਗਮਨ ਪੁਰਬ ਮਨਾਉਂਦਿਆਂ ਅੱਖੀਂ ਡਿੱਠੇ ਸਨ, ਅਨੰਦ ਮਾਣਿਆ ਸੀ ਤੇ ਮਹਿਸੂਸ ਕੀਤਾ ਕਿ ਇਨ੍ਹਾਂ ਗੁਰਸਿੱਖ ਪਰਿਵਾਰਾਂ ਨੇ ਛੇਤੀ ਹੀ ਭਵਿੱਖ ਵਿਚ ਸਿੱਖ-ਸੰਸਾਰ ਦੀ ਅਧਿਆਤਮਿਕ-ਉਚਤਾ ਨੂੰ ਚਹੁੰਕੁੰਟੀ ਰੌਸ਼ਨ ਕਰਨ ਦਾ ਸਬੱਬ ਬਣ ਜਾਣੇ। ਪਰ ਸਾਡੀਆਂ ਆਸਾਂ-ਉਮੀਦਾਂ ਨੂੰ ਬੂਰ ਨਹੀਂ ਪਿਆ। 'ਸੋਲਨ' (ਹਿਮਾਚਲ) ਵਿਚ ਸਥਾਪਿਤ ਇਨ੍ਹਾਂ ਦੇ ਆਸ਼ਰਮ ਵਿਚ ਭਾਈ ਚੇਲਾ ਰਾਮ ਵਲੋਂ ਰਚਿਤ ਕਾਵਿ-ਸੰਗ੍ਰਹਿ ਨੂੰ ਮੱਥਾ ਟੇਕਿਆ ਜਾਣਾ ਸ਼ੁਰੂ ਹੋ ਗਿਆ ਤੇ ਇਸ ਵਰਤਾਰੇ ਰਾਹੀਂ ਸੰਗਤਾਂ ਨੂੰ ਉਹਨਾਂ ਦੀ ਸ਼ਖ਼ਸੀ ਪੂਜਾ ਤੇ ਪਰਿਵਾਰ-ਪ੍ਰਸਤੀ ਵਾਲਾ ਮਨੋਰਥ ਜੱਗ-ਜ਼ਾਹਰ ਹੋ ਗਿਆ। ਇੰਝ ਸਿੱਖ ਸੰਗਤਾਂ ਨੂੰ ਆਪਣੇ ਧਰਮ-ਸਿਧਾਂਤਾਂ ਤੇ ਰਹਿਤ ਮਰਿਯਾਦਾ ਪ੍ਰਤੀ ਹਮੇਸ਼ਾਂ ਸੁਚੇਤ ਰਹਿਣ ਦੀ ਇਕ ਹੋਰ ਚੇਤਾਵਨੀ ਮਿਲ ਚੁੱਕੀ ਹੈ।

ਸਾਧਾਰਣ ਗੁਰਮਤਿ ਸੋਚਣੀ ਵਾਲੇ ਵੀ ਆਸਾਨੀ ਨਾਲ ਸਮਝ ਰਹੇ ਹਨ ਕਿ ਕੁਝ ਸੱਚੇ-ਸੁੱਚੇ ਗੁਰੂ-ਪਿਆਰੇ ਸਿੰਘਾਂ ਵਲੋਂ ਸਿੱਖੀ ਦੀ ਪ੍ਰਫੁੱਲਤਾ ਲਈ ਚਲਾਈਆਂ ਵਹੀਰਾਂ (ਸੰਸਥਾਪਕਾਂ ਦੇ ਗੁਰ-ਪੁਰੀ ਪਿਆਨੇ ਮਗਰੋਂ) ਆਪੂੰ ਬੁਣੇ ਕਰਮ-ਕਾਂਡੀ ਜਾਲ ਵਿਚ ਜਕੜੇ ਜਾਣ ਕਾਰਨ, ਮੁੱਖ ਪੰਥਕ-ਪ੍ਰਵਾਹ ਤੋਂ ਵਿਛੜ ਚੁੱਕੀਆਂ ਹਨ। ਸੋਚਣਾ ਬਣਦੇ ਕਿਤੇ ਉਹ, ਸਵੈ-ਸ੍ਰੇਸ਼ਠਤਾਈ ਵਰਗੇ ਹਉਮੈ-ਰੋਗ ਦੇ ਭਰਮਿਕ ਸੁਖ ਮਾਣਦਿਆਂ, ਖ਼ਾਲਸਾ ਪੰਥ ਨੂੰ ਖੰਡ-ਖੰਡ ਕਰਨ ਦਾ ਸਬੱਬ ਤਾਂ ਨਹੀਂ ਬਣ ਰਹੇ? ਅੰਤਰ-ਝਾਤ ਮਾਰਨੀ ਚਾਹੀਦੀ ਏ ਕਿ ਉਹਨਾਂ ਦੇ ਪੜ੍ਹੇ ਲਿਖੇ ਨੌਜਵਾਨ ਬੱਚੇ-ਬੱਚੀਆਂ ਦੀ ਵਿਗਿਆਨ-ਮੁਖੀ ਮਾਨਸਿਕਤਾ, ਸੰਪਰਦਾਇਕ-ਕੱਟੜਤਾਈ ਬਨਾਮ ਆਧੁਨਿਕ ਵਿਸ਼ਵ-ਵਿਆਪੀ ਸੱਭਿਆਚਾਰ ਦੇ ਪ੍ਰਭਾਵਾਂ ਨਾਲ ਕਿਵੇਂ ਨਜਿੱਠੇਗੀ? ਕਿਵੇਂ ਸਾਡੀਆਂ ਅਗਲੀਆਂ ਪੀੜ੍ਹੀਆਂ ਦਾ ਭਵਿੱਖ ਸਮੇਂ ਦਾ ਹਾਣੀ ਬਣ ਕੇ ਗੁਰਬਾਣੀ-ਸੱਭਿਆਚਾਰ ਨੂੰ ਸੰਸਾਰ ਦੇ ਕੋਨੇ-ਕੋਨੇ ਤੱਕ ਪਾਸਾਰਨ ਦੇ ਸਮਰੱਥ ਬਣ ਸਕੇਗਾ? ਧਾਰਮਿਕ ਦ੍ਰਿੜ੍ਹਤਾ ਨੂੰ ਲੱਖ-ਲੱਖ ਨਮਸਕਾਰਾਂ, ਪਰ ਮਿਲ ਬੈਠ ਕੇ ਆਪਸੀ ਮੱਤ-ਭੇਦਾਂ ਸਬੰਧੀ **ਦੁਬਿਧਾ ਦੂਰਿ ਕਰਹੁ ਲਿਵ ਲਾਇ॥ (1185)** ਵਰਗੇ ਗੁਰ-ਫੁਰਮਾਨਾਂ ਦੀ ਪਾਲਣਾ ਅਤੀ-ਆਵੱਸ਼ਕ ਹੈ। ਵਾਰ-ਵਾਰ ਵਾਪਰ ਰਹੀਆਂ ਉਕਾਈਆਂ ਪ੍ਰਤੀ ਸਾਵਧਾਨ ਹੋਣਾ ਚਾਹੀਦੇ, ਨਹੀਂ ਤਾਂ ਕੀਤੀਆਂ ਜਾ ਰਹੀਆਂ ਕੁਤਾਹੀਆਂ ਲਈ ਅਸੀਂ ਸਾਰੇ ਕਸੂਰਵਾਰ ਠਹਿਰਾਏ ਜਾਵਾਂਗੇ।

ਪੰਥ-ਵਿਰੋਧੀ ਸੰਗਠਨ ਤੇ ਏਜੰਸੀਆਂ ਵਲੋਂ ਡੂੰਘੀਆਂ ਸਾਜ਼ਿਸ਼ਾਂ ਤਹਿਤ ਤਿਆਰ ਕੀਤੇ ਨਿਰੰਕਾਰੀਏ, ਨਾਮਧਾਰੀਏ, ਨੀਲਧਾਰੀਏ, ਆਸ਼ੂਤੋਸ਼ੀਏ, ਝੂਠੇ-ਸੌਦੇ ਵਾਲੇ ਰਾਮ-ਰਹੀਮੀਏ ਤੇ ਭਨਿਆਰੇ ਵਾਲੇ ਆਦਿਕ, ਬੇ-ਰੋਕ-ਟੋਕ ਸ਼ਰਧਾਵਾਨ ਭੋਲੀਆਂ-ਭਾਲੀਆਂ ਸਿੱਖ-ਸੰਗਤਾਂ ਨੂੰ ਗੁੰਮਰਾਹ ਕਰਨ ਵਿੱਚ ਕਾਮਯਾਬ ਹੋ ਰਹੇ ਹਨ। ਉੱਚ ਪਦਵੀਆਂ ਸੰਭਾਲੀ ਬੈਠੇ ਖੁਦਗਰਜ਼ ਧਾਰਮਿਕ ਤੇ ਰਾਜਨੀਤਿਕ ਆਗੂ ਆਪਣੀਆਂ ਨਿੱਜੀ ਮਸਲਹਤਾਂ ਤਹਿਤ, ਮੂਕ-ਦਰਸ਼ਕ ਬਣੀ ਬੈਠੇ ਹਨ। ਉਹਨਾਂ ਵਲੋਂ ਅੰਦਰਖਾਤੇ ਬਣਾਈ ਮਿਲੀ-

ਭੁਗਤ ਹੁਣ ਪ੍ਰਗਟ ਰੂਪ ਵਿਚ ਆਮ ਲੋਕਾਈ ਸਾਹਮਣੇ ਆ ਚੁੱਕੀ ਹੈ। ਇਸ ਤੋਂ ਇਲਾਵਾ ਆਪਣੇ ਬਸਤਰਾਂ-ਸ਼ਸਤਰਾਂ ਨਾਲ ਪੂਰਨ ਸਿੱਖੀ-ਸਰੂਪ ਵਿੱਚ ਸਜੇ-ਧਜੇ ਅਖੌਤੀ ਸੰਤ, ਬ੍ਰਹਮ ਗਿਆਨੀ ਤੇ ਡੇਰੇਦਾਰ ਲੁਭਾਵਣੀਆਂ ਮਨੋ-ਕਲਪਿਤ ਕਥਾ-ਕਹਾਣੀਆਂ ਦੁਆਰਾ ਲੋਕਾਂ ਦੀ ਕਿਰਤ-ਕਮਾਈ ਨੂੰ ਲੁੱਟ-ਲੁੱਟ ਕੇ ਨਿਜੀ ਜਾਇਦਾਦਾਂ, ਐਸ਼-ਪ੍ਰਸਤੀਆਂ ਤੇ ਖਰਮਸਤੀਆਂ ਦੇ ਪੱਕੇ ਪ੍ਰਬੰਧ ਜੁਟਾਉਣ ਵਿੱਚ ਬਾ-ਖੂਬੀ ਸਫਲ ਹੋ ਰਹੇ ਹਨ। ਵਿਚਾਰੇ ਨਿਮਾਣੇ ਗੁਰੂ ਕੇ ਸਿੱਖ ਅਖਵਾਉਂਦੇ ਕਿਰਤੀ ਕਿਰਸਾਣ ਤੇ ਮਿਹਨਤਕਸ਼ਾਂ ਨੂੰ ਤਾਂ ਘਰ-ਪਰਿਵਾਰ ਲਈ ਕੁੱਲੀ-ਗੁੱਲੀ-ਜੁੱਲੀ ਦੇ ਫਿਕਰਾਂ ਤੋਂ ਹੀ ਵਿਹਲ ਨਹੀਂ। ਅੰਗਰੇਜ਼ੀ ਦੇ ਇਕ ਅਖਾਣ ਮੁਤਾਬਿਕ ਵੇਲੇ ਸਿਰ ਠੋਕੀ ਇੱਕੋ ਕਿੱਲ, ਭਵਿੱਖ ਵਿੱਚ ਵੱਡੀਆਂ ਦੁਸ਼ਵਾਰੀਆਂ ਤੋਂ ਬਚਾਅ ਵਾਸਤੇ ਲੋੜੀਂਦੀਆਂ ਅਨੇਕਾਂ ਕਿੱਲਾਂ ਤੋਂ ਛੁਟਕਾਰਾ ਦਿਵਾ ਸਕਦੀ ਹੈ। ਬੁਰਿਆਈ ਦੀ ਕਰੂੰਬਲ ਨੂੰ ਫੁੱਟਦਿਆਂ ਹੀ ਮਿੱਧ ਦੇਣਾ ਚਾਹੀਦੇ, ਨਹੀਂ ਤਾਂ ਇਹ ਵੱਡੀ ਹੋ ਕੇ ਤੁਹਾਡੀ ਹੋਂਦ ਨੂੰ ਹੀ ਰੋਲਣ-ਮਿੱਧਣ ਦਾ ਸਬੱਬ ਬਣ ਜਾਵੇਗੀ। ਬਾਬਾ ਫਰੀਦ ਜੀ ਚੇਤਾਵਨੀ ਦਿੰਦੇ ਨੇ:

**ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥**
**ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥(794)**

ਇਕ ਹੋਰ ਸਲੋਕ ਵਿੱਚ ਫੁਰਮਾਉਂਦੇ ਹਨ ਕਿ ਬਦੀਆਂ ਦਾ ਦਰਿਆਈ-ਵਹਿਣ ਤਾਂ ਕੰਢੇ ਖੜ੍ਹੇ ਹਰੇ ਭਰੇ ਦਰੱਖਤਾਂ ਨੂੰ ਢਾਹੁਣ ਦਾ ਜ਼ੋਰ ਲਾ ਰਿਹੇ, ਘੁੰਮਣ-ਘੇਰੀਆਂ ਵਿਕਰਾਲ ਰੂਪ ਵਿੱਚ ਸ਼ੂਕ ਰਹੀਆਂ ਹਨ, ਪਰ ਫਿਰ ਵੀ ਜੇ ਬੇੜੇ ਦੇ ਮਲਾਹ ਸੁਚੇਤ-ਸਾਵਧਾਨ ਹੋਣ ਤਾਂ ਮੁਸਾਫਰਾਂ ਦਾ ਕੁਝ ਨਹੀਂ ਵਿਗੜਦਾ:

**ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ॥**
**ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ॥(1382)**

ਗੁਰਮਤਿ ਵਿਰਸੇ ਦੇ ਅਲੰਬਰਦਾਰਾਂ ਤੇ ਪਹਿਰੇਦਾਰਾਂ ਨੂੰ ਆਪਣਾ ਫਰਜ਼ ਪਛਾਣਦਿਆਂ ਉਕਾਈਆਂ ਤੇ ਕੁਤਾਹੀਆਂ ਨੂੰ ਠੱਲ੍ਹਣ ਲਈ ਮੌਜੂਦਾ ਵਕਤ ਦੀਆਂ ਖ਼ਬਰਦਾਰ ਕਰਦੀਆਂ ਆਵਾਜ਼ਾਂ ਪ੍ਰਤੀ ਸਾਵਧਾਨ ਹੋਣਾ ਬਣਦੇ।

ਅਜੋਕੀ ਮਨੁੱਖੀ ਮਾਨਸਿਕਤਾ ਨੂੰ ਹਰ ਨਵੀਂ ਸ਼ੈਅ ਖਿੱਚ ਪਾਉਂਦੀ ਹੈ। ਕੱਪੜਿਆਂ ਦੇ ਨਵੇਂ ਰੰਗ, ਨਵੇਂ ਪ੍ਰਿੰਟ ਤੇ ਪਹਿਰਾਵਿਆਂ ਦੇ ਨਿੱਤ ਨਵੇਂ ਬਦਲਦੇ ਫੈਸ਼ਨਾਂ ਦੇ ਦੌਰ ਵਿਚ ਪਰੰਪਰਾਵਾਂ ਤੇ ਮਰਿਯਾਦਾਵਾਂ ਦੇ ਹੱਦ-ਬੰਨਿਆਂ ਨੂੰ ਉਲੰਘਣ ਬਾਰੇ ਕੋਈ ਚਿੰਤਤ ਵਿਖਾਈ ਨਹੀਂ ਦਿੰਦਾ। ਨੈਤਿਕਤਾ ਦੀਆਂ ਸ਼ੁਰੂਆਤੀ ਉਕਾਈਆਂ-ਕੁਤਾਹੀਆਂ ਪ੍ਰਤੀ ਕੀਤੀਆਂ ਲਾਪਰਵਾਹੀਆਂ ਨੇ ਸਮਾਜ ਨੂੰ ਮੂੰਹ-ਜ਼ੋਰ ਦੁਸ਼ਵਾਰੀਆਂ ਦੇ ਸਨਮੁਖ ਲਿਆ ਖੜ੍ਹਾ ਕੀਤਾ ਹੈ। ਇਸੇ ਤਰ੍ਹਾਂ ਧਾਰਮਿਕ ਸਮਾਗਮਾਂ ਵਿਚ ਵੀ ਨਵੀਆਂ ਫੈਸ਼ਨੇਬਲ ਰੀਤਾਂ ਵਿਚ ਕਥਾ-ਕੀਰਤਨਾਂ ਦੁਆਰਾ ਸ਼ਰਧਾਲੂ ਸੰਗਤਾਂ ਨੂੰ ਭਰਮਾਇਆ ਜਾ ਰਿਹੇ। ਮਨੋਕਲਪਿਤ ਮਿਥਿਆਕਹਾਣੀਆਂ ਦੇ ਬਾਰੰਬਾਰ ਦੁਹਰਾਉ ਰਾਹੀਂ ਮਨਮਤਿ ਨੂੰ ਗੁਰਮਤਿ ਦੀ ਚਾਸ਼ਨੀ ਚਾੜ੍ਹਦਿਆਂ, ਮਿੱਠੀਆਂ ਮਿੱਠੀਆਂ ਗੱਲਾਂ ਭੋਰਦਿਆਂ ਆਪਣੇ ਨਿਵੇਕਲੇ ਅੰਦਾਜ਼ ਨੂੰ ਅਧਿਕਾਰਤ ਜਾਂ ਪੇਟੈਂਟ ਕਰਵਾਉਣ ਦੇ ਯਤਨਾਂ ਦੀ ਨੁਮਾਇਸ਼ ਆਮ ਵੇਖਣ ਵਿਚ ਆ ਰਹੀ ਹੈ।

ਪਿੱਛੇ ਜਿਹੇ ਇੱਕ ਗੁਰਸਿੱਖ ਘਰਾਣੇ ਦੇ ਵਿਆਹ ਸਮਾਗਮ ਵਿਚ ਸ਼ਮੂਲੀਅਤ ਕਰਨ ਦਾ ਮੌਕਾ ਬਣਿਆ। ਢੁਕਾਅ ਵੇਲੇ ਆਪਣੇ ਨਿਵੇਕਲੇ ਇਲਾਕਾਈ-ਪਹਿਰਾਵੇ ਵਿਚ ਫੱਬ ਰਹੇ ਵਾਵਣਹਾਰਿਆਂ ਵਲੋਂ ਰਾਜਸਥਾਨੀ ਸੰਗੀਤ ਦੇ ਸ਼ਹਿਨਾਈ-ਨੁਮਾ ਮਧੁਰ ਧੁਨਾਂ ਰਾਹੀਂ 'ਜੀ ਆਇਆਂ ਨੂੰ' ਆਖਣਾ, 'ਹਮ ਘਰ ਸਾਜਨ ਆਏ......ਜੀ ਮਹਾਰਾਜ!' ਦਾ ਗਾਇਨ ਵਾਕਈ ਵਿਲੱਖਣ ਮਾਹੌਲ ਸਿਰਜ ਰਿਹਾ ਸੀ। ਪ੍ਰਾਹੁਣਾਚਾਰੀ ਮਗਰੋਂ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਚ ਵਿਆਹ ਦੀਆਂ ਖੁਸ਼ੀਆਂ ਨਾਲ ਪ੍ਰਸੰਗਿਕ ਸਮਝੇ ਜਾਂਦੇ ਗੁਰਬਾਣੀ-ਸ਼ਬਦਾਂ ਦਾ ਤੰਤੀ-ਸਾਜ਼ਾਂ ਨਾਲ ਕਲਾਸਕੀ-ਗਾਇਨ ਕੀਤਾ ਜਾਣਾ, ਆਪਣੇ ਆਪ ਵਿਚ ਹੀ ਇਕ ਨਵੀਂ ਪੇਸ਼ਕਾਰੀ ਸੀ। ਸ਼ਬਦਾਂ ਦੀ ਚੋਣ ਬਹੁਤ ਹੀ ਢੁਕਵੀਂ ਲਗਦੀ ਸੀ। ਗਾਇਕੀ ਨੇ ਸਰੋਤਿਆਂ ਨੂੰ ਬਿਲਕੁਲ ਵੱਖਰੀ ਤਰ੍ਹਾਂ ਦੀਆਂ ਰਾਗ-ਰੀਤਾਂ 'ਤੇ ਆਧਾਰਿਤ ਕੀਰਤਨ-ਸ਼ੈਲੀ ਦੇ ਰੂ-ਬ-ਰੂ ਲੈ ਆਂਦਾ। ਸਿਆਣੇ-ਸੁਜਾਣ ਸਰੋਤਿਆਂ ਵਿਚੋਂ ਕਿਸੇ ਨੇ ਵੀ ਹੋ ਰਹੀਆਂ ਉਕਾਈਆਂ-ਕੁਤਾਹੀਆਂ ਬਾਰੇ ਰੋਕਣਾ-ਟੋਕਣਾ ਮੁਨਾਸਿਬ ਨਾ ਸਮਝਿਆ। ਆਪਣੇ ਵਲੋਂ ਅਪਣਾਈਆਂ ਰਾਗ-ਰੀਤਾਂ (Musical Compositions) ਨੂੰ, ਬਿਨਾਂ ਕਿਸੇ ਪ੍ਰਮਾਣਿਕ ਹਵਾਲੇ ਤੋਂ, ਗੁਰੂ-ਸਾਹਿਬਾਨ ਵਲੋਂ ਸੀਨਾ-ਬ-ਸੀਨਾ ਆ ਰਹੀਆਂ ਦੇ ਦਾਅਵੇ ਕਰਨਾ, ਗਾਇਨ ਦੌਰਾਨ ਸ਼ਬਦਾਂ ਨੂੰ ਅੱਗੇ ਜਾਂ ਪਿੱਛੇ ਗਾ ਕੇ ਉਚਾਰਨ ਕਰਨਾ ਅਤੇ ਵਿਚ ਵਿਚ 'ਵਾਹਵਾ' 'ਮੈਂ ਵਾਰੀ' ਜਾਂ 'ਜੀ ਮਹਾਰਾਜ' ਵਰਗੇ ਟੋਟਕਿਆਂ ਦੁਆਰਾ ਕਲਾ ਪ੍ਰਦਰਸ਼ਨੀ-ਕੀ ਇਹ ਸਾਰਾ ਕੁਝ ਗੁਰਬਾਣੀ-ਉਚਾਰਣ ਤੇ ਗੁਰਮਤਿ-ਸੰਗੀਤ ਨਾਲ ਕੀਤੀ ਜਾ ਰਹੀ ਛੇੜ-ਛਾੜ ਨਹੀਂ? ਕੀ ਅਜਿਹੀ ਗਾਇਕੀ ਗੁਰਬਾਣੀ ਦੇ ਗੂਹਜ-ਰਹੱਸਵਾਦ ਨੂੰ ਪੇਤਲਾ ਕਰਦਿਆਂ, ਸਾਡੇ ਕੰਨ-ਰਸ ਨੂੰ ਉਤੇਜਿਤ ਕਰਦੀ ਖੂਬਸੂਰਤ ਤੇ ਲੁਭਾਵਣੀ ਜਾਪਦੀ ਮ੍ਰਿਗ-ਤ੍ਰਿਸ਼ਨਾ ਵਰਗਾ ਧੋਖਾ ਨਹੀਂ? ਤੇ ਫਿਰ ਚੁਟਕਲਿਆਂ ਵਰਗੇ ਬੋਲਾਂ ਨਾਲ ਮੁਸਕਰਾਉਂਦਿਆਂ ਅਨੰਦ-ਕਾਰਜ ਲਈ ਹਾਜ਼ਰ ਹੋਏ ਮੁੰਡੇ-ਕੁੜੀ ਨੂੰ ਬੁਲਾਉਣਾ, ਵਧਾਈਆਂ ਦੇਣੀਆਂ ਤੇ ਗੁਰੂ-ਹਜ਼ੂਰੀ ਵਿਚ ਹੀ ਸੰਗੀਆਂ-ਸਾਥੀਆਂ ਨੂੰ ਜੱਫੀਆਂ ਪਾ-ਪਾ ਕੇ ਮੁਬਾਰਕਬਾਦ ਦੀਆਂ ਖੁਸ਼ੀਆਂ ਪ੍ਰਗਟਾਉਣਾ, ਕਿਹੋ ਜਿਹੀ ਗੁਰਸਿੱਖੀ ਰਹੁ-ਰੀਤ ਦਾ ਚਲਨ ਹੈ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ, ਜੇ ਐਸੇ ਮਨ-ਮਰਜ਼ੀ ਦੇ ਵਿਹਾਰਾਂ ਵਰਗੀਆਂ ਉਕਾਈਆਂ-ਕੁਤਾਹੀਆਂ ਨੂੰ ਨੱਥ ਨਾ ਪਾਈ ਗਈ ਤਾਂ ਅਸੀਂ ਸਾਰੇ ਨਾਨਕ-ਨਾਮਲੇਵਾ ਗੁਨਾਹਗਾਰੀ ਦੇ ਭਾਗੀਦਾਰ ਹੋਵਾਂਗੇ।

ਸੁਚੇਤ ਰਹੀਏ ਕਿ ਰੰਗ ਰੂਪ ਵਿਚ ਹੰਸ ਅਤੇ ਬਗਲਾ ਇਕੋ ਜਿਹੇ ਵਿਖਾਈ ਦਿੰਦੇ ਹਨ। ਸਹੀ ਪਛਾਣ ਕਰਨੀ ਵਾਕਈ ਔਖੀ ਲਗਦੀ ਏ, ਸਗੋਂ ਅੱਧ-ਨੂਟੀਆਂ ਅੱਖਾਂ ਨਾਲ ਇਕ-ਲੱਤ ਭਾਰ ਪਾਣੀ ਵਿਚ ਖਲੋਤਾ ਬਗਲਾ ਬੰਦਗੀ ਵਿਚ ਲਿਵਲੀਨ ਲੱਗੇਗਾ। ਪਰ ਇਹ ਤਾਂ ਉਸਦੀ ਕਪਟੀ ਨਾਟਕ-ਕਾਰੀ ਹੈ- ਆਪਣੇ ਸ਼ਿਕਾਰ ਨੂੰ ਫਸਾਉਣ ਲਈ। ਨਤੀਜਤਨ, ਬੜੀਆਂ ਸਿਆਣੀਆਂ ਤੇ ਚਤੁਰ-ਚੰਚਲ, ਡੱਡਾਂ-ਮੱਛੀਆਂ (ਸੰਗਤਾਂ ਵਿਚ ਪੜ੍ਹੇ-ਲਿਖੇ ਤੇ ਵਿਦਵਾਨ ਅਖਵਾਉਂਦੇ ਲੋਕਾਂ) ਦੇ ਪੱਲੇ, ਪਛਤਾਵੇ ਤੋਂ ਬਿਨਾਂ ਕੁਝ ਨਹੀਂ ਬਚਦਾ:

**ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ॥**
**ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ॥(55)**

ਬਾਬਾ ਫਰੀਦ ਜੀ ਫੁਰਮਾਉਂਦੇ ਨੇ ਕਿ

**ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ॥**
**ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ॥(1384)**

ਇਤਿਹਾਸਕ ਗੁਰਦੁਆਰਿਆਂ ਦੀ ਆਜ਼ਾਦੀ ਵਾਸਤੇ ਲਗਾਏ ਗਏ, ਮੋਰਚਿਆਂ ਵਿਚ ਤਸੀਹੇ ਝੱਲਣ ਤੇ ਕੁਰਬਾਨੀਆਂ ਦੇਣ ਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੰਚਾਲਨ ਆਮ-ਚੋਣਾਂ ਰਾਹੀਂ ਕੀਤੇ ਜਾਣਾ ਸਵੀਕਾਰਨ ਨੇ ਸਿੱਖ-ਸੰਗਤਾਂ ਵਿਚ ਆਪੋਧਾਪੀ ਤੇ ਫੁੱਟ ਨੂੰ ਪੱਕੇ ਪੈਰੀਂ ਸਥਾਪਿਤ ਕਰ ਦਿੱਤਾ ਹੈ। ਵੋਟ-ਰਾਜਨੀਤੀ ਵਿਚ ਨਿਹਿੱਤ ਸਾਰੀਆਂ ਖ਼ਰਾਬੀਆਂ, ਬੁਰਿਆਈਆਂ, ਕਪਟ ਤੇ ਕੁਸੱਤ ਨੇ ਪੰਥ-ਪ੍ਰਸਤਾਂ ਨੂੰ ਵੀ ਧੜੇਬੰਦੀ ਦਾ ਅਸਾਧ-ਰੋਗ ਲਾ ਦਿੱਤਾ ਹੈ। ਜਿਹੜਾ ਧੜਾ ਗੁਰਦੁਆਰਿਆਂ ਦੇ ਪ੍ਰਬੰਧ ਲਈ ਚੁਣਿਆ ਜਾਂਦੇ, ਉਹ ਧਰਮ ਤੋਂ ਬੇਮੁਖ ਹੋ ਕੇ ਸਿਆਸੀ ਪ੍ਰਭੂ-ਸੱਤਾ ਤੇ ਰਾਜ-ਭਾਗ ਦੀਆਂ ਸੁਖ-ਸਹੂਲਤਾਂ ਹਾਸਿਲ ਕਰਨ ਦੀ ਦੌੜ ਵਿਚ ਹੀ ਲੱਗਾ ਰਹਿੰਦੇ। ਧੜੇਬੰਦੀ ਤੋਂ ਤਰੱਕੀ ਕਰਦਿਆਂ-ਕਰਦਿਆਂ ਹੁਣ ਤਾਂ

ਕੁਨਬਾਪ੍ਰਸਤੀ ਨੇ ਏਕਾਧਿਕਾਰ ਸਥਾਪਿਤ ਕਰ ਲਿਆ ਹੈ-ਮੁੱਢਲੀਆਂ ਉਕਾਈਆਂ ਜਾਂ ਕੁਤਾਹੀਆਂ ਨੂੰ ਸੁਧਾਰਨ ਦਾ ਅਜੋਕੇ ਸਮੇਂ ਕੋਈ ਉਪਰਾਲਾ ਨਜ਼ਰ ਨਹੀਂ ਆਉਂਦਾ। ਹੁਣ ਬਿੱਲੀ ਦੇ ਗਲੇ ਵਿਚ ਟੱਲੀ ਕਿਵੇਂ ਪਵੇ?

ਇਹ ਚੰਗਾ ਸਲਾਹੁਣਯੋਗ ਤੇ ਸਾਰਥਿਕ ਉਦਮ ਹੈ ਕਿ ਸਿੱਖ-ਸੰਗਤ ਆਪਣੇ ਰਿਹਾਇਸ਼ੀ ਇਲਾਕਿਆਂ ਵਿਚ ਵਿੱਤ ਅਨੁਸਾਰ ਛੋਟਾ ਜਾਂ ਵੱਡਾ ਗੁਰਦੁਆਰਾ ਉਸਾਰ ਕੇ ਉਸ ਦੀ ਸੇਵਾ ਸੰਭਾਲ ਵਾਸਤੇ ਆਪਣੇ ਵਿਚੋਂ ਹੀ ਪ੍ਰਬੰਧਕ ਕਮੇਟੀ ਬਣਾ ਲੈਂਦੀ ਹੈ। ਸ਼ੁਰੂ-ਸ਼ੁਰੂ ਵਿਚ ਉਸਾਰੀ ਕਾਰਜਾਂ ਦੌਰਾਨ, ਸੰਗਤਾਂ ਦੇ ਭਰਵੇਂ ਹੁੰਗਾਰੇ ਸਦਕਾ ਸ਼ਾਨਦਾਰ ਬਿਲਡਿੰਗ ਤੇ ਮਾਇਆ ਦੀ ਚੜ੍ਹਤ ਵੀ ਵਧਦੀ ਫੁੱਲਦੀ ਰਹਿੰਦੀ ਹੈ। ਨਿੱਕੀਆਂ-ਮੋਟੀਆਂ ਊਣਤਾਈਆਂ ਵੱਲ ਕੋਈ ਧਿਆਨ ਨਹੀਂ ਦਿੰਦਾ। ਹੁਣ ਪ੍ਰਬੰਧਕ, ਭਵਿੱਖ ਵਿਚ ਅਹੁਦੇਦਾਰੀਆਂ ਦੇ ਖੁੱਸ ਜਾਣ ਦੇ ਡਰ ਤੋਂ ਸੁਰਖਰੂ ਹੋਵਣ ਵਾਸਤੇ ਜੋਟੀਦਾਰ-ਮਿੱਤਰਾਂ ਦਾ ਹੀ ਟਰੱਸਟ ਕਾਇਮ ਕਰ ਲੈਂਦੇ ਹਨ। ਕੁਝ ਚਿਰ ਮਗਰੋਂ ਕਾਬਜ਼ ਹੋਇਆ ਪ੍ਰਧਾਨੀ-ਧੜਾ ਦੂਜੇ ਨੁਕਤਾਚੀਨਾਂ ਨੂੰ ਖੂੰਜੇ ਲਾਉਣਾ ਸ਼ੁਰੂ ਕਰ ਦਿੰਦੇ। ਵਿਰੋਧੀ ਵਿਚਾਰ ਰੱਖਣ ਵਾਲੇ ਗੁਰਮੁਖ ਵੀਰ ਤਾਂ ਆਪੇ ਹੀ ਪਿੱਛੇ ਹਟ ਜਾਂਦੇ ਨੇ, ਕੁਝ ਕੋਰਟ-ਕਚਹਿਰੀਆਂ ਵਿਚ ਕੜ੍ਹੀ-ਘੋਲਣਾ ਹੱਕ-ਬਜਾਨਬ ਸਮਝਦੇ ਨੇ ਅਤੇ ਸਮਰੱਥ ਤੇ ਜ਼ੋਰਾਵਰ ਪ੍ਰਤੀ-ਦਵੰਦੀ ਮੁਕਾਬਲੇ ਵਿਚ ਆਪਣੇ ਨਵੇਂ ਗੁਰਦੁਆਰੇ ਦੀ ਉਸਾਰੀ ਵਾਸਤੇ ਜ਼ਮੀਨ ਤਲਾਸ਼ਣਾ ਸ਼ੁਰੂ ਕਰ ਦਿੰਦੇ ਹਨ। ਅਜਿਹੀ ਹਾਲਤ ਵਿਚ ਚੰਗੇ-ਮੰਦੇ ਢੰਗਾਂ ਜਾਂ ਠੀਕ-ਗ਼ਲਤ ਵਸੀਲਿਆਂ ਦਾ ਅੰਤਰ ਮੁੱਕ ਜਾਂਦੇ, ਕਿਉਂਕਿ ਹਰ ਹੀਲੇ ਆਪਣੀ ਚੌਧਰ ਚਮਕਾਉਣਾ ਪਹਿਲੀ ਜ਼ਰੂਰਤ ਬਣ ਜਾਂਦੀ ਹੈ। ਵੈਸੇ ਵੀ ਸਾਰਿਆਂ ਹੀ ਮਜ਼੍ਹਬਾਂ ਵਾਲਿਆਂ ਵਲੋਂ ਜਨਤਕ ਥਾਵਾਂ 'ਤੇ ਧੱਕੇ ਨਾਲ ਆਪਣੇ ਧਰਮ-ਅਸਥਾਨ ਉਸਾਰ ਲੈਣ ਦਾ ਰਿਵਾਜਤਾਂ ਆਮ ਜਿਹੀ ਘਟਨਾ ਹੀ ਬਣ ਚੁੱਕੀ ਹੈ। ਸਰਕਾਰੀ ਦਫ਼ਤਰ ਤੇ ਅਧਿਕਾਰੀ, ਰਾਜ-ਪ੍ਰਬੰਧ ਚਲਾਉਂਦੇ ਰਾਜਨੀਤਿਕ ਪਾਰਟੀ-ਆਗੂਆਂ ਦੇ ਇਸ਼ਾਰੇ ਅਨੁਸਾਰ ਲਾਚਾਰਗੀ ਵਿਚ ਕੁਝ ਨਹੀਂ ਕਰ ਸਕਦੇ, ਕਿਉਂਕਿ ਹੁਕਮਰਾਨ ਪਾਰਟੀ ਦੀਆਂ ਆਪਣੀਆਂ ਤਰਜੀਹਾਂ ਵੋਟ-ਬੈਂਕ ਨਾਲ ਜੁੜੀਆਂ ਹੁੰਦੀਆਂ ਹਨ। ਆਮ ਲੋਕਾਂ ਨੇ ਕੀ ਰੋਕਣਾ-ਟੋਕਣਾ ਹੋਇਆ, ਧਰਮੀ ਅਖਵਾਉਂਦੇ ਗੁਰਸਿੱਖ ਵੀ ਆਪਣੇ ਧੜੇ ਵਾਲੇ 'ਪੰਥ' ਦੇ ਪੱਖ 'ਚ ਹੀ ਭੁਗਤਦਿਆਂ ਇਹ ਨਹੀਂ ਵਿਚਾਰਦੇ ਕਿ ਗੁਰੂਆਂ-ਪੀਰਾਂ ਵਲੋਂ ਦਿੱਤੀਆਂ ਸਿੱਖਿਆਵਾਂ ਨੂੰ ਕਿੰਨਾ ਕੁ ਮੰਨ ਰਹੇ ਹਨ? ਧਰਮ ਨਾਲ ਸਾਡਾ ਕਿੰਨਾ ਕੁ ਸੰਬੰਧ ਰਹਿ ਗਿਆ? ਕੁਝ ਤਰਕਸ਼ੀਲ ਦੋਸਤਾਂ ਨੇ ਇਕ ਦਿਨ, ਜਦੋਂ ਆਪਣੇ ਨੇੜਲੇ ਹੀ ਮਾਡਲ ਟਾਊਨ ਵਿਖੇ ਉਸਾਰੀ ਅਧੀਨ ਚੱਲ ਰਹੇ, ਐਸੇ ਹੀ ਇਕ ਅਸਥਾਨ ਨੂੰ 'ਗੁਰਦੁਆਰਾ ਈਰਖਾ ਸਾਹਿਬ' ਆਖਿਆ ਸੀ ਤਾਂ ਬਹੁਤ ਬੁਰਾ ਲੱਗਿਆ, ਗੁੱਸਾ ਵੀ ਆਇਆ, ਪਰ ਜੁਆਬ ਕੁਝ ਨਹੀਂ ਸੀ ਅਹੁੜਦਾ। ਧਰਮ, ਸਦਾਚਾਰ ਤੇ ਨੈਤਿਕਤਾ ਵਿਚ ਕੀਤੀਆਂ ਜਾ ਰਹੀਆਂ ਨਿੱਕੀਆਂ-ਨਿੱਕੀਆਂ ਜਾਪਦੀਆਂ ਉਕਾਈਆਂ, ਸਮਾਂ ਪਾ ਕੇ ਇਤਿਹਾਸਕ-ਕੁਤਾਹੀਆਂ ਦਾ ਸਬੱਬ ਬਣ ਜਾਂਦੀਆਂ ਨੇ ਜਿਨ੍ਹਾਂ ਦੀ ਜਵਾਬਦੇਹੀ ਸਾਡੇ ਕੌਮੀ-ਕਿਰਦਾਰ ਦਾ ਮੁਹਾਂਦਰਾ ਹੀ ਵਿਗਾੜ ਦਿੰਦੀ ਹੈ।

ਕੀ ਤੁਹਾਨੂੰ ਯਾਦ ਨਹੀਂ ਕਿ, ਇਕ ਚਾਤਰ-ਠੱਗ ਧਰਮਸ਼ਾਲਾ ਬਣਾ ਕੇ, ਆਪਣਾ ਨਾਉਂ 'ਸੱਜਣ' ਰੱਖ ਕੇ ਅਤੇ ਸੰਤਾਂ-ਮਹਾਂਪੁਰਸ਼ਾਂ ਵਾਲੇ ਕੱਪੜੇ ਪਹਿਨ ਕੇ ਹੀ ਰਾਹਗੀਰਾਂ ਨੂੰ ਲੁੱਟਦਾ ਸੀ? ਰਮਾਇਣ ਅਨੁਸਾਰ ਸ਼ਕਤੀਸ਼ਾਲੀ ਰਾਜਾ ਤੇ ਵਿਦਵਾਨ ਪੰਡਤ ਰਾਵਣ ਨੇ ਵੀ ਧਾਰਮਿਕ ਲਿਬਾਸ ਵਾਲਾ ਭੇਖ ਧਾਰ ਕੇ ਸੀਤਾ ਦਾ ਅਪਹਰਣ ਕੀਤਾ ਸੀ। ਧਰਮਪੁੱਤਰ ਯੁਧਿਸ਼ਟਰ ਨੇ ਵੀ 'ਅਸਵਥਾਮਾ' ਦੀ ਮੌਤ ਬਾਰੇ ਮਨਘੜੰਤ-ਸ਼ਬਦਾਂ ਦੀ ਵਰਤੋਂ ਕਰਕੇ 'ਦ੍ਰੋਣਾਚਾਰੀਆ' ਨੂੰ ਕਸ਼ੱਤਰੀ-ਧਰਮ ਤੋਂ ਬੇਮੁਖ ਕਰ ਦਿੱਤਾ ਸੀ। **ਸੋਚੀਏ! ਕਿਤੇ ਸਿੱਖ-ਵਿਰੋਧੀ ਸ਼ਕਤੀਆਂ ਨੇ ਇਹਨਾਂ ਮੋਮੋਠਗਣੀਆਂ ਦਿਲਕਸ਼ ਅਦਾਵਾਂ, ਲੰਮੀਆਂ ਦਾੜ੍ਹੀਆਂ, ਸਿਰ 'ਪਰ ਸਜਾਈਆਂ ਵਧੀਆ ਪੋਚਵੀਆਂ ਪੱਗਾਂ, ਮਹਿੰਗੇ ਮੋਬਾਇਲ ਹੱਥ ਵਿਚ ਫੜ ਕੇ ਏ.ਸੀ. ਗੱਡੀਆਂ ਦੀਆਂ ਸ਼ਾਨ-ਸ਼ੌਕਤਾਂ ਮਾਣਨ ਵਾਲੇ ਕੁਝ ਕੁ ਅਖੌਤੀ ਸੰਤਾਂ, ਸਾਧਾਂ ਤੇ ਗੁਰਸਿੱਖ-ਜਾਪਦੇ ਮਹਾਂਪੁਰਸ਼ਾਂ, ਰਾਗੀਆਂ ਤੇ ਲੈਕਚਰਾਰਾਂ ਨੂੰ, ਖਾਲਸਾ ਪੰਥ ਦੀ ਹੋਂਦ ਤੇ ਭਵਿੱਖਮੁਖੀ ਹੋਣੀ ਨੂੰ ਸਿੱਖ-ਨੈਤਿਕਤਾ ਤੇ ਸੱਭਿਆਚਾਰ ਪੱਖੋਂ ਖੇਰੂੰ-ਖੇਰੂੰ ਕਰਨ 'ਤੇ ਤਾਂ ਨਹੀਂ ਤੈਨਾਤ ਕੀਤਾ ਹੋਇਆ?...'ਲਮਹੋਂ ਨੇ ਖ਼ਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ।'**

ਇਸੇ ਤਰ੍ਹਾਂ ਸਿੱਖੀ ਸਰੂਪ ਵਿਚ ਕੁਝ ਲੇਖਕ ਤੇ ਅਖ਼ਬਾਰ-ਨਵੀਸ ਸ਼ੁਰੂ-ਸ਼ੁਰੂ ਵਿਚ ਪੰਥਕ-ਸਰੋਕਾਰਾਂ ਪ੍ਰਤੀ ਆਵਾਜ਼ ਬੁਲੰਦ ਕਰਦਿਆਂ ਆਮ ਲੋਕਾਈ ਵਿਚ ਮਕਬੂਲੀਅਤ ਹਾਸਿਲ ਕਰ ਲੈਂਦੇ ਹਨ ਤੇ ਮਗਰੋਂ ਸਿੱਖੀ ਅਕੀਦਿਆਂ, ਵਿਸ਼ਵਾਸਾਂ ਤੇ ਸਿਧਾਂਤਾਂ ਉਪਰ ਲੁਕਵੀਆਂ ਚੋਟਾਂ ਕਰਨ ਲੱਗ ਜਾਂਦੇ ਹਨ-ਅਖੇ ਬਾਬਾ ਨਾਨਕ ਦਾ ਗੁਰੂ ਕੌਣ ਸੀ? ਜਿਹੜੇ ਆਪਣੇ ਆਪ ਨੂੰ ਇੰਟਰਨੈਸ਼ਨਲ ਵਿਦਵਾਨ ਅਖਵਾਉਂਦੇ ਸਿੱਖ ਪ੍ਰਚਾਰਕ **ਸ਼ਬਦ ਗੁਰੂ** ਦਾ ਅਰਥ-ਭਾਵ 'ਅਨਹਦ ਸ਼ਬਦ' ਕਰਦਿਆਂ ਸਮਝਾਉਂਦੇ ਨੇ ਕਿ ਇਸ ਨੂੰ ਕਿਸੇ ਵੀ ਮਨੁੱਖੀ ਭਾਸ਼ਾ ਵਿਚ ਬਿਆਨਿਆ ਤੇ ਜਾਣਿਆ ਹੀ ਨਹੀਂ ਜਾ ਸਕਦਾ, ਉਹ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ **ਬਾਣੀ ਗੁਰੂ ਗੁਰੂ ਹੈ ਬਾਣੀ** ਤੋਂ ਮੁਨਕਰ ਹੋਣ ਦੇ ਕੁਰਾਹੇ ਪਾਉਣ ਦੀਆਂ ਤਿਆਰੀਆਂ ਕਰ ਰਹੇ ਨੇ। ਬਾਬਾ ਨਾਨਕ ਦਾ ਗੁਰੂ **ਅਪਰੰਪਰ ਪਾਰਬ੍ਰਹਮੁ ਪਰਮੇਸਰੁ** ਸੀ ਤੇ ਉਸ ਮਰਦਿ-ਕਾਮਿਲ ਨੇ ਆਪਣੇ ਇਸ਼ਟ-ਪ੍ਰਭੂ ਦਾ ਸਾਖਿਆਤਕਾਰ 'ਗੁਰਬਾਣੀ' ਦੁਆਰਾ ਆਮ ਲੋਕਾਈ ਨੂੰ ਕਰਵਾਇਆ। **ਪਾਰਬ੍ਰਹਮੁ ਪਰਮੇਸਰੁ** ਦਾ ਗਿਆਨ ਗੁਰੂ ਸਾਹਿਬਾਨ ਰਾਹੀਂ ਮਨੁੱਖਤਾ ਤੱਕ ਅੱਪੜਿਆ, ਤਾਂ ਹੀ ਉਹਨਾਂ ਨੂੰ **ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥(1395)** ਅਤੇ **ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ ਹਰਿ॥ (1409)** ਆਦਿ ਵਾਕਾਂ ਦੁਆਰਾ ਅਲੰਕਰਿਤ ਕੀਤਾ ਗਿਆ-ਨਿਸ਼ਚੈ ਪੂਰਵਕ **ਨਾਨਕ** ਸਿੱਖਾਂ ਦਾ ਗੁਰੂ ਸੀ ਜੋ ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੇ ਸਰੂਪ ਵਿਚ **ਜਾਗਤ ਜੋਤਿ**ਹੈ। ਗੁਰਬਾਣੀ ਹੀ ਸਾਡੇ ਲਈ **ਸ਼ਬਦ ਗੁਰੂ** ਹੈ ਜਿਸਦੀ ਅਗਵਾਈ ਵਿਚ ਸਿੱਖ ਸੰਗਤਾਂ ਨੇ ਜੀਵਨ-ਜਾਚ ਦੀ ਨਵ-ਘਾੜਤ ਕਰਨੀ ਹੈ।

ਅਖੇ ਨਾਨਕ ਨੂੰ 'ਗੁਰੂ' ਨਹੀਂ ਕਹਿਣਾ ਚਾਹੀਦਾ ਕਿਉਂਕਿ 'ਗੁਰੂ' ਤਾਂ ਕੇਵਲ ਅਕਾਲ ਪੁਰਖ ਹੀ ਹੋ ਸਕਦਾ ਹੈ। ਇਹ ਅਖੌਤੀ ਤੱਤ-ਗਿਆਨੀ ਵਿਦਵਾਨ **ਗੁਰੂ ਸ਼ਬਦ** ਦੇ ਵਿਸ਼ਾਲ-ਵਿਰਾਟ ਤੇ ਬਹੁਪੱਖੀ ਅਰਥਭਾਵਾਂ ਨੂੰ ਆਪਣੇ ਕਿਸੇ ਗੁੱਝੇ ਮੰਤਵ ਦੀ ਪੂਰਤੀ ਵਾਸਤੇ ਸੰਕੁਚਿਤ-ਰੂਪ ਵਿਚ ਹੀ ਵਰਤ ਰਹੇ ਨੇ ਤੇ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਿਤ ਭੱਟਾਂ ਦੇ ਸਵੱਈਆਂ ਨੂੰ ਨਿੰਦਣ ਦੀ ਕੁਚੇਸ਼ਠਤਾ ਦੇ ਰਾਹ ਪੈ ਚੁੱਕੇ ਹਨ। ਉਹ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਵਲੋਂ ਗੁਰਤਾ-ਗੱਦੀ ਦੇਣ ਅਤੇ ਖ਼ਾਲਸਾ ਪੰਥ ਨੂੰ ਇਸ ਦੀ ਤਾਬਿਆ ਰਹਿਣ ਦੀ ਜੁਗੋ-ਜੁਗ ਅਟੱਲ ਇਤਿਹਾਸਕ ਸੱਚਾਈ ਨੂੰ ਝੁਠਲਾਉਣਾ ਲੋਚਦੇ ਨੇ। ਪੰਥ-ਪ੍ਰਵਾਨਿਤ ਰਹਿਤ-ਮਰਿਯਾਦਾ ਤੋਂ ਬਗ਼ਾਵਤ ਤਾਂ ਪ੍ਰਤੱਖ ਨਜ਼ਰ ਆ ਹੀ ਰਹੀ ਹੈ। ਸ਼ੁਰੂਆਤੀ ਦੌਰ ਵਿਚ ਸ਼ਾਤਰ-ਚਾਲਾਂ ਨੂੰ ਨਿਰਖਣ-ਪਰਖਣ ਵਿਚ ਕੀਤੀਆਂ ਉਕਾਈਆਂ-ਕੁਤਾਹੀਆਂ ਨੂੰ ਭਲੇ-ਮਾਣਸ ਗੁਰਸਿੱਖ, ਵੇਖ ਕੇ ਅਣਡਿੱਠ ਕਰੀ ਜਾਂਦੇ ਹਨ। ਓੜਕ ਜਦੋਂ ਅਸਲੀਅਤ ਨਸ਼ਰ ਹੁੰਦੀ ਹੈ ਤਾਂ ਨਾ ਪੂਰਿਆ ਜਾਣ ਵਾਲਾ ਕੌਮੀ ਨੁਕਸਾਨ ਹੋ ਚੁੱਕਾ ਹੁੰਦੇ। ਗੁਰਬਾਣੀ ਸਿਧਾਂਤ ਨੂੰ ਹਮੇਸ਼ਾਂ ਚੇਤੇ ਰੱਖਣਾ ਲੋੜੀਂਦੇ: **ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥(417)**

–0–

ਲੜੀਵਾਰ

ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ

# ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ

## ਝੰਗ ਅਤੇ ਉੱਚ ਨੂੰ ਖ਼ਾਲਸਾ ਰਾਜ ਨਾਲ ਮਿਲਾਉਣਾ

ਝੰਗ ਦਾ ਇਲਾਕਾ ਇਸ ਸਮੇਂ ਅਹਿਮਦ ਖ਼ਾਨ ਸਿਆਲ ਦੀ ਹਕੂਮਤ ਹੇਠ ਇਕ ਵੱਖ ਰਿਆਸਤ ਸਮਝੀ ਜਾਂਦੀ ਸੀ। ਅਹਿਮਦ ਖ਼ਾਨ ਆਪਣੇ ਸਮੇਂ ਦਾ ਬੜਾ ਧਨੀ ਤੇ ਨਾਮੀ ਘੋੜਿਆਂ ਦਾ ਮਾਲਕ ਸੀ। ਇਸ ਸਭ ਕੁਝ ਹੋਣ ਦੇ ਕਾਰਣ ਉਹ ਇੰਨਾ ਹੰਕਾਰੀ ਅਤੇ ਕਰੜੇ ਸੁਭਾਅ ਦਾ ਹੋ ਗਿਆ ਸੀ ਕਿ ਨਿੱਕੀ ਜਿਹੀ ਗੱਲ ਤੋਂ ਵਿਗੜ ਕੇ ਕਿਸੇ ਦਾ ਸਿਰ ਧੜ ਤੋਂ ਉਤਾਰਨਾ ਤਾਂ ਉਸ ਦੀ ਇਕ ਸਾਧਾਰਨ ਖੇਡ ਸੀ। ਸ਼ੇਰਿ ਪੰਜਾਬ ਨੇ-ਜੋ ਸਿੱਖ ਰਾਜ ਨੂੰ ਦਿਨੋਂ-ਦਿਨ ਸਾਰੇ ਪੰਜਾਬ ਵਿਚ ਖਿਲਾਰ ਰਿਹਾ ਸੀ-ਅਤੇ ਇਸਲਾਮੀ ਹਕੂਮਤ ਦੇ ਘੇਰੇ ਨਾਲੋਂ ਤੋੜ ਰਿਹਾ ਸੀ-ਹੁਣ ਪਹਿਲਾਂ ਇਸ ਵੱਲ ਆਪਣਾ ਇਕ ਦਰਬਾਰੀ ਘੱਲਿਆ ਕਿ ਉਹ ਮਹਾਰਾਜੇ ਦੀ ਈਨ ਮੰਨ ਲਏ ਤੇ ਕੁਝ ਘੋੜੇ ਨਜ਼ਰਾਨੇ ਵਲੋਂ ਖ਼ਾਲਸਾ ਫੌਜ ਨੂੰ ਦਿਆ ਕਰੇ, ਤਾਂ ਆਪਣੀ ਹਕੂਮਤ ਉੱਤੇ ਕਾਇਮ ਰਹੇ ਨਹੀਂ ਤਾਂ ਜੰਗ ਲਈ ਤਿਆਰ ਹੋ ਜਾਏ। ਮਹਾਰਾਜਾ ਦੇ ਵਕੀਲ ਦੇ ਪਹੁੰਚਦਿਆਂ ਉਹ ਆਪਣੇ ਸੁਭਾਅ ਅਨੁਸਾਰ ਬੜੇ ਹੰਕਾਰ ਨਾਲ ਉਸ ਨੂੰ ਮਿਲਿਆ ਅਤੇ ਬਿਨਾਂ ਲੜਾਈ ਦੇ ਈਨ ਮੰਨਣ ਤੋਂ ਸਿਰ ਫੇਰ ਦਿੱਤਾ।

ਮਹਾਰਾਜਾ ਦਾ ਵਕੀਲ ਅਹਿਮਦ ਖ਼ਾਨ ਦਾ ਉਤਰ ਲੈ ਕੇ ਲਾਹੌਰ ਆ ਗਿਆ ਅਤੇ ਮਹਾਰਾਜੇ ਨੂੰ ਉਸ ਦਾ ਅਹੰਕਾਰ ਦੱਸਿਆ, ਤਾਂ ਮਹਾਰਾਜਾ ਨੇ ਦਰਬਾਰ ਵਿਚ ਆਖਿਆ ਕਿ ਜੇ ਉਹ ਹੰਕਾਰੀ ਹੈ ਤਾਂ ਮੈਨੂੰ ਰੱਬ ਨੇ ਹੰਕਾਰੀਆਂ ਦੇ ਹੰਕਾਰ ਤੋੜਨ ਲਈ ਸੰਸਾਰ ਤੇ ਭੇਜਿਆ ਹੈ। ਥੋੜ੍ਹੇ ਦਿਨਾਂ ਵਿਚ ਹੀ ਉਸ ਦਾ ਹੰਕਾਰ ਮਿੱਟੀ ਵਿਚ ਮਿਲਾਇਆ ਜਾਏਗਾ। ਅਗਲੇ ਦਿਨ ਫੋਜ ਦੀ ਪਰੇਡ ਦੇਖੀ ਤੇ ਕੁਝ ਕੁ ਸਿਰ ਕੱਢਵੀਂ ਫੌਜ ਵੱਖ ਚੁੱਕ ਕੇ, ਜਿਸ ਵਿਚ ਨਵੀਂ ਕਵਾਇਦ ਸਿੱਖੀ ਹੋਈ 'ਸ਼ੇਰਿ ਦਿਲ' ਤੇ 'ਨਜ਼ੀਬਾ ਵਾਲੀ' ਰਜਮੈਂਟ ਵੀ ਸੰਮਲਿਤ ਸੀ, ਨਵੰਬਰ ਸੰਨ 1803 ਨੂੰ ਸ਼ੇਰਿ ਪੰਜਾਬ ਇਲਾਕਾ ਝੰਗ ਤੇ ਜਾ ਚੜ੍ਹਿਆ। ਰਸਤੇ ਵਿਚ ਜੋ ਸ਼ਹਿਰ ਆਏ ਉਹਨਾਂ ਤੇ ਕਬਜ਼ਾ ਕਰਦਾ ਗਿਆ। ਓਧਰ ਜਦ ਮਹਾਰਾਜੇ ਦਾ ਵਕੀਲ ਲਾਹੌਰ ਵੱਲ ਪਰਤਿਆ ਤਾਂ ਨਵਾਬ ਅਹਿਮਦ ਖ਼ਾਨ ਨੇ ਆਪਣੇ ਇਲਾਕੇ ਦੀਆਂ ਲੜਾਕੀਆਂ ਕੌਮਾਂ ਸਿਆਲ ਤੇ ਖਰਲ ਆਦਿਕਾਂ ਨੂੰ ਹਜ਼ਾਰਾਂ ਦੀ ਗਿਣਤੀਵਿਚ ਇੱਕਠਾ ਕਰ ਲਿਆ ਅਤੇ ਖ਼ਾਲਸਾ ਫ਼ੌਜ ਦੇ ਪਹੁੰਚਣ ਤੋਂ ਪਹਿਲਾਂ ਹੀ ਸਾਰੀਆਂ ਤਿਆਰੀਆਂ ਕਰ ਲਈਆਂ। ਹੁਣ ਉਹ ਪੂਰੀ ਤਿਆਰੀ ਨਾਲ ਟਾਕਰੇ ਲਈ ਅੱਗੇ ਵਧਿਆ। ਫ਼ੋਜਾਂ ਦੇ ਸਾਹਮਣੇ ਹੋਣ ਦੀ ਢਿੱਲ ਸੀ ਕਿ ਲੱਗੀਆਂ ਦੋਹਾਂ ਧਿਰਾਂ ਵਲੋਂ ਗੋਲ਼ੀਆਂ ਵਰਸਣ। ਦੋਹਾਂ ਪਾਸਿਆਂ ਤੋਂ ਤੋਪਾਂ ਦਾਗੀਆਂ ਜਾ ਰਹੀਆਂ ਸਨ, ਹਰ ਇਕ ਧਿਰ ਚਾਹੁੰਦੀ ਸੀ ਕਿ ਫ਼ਤਹਿ ਉਸ ਦੇ ਹੱਥ ਆਏ। ਛੇਕੜ ਦੋਹਾਂ ਪਾਸਿਆਂ ਤੋਂ ਫ਼ੌਜਾਂ ਇੰਨੀਆਂ ਅੱਗੇ ਵੱਧ ਆਈਆਂ ਕਿ ਹੁਣ ਤੋਪਾਂ ਦਾ ਦਾਗਣਾ ਵਿਅਰਥ ਹੋ ਗਿਆ, ਕਿਉਂਕਿ ਦੋਹਾਂ ਫੌਜਾਂ ਦਾ ਹੁਣ ਕੁਝ ਵੀ ਵਖੇਜ ਨਹੀਂ ਸੀ ਰਿਹਾ ਤੇ ਲੱਗੀ ਹੱਥੋ ਹੱਥ ਤਲਵਾਰ ਚੱਲਣ। ਸ੍ਰੀ ਸਾਹਿਬ ਦੀ ਲੜਾਈ ਤਾਂ ਖਾਲਸੇ ਰਬ ਤੋਂ ਮੰਗਦੇ ਸਨ, ਬਸ ਫੇਰ ਕੀ ਸੀ? ਉਹ ਕੱਟਾ-ਵੱਢੀ ਹੋਈ ਕਿ ਵੇਖਦੇ ਵੇਖਦੇ ਧਰਤੀ ਤੇ ਲੋਥਾਂ ਦੇ ਢੇਰਾਂ ਦੇ ਢੇਰ ਚੜ੍ਹ ਗਏ। ਇਹ ਸਮਾਂ ਲੌਢੇ ਪਹਿਰ ਤੱਕ ਬਰਾਬਰ ਇਕ ਰਸ ਬੱਝਾ ਰਿਹਾ। ਸਿਆਲਾਂ ਨੇ ਆਪਣੀ ਵੀਰਤਾ ਦਾ ਚੰਗਾ ਸਬੂਤ ਦਿੱਤਾ ਅਤੇ ਪੂਰੀ ਤਰ੍ਹਾਂ ਦਿਲ ਖੋਲ੍ਹ ਕੇ ਲੜੇ ਅਰਥਾਤ ਉਹਨਾਂ ਕੋਈ ਹੀਲਾ ਮੈਦਾਨ ਫ਼ਤਹਿ ਕਰਨ ਵਿਚ ਨਾ ਛੱਡਿਆ, ਪਰ ਜਿੱਤ ਹਾਰ ਰਬ ਦੇ ਹੱਥ ਹੁੰਦੀ ਹੈ। ਮਹਾਰਾਜਾ ਸਾਹਿਬ ਆਪ ਇਕ ਘੋੜੇ ਤੇ ਸਵਾਰ ਹੋ ਕੇ ਜੰਗ ਦਾ ਰੰਗ ਬੜੀ ਬਾਰੀਕੀ ਨਾਲ ਵੇਖ ਰਹੇ ਸਨ ਤੇ ਜਿਧਰ ਸਹਾਇਤਾ ਦੀ ਲੋੜ ਵੇਖਦੇ ਓਧਰ ਉਡ ਕੇ ਪਹੁੰਚਦੇ ਤੇ ਫੌਜਾਂ ਦਾ ਦਿਲ ਵਧਾਉਂਦੇ, ਇੰਨੇ ਵਿਚ ਅਹਿਮਦ ਖ਼ਾਨ ਦੇ ਪੈਰ ਮੈਦਾਨ ਵਿਚੋਂ ਉਖੜ ਗਏ। ਬੱਸ ਮੈਦਾਨ ਤੋਂ ਉਸ ਦੇ ਹਿੱਲਣ ਦੀ ਦੇਰ ਸੀ ਕਿ ਮੁਸਲਮਾਨੀ ਸੈਨਾ ਦੇ ਹੌਂਸਲੇ ਟੁੱਟ ਗਏ। ਫੇਰ ਤਾਂ ਖਾਲਸੇ ਨੇ ਉਹ ਜ਼ੋਰ ਦਿੱਤਾ ਕਿ ਸਾਰੇ ਲਸ਼ਕਰ ਨੂੰ ਅੱਗੇ ਰੱਖ ਲਿਆ। ਹੁਣ ਨਵਾਬ, ਸਣੇ ਬਾਕੀ ਰਹਿੰਦੀ ਫੌਜ ਦੇ, ਸ਼ਹਿਰ ਵਿਚ ਭੱਜ ਵੜਿਆ ਤੇ ਜਾਂਦਿਆਂ ਹੀ ਦਰਵਾਜ਼ੇ ਬੰਦ ਕਰ ਦਿੱਤੇ। ਖਾਲਸੇ ਨੇ ਇਹ ਸਮਾਂ ਅਜਾਈ ਹੱਥੋ ਨਹੀਂ ਗਵਾਇਆ, ਜਾਂਦੇ ਸਾਰ ਹੀ ਰਾਤੋ-ਰਾਤ ਸ਼ਹਿਰ ਨੂੰ ਜਾ ਘੇਰਿਆ। ਸਵੇਰ ਨੂੰ ਨਵਾਬ ਨੇ ਕਿਲ੍ਹੇ ਤੇ ਤੋਪਾਂ ਬੀੜ ਦਿੱਤੀਆਂ ਤੇ ਫੇਰ ਖਾਲਸੇ ਤੇ ਗੋਲੇ ਵਰਸਾਣੇ ਆਰੰਭ ਦਿੱਤੇ। ਇਸ ਤਰ੍ਹਾਂ ਦੋਹਾਂ ਪਾਸਿਆਂ ਤੋਂ ਗੋਲੇ ਚੱਲ ਰਹੇ ਸਨ ਕਿ ਦੇਵਨੇਤ ਨਾਲ ਕਿਲ੍ਹੇ ਤੋਂ ਇਕ ਗੋਲਾ ਠੀਕ ਮਹਾਰਾਜਾ ਸਾਹਿਬ ਦੇ ਪੈਰ ਵਿਚ ਆ ਕੇ ਪਿਆ ਅਤੇ ਝਟ ਧਰਤੀ ਵਿਚ ਧਸ ਗਿਆ। ਮਹਾਰਾਜੇ ਨੂੰ ਸਤਿਗੁਰੂ ਨੇ ਹੱਥ ਦੇ ਕੇ ਰੱਖ ਲਿਆ। ਹੁਣ ਤਾਂ ਖਾਲਸਾ ਫੌਜ ਵਿਚ ਕਹਿਰ ਦਾ ਜੋਸ਼ ਖਿੱਲਰ ਗਿਆ। ਹਰ ਇਹ ਸੂਰਮਾ ਚਾਹੁੰਦਾ ਸੀ ਕਿ ਮੇਰੀ ਤਲਵਾਰ ਹੀ ਨਵਾਬ ਦੇ ਲਹੂ ਵਿਚ ਟੁਭਾ ਲਾਏ। ਇੰਨੇ ਨੂੰ ਸ਼ਹਿਰ ਦੇ ਦਰਵਾਜ਼ਿਆਂ ਪਰ ਮਸਤ ਹਾਥੀ ਦੌੜਾਏ ਗਏ, ਜਿਨ੍ਹਾਂ ਦੀਆਂ ਟੱਕਰਾਂ ਨਾਲ ਹੀ ਇਕ ਦਰਵਾਜ਼ਾ ਡਿੱਗ ਪਿਆ। ਹੁਣ ਅੱਖ ਦੇਫੋਰਵਿਚ ਖਾਲਸਾਈ ਫੌਜਾਂ ਦੇ ਦਲ ਹੱਥਾਂ ਵਿਚ ਸੂਤੀਆਂ ਕਿਰਪਾਨਾਂ ਲਈ ਸ਼ਹਿਰ ਦੇ ਅੰਦਰ ਜਾ ਵੜੇ ਤੇ ਜਹਾਦੀਆਂ ਪਰ ਟੁੱਟ ਪਏ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਨਵਾਬ ਦੀ ਫੌਜ ਇਥੋਂ ਵੀ ਉਠ ਨੱਠੀ। ਹੁਣ ਮਹਾਰਾਜੇ ਦਾ ਸ਼ਹਿਰ ਤੇ ਪੂਰਾ ਪੂਰਾ ਅਧਿਕਾਰ ਹੋ ਗਿਆ। ਇਸ ਰੌਲੇ ਗੌਲੇ ਵਿਚ ਅਹਿਮਦ ਖਾਨ ਮੌਕਾ ਪਾ ਕੇ ਮੁਲਤਾਨ ਵੱਲ ਨੱਸ ਗਿਆ। ਚੂੰ ਕਿ ਸ਼ਹਿਰ ਵਾਸੀ ਹਿੰਦੂਆਂ ਨੇ ਇਸ ਫੌਜ ਲਈ ਰਸਦ ਆਦਿ ਦੇਣ ਵਿਚ ਸਭ ਤਰ੍ਹਾਂ ਦੀ ਸਹਾਇਤਾ ਕੀਤੀ ਸੀ, ਮਹਾਰਾਜਾ ਸਾਹਿਬ ਨੇ ਉਹਨਾਂ ਦੇ ਸ਼ਹਿਰ ਨੂੰ ਲੁੱਟਣ ਤੋਂ ਬਚਾ ਲਿਆ, ਅਗਲੇ ਦਿਨ ਸਾਰੇ ਇਲਾਕੇ ਵਿਚ ਡੌਂਡੀ ਪਿਟਾ ਦੇਣ ਦਾ ਹੁਕਮ ਦੇ ਦਿੱਤਾ ਕਿ ਜੋ ਜੋ ਸ਼ਹਿਰੀ ਲੜਾਈ ਦੇ ਡਰ ਤੋਂ ਨੱਠ ਗਏ ਹਨ, ਉਹ ਇਕ ਮਹੀਨੇ ਦੇ ਅੰਦਰ ਅੰਦਰ ਸ਼ਹਿਰ ਵਿਚ ਪਰਤ ਆਵਣ ਤਾਂ ਉਹਨਾਂ ਨੂੰ ਮਾਫ ਕੀਤਾ ਜਾਏਗਾ। ਕੁਝ ਦਿਨਾਂ ਬਾਦ ਅਹਿਮਦ ਖ਼ਾਨ ਨੇ ਆਪਣੇ ਪਤਵੰਤਿਆਂ ਦਾ ਇਕ ਜਿਰਗਾ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਭੇਜਿਆ ਤੇ ਉਹਨਾਂ ਆ ਕੇ ਬਿਨੈ ਕੀਤੀ ਕਿ ਨਵਾਬ ਨੇ ਜੋ ਹੁਕਮ-ਅਦੂਲੀ ਦੀਭਾਰੀ ਭੁੱਲ ਕੀਤੀ ਸੀ। ਉਹਦੀ ਉਹਨੇ ਪੂਰੀ ਸਜ਼ਾ ਪਾ ਲਈ ਹੈ, ਹੁਣ ਆਪ ਮਿਹਰ ਕਰੋ ਤੇ ਨਵਾਬ ਦੀ ਭੁੱਲ ਬਖ਼ਸ਼ ਦੇਵੋ। ਨਵਾਬ ਨੂੰ ਆਪਣੇ ਵਲੋਂ ਇਲਾਕੇ ਦੀ ਸੇਵਾ ਸੌਂਪ ਜਾਓ ਅਤੇ ਜਿੰਨਾਂ ਸਲਾਨਾ ਕਰ ਆਪ ਉਸ ਦੇ ਜ਼ਿੰਮੇ ਲਾਓਗੇ, ਉਹ ਬਿਨਾਂ ਦੇਰ ਦੇ ਆਪ ਦੇ ਖਜ਼ਾਨੇ ਵਿਚ ਪਹੁੰਚਾ ਦਿਆ ਕਰੇਗਾ। ਇਸ ਤੋਂ ਛੁਟ ਇਸ ਲੜਾਈ ਦਾ ਸਾਰਾ ਜੰਗੀ ਖਰਚ ਨਵਾਬ ਦੇਣ ਨੂੰ ਤਿਆਰ ਹੈ ਕਿਉਂਕਿ ਇਹ ਉਸਦੀ ਆਪਣੀ ਮੂਰਖਤਾ ਦਾ ਫਲ ਸੀ। ਮਹਾਰਾਜਾ ਸਾਹਿਬ, ਜਿਸ ਦੇ ਸੁਭਾਅ ਵਿਚ ਕੁਦਰਤੀ ਬਖਸ਼ਣ ਦਾ ਭਾਵ ਬਹੁਤ ਜਿਆਦਾ ਸੀ, ਚਾਹੇ ਕਿੰਨਾ ਸਖਤ ਤੋਂ ਸਖਤ ਵੈਰੀ ਭੀ ਜਦ ਸ਼ਰਨ ਆ ਜਾਏ ਤੇ ਆਪਣੀ ਭੁੱਲ ਮੰਨ ਲਏ ਤਾਂ ਉਹ ਉਸਨੂੰ ਬਖਸ਼ ਦਿੰਦਾ ਸੀ, ਇਸੇ ਨਿਯਮ ਅਨੁਸਾਰ ਨਵਾਬ ਨੂੰ ਮਾਫ ਕਰ ਦਿੱਤਾ ਤੇ ਉਸਦੀ ਬੇਨਤੀ ਮੰਨ ਲਈ। ਨਵਾਬ ਦੇ ਜਿਰਗੇ ਦੀ ਮਰਜ਼ੀ ਅਨੁਸਾਰ 60000 ਰੁਪਿਆ ਸਾਲਾਨਾ ਮਾਮਲਾ ਲੈਣਾ ਮਹਾਰਾਜੇ ਨੇ ਓਸ ਨਾਲ ਠਹਿਰਾਇਆ। ਇਸ ਲੜਾਈ ਵਿਚ ਬਹੁਤ ਵੱਡਾ ਖਜ਼ਾਨਾ ਤੇ ਕਈ ਕੀਮਤੀ ਘੋੜੇ ਤੇ ਹਥਿਆਰ ਮਹਾਰਾਜਾ ਦੀਆਂ ਫੌਜਾਂ ਦੇ ਹੱਥ ਆਏ। ਨਵਾਬ ਮਹਾਰਾਜਾ ਦੇ ਹੁੰਦਿਆਂ ਹੀ ਝੰਗ ਵਿਚ ਪਹੁੰਚ ਗਿਆ ਤੇ ਲੜਾਈ ਦਾ ਦੰਡ ਦੇ

ਕੇ ਅੱਗੇ ਨੂੰ ਇਹ ਮਹਾਰਾਜੇ ਵਲੋਂ ਕੱਰ-ਭਰਣਾ ਹਾਕਮ ਨੀਯਤ ਹੋਇਆ। ਮਹਾਰਾਜਾ ਸਾਹਿਬ ਇਥੋਂ ਤਰਮੋਣ ਦੇ ਪੱਤਣ ਤੋਂ ਪਾਰ ਹੋ ਕੇ ਉਚ ਵੱਲ ਗਏ ਤੇ ਉਸਨੂੰ ਇਕ ਛੋਟੀ ਲੜਾਈ ਦੇ ਬਾਅਦ ਫਤਹਿ ਕਰ ਲਿਆ ਤੇ ਨਾਲ ਸੁਲਤਾਨ ਬੁਖਾਰੀ ਤੋਂ ਦਰਸ਼ਨ ਭੇਟ ਲੈ ਕੇ ਬੜੀ ਧੂਮ ਧਾਮ ਨਾਲ ਨਵੰਬਰ ਸੰਨ 1803 ਈ: ਨੂੰ ਲਾਹੌਰ ਪਰਤ ਆਏ।

## ਸ੍ਰੀ ਅੰਮ੍ਰਿਤਸਰ ਵਿਚ ਸ਼ਾਹੀ ਦਰਬਾਰ ਤੇ ਫੌਜੀ ਸਰਦਾਰਾਂ ਨੂੰ ਪਦ ਬਖਸ਼ਣੇ

ਸੰਮਤ 1861 ਮੁਤਾਬਿਕ ਸੰਨ 1804 ਈ: ਵਿਚ ਮਹਾਰਾਜਾ ਸਾਹਿਬ ਸ੍ਰੀ ਅੰਮ੍ਰਿਤਸਰ ਵਿਚ ਆ ਗਏ ਅਤੇ ਇਕ ਭਾਰੀ ਫੌਜੀ ਦਰਬਾਰ ਕੀਤਾ, ਜਿਸ ਵਿਚ ਵੱਡੇ ਵੱਡੇ ਸਰਦਾਰਾਂ ਨੂੰ ਫੌਜੀ ਪਦ ਬਖਸ਼ੇ ਜੋ ਇਸ ਤਰ੍ਹਾਂ ਹਨ-

ਸ: ਦੇਸਾ ਸਿੰਘ ਮਜੀਠੀਏ ਨੂੰ 4000 ਘੋੜ-ਚੜ੍ਹਾਂ ਦੀ ਸਰਦਾਰੀ ਦਿੱਤੀ, ਸ:ਨਿਹਾਲ ਸਿੰਘ ਅਟਾਰੀਵਾਲੇ ਨੂੰ 5000 ਪੈਦਲ ਸਵਾਰ, ਸ:ਹੁਕਮ ਸਿੰਘ ਚਿਮਨੀ ਨੂੰ ਤੋਪਖਾਨੇ ਦਾ ਪ੍ਰਬੰਧ ਤੇ 2000 ਸਵਾਰਾਂ ਦਾ ਮੁਖੀ ਥਾਪਿਆ, ਗੌਸ ਖਾਨ ਨੂੰ ਤੋਪਖਾਨਾ ਤੇ 2000 ਸਵਾਰ, ਸ਼ੇਖ ਅਬਦੁਲਾ ਤੇ ਰੋਸ਼ਨ ਖਾਨ ਹਿੰਦੁਸਤਾਨੀ ਨੂੰ ਨਜੀਬਾ ਦੀ ਪਲਟਨ ਦਾ ਪ੍ਰਮੁਖ ਚੁਣਿਆ, ਬਾਜ ਸਿੰਘ ਨੂੰ ਜੋ ਬਾਬਾ ਬਾਜ ਸਿੰਘ ਮੁਰਾਲੀ ਦੇ ਨਾਮ ਪਰ ਪ੍ਰਸਿੱਧ ਸੀ-5000 ਘੋੜ-ਚੜ੍ਹਿਆਂ ਦੀ ਸਰਦਾਰੀ ਤੇ ਜਗੀਰ ਮਿਲੀ, ਮਿਲਖਾ ਸਿੰਘ ਨੂੰ 700 ਜਵਾਨਾਂ ਦਾ ਜ਼ਿਮੇਦਾਰ ਬਣਾ ਕੇ ਰਾਵਲਪਿੰਡੀਦਾ ਕਿਲ੍ਹੇਦਾਰ ਥਾਪਿਆ, ਸ: ਨੌਧ ਸਿੰਘ ਨੂੰ 4000 ਸਵਾਰਾਂ ਦੀ ਸਰਦਾਰੀ ਤੇ ਪਰਗਨਾ ਘੇਬੀ ਦੀ ਜਾਗੀਰ ਦਿੱਤੀ, ਸ: ਅਤਰ ਸਿੰਘ, ਫਤਹ ਧਾਰੀ ਦੇ ਪੁੱਤਰ ਨੂੰ 500 ਸਵਾਰਾਂ ਦਾ ਸਰਦਾਰ ਤੇ ਮਿਤ ਸਿੰਘ ਬਰਹਾਨੀਏ ਨੂੰ 500 ਜਵਾਨਾਂ ਦਾ ਸੂਬੇਦਾਰ ਥਾਪਿਆ, ਗੁਰਬਾ ਸਿੰਘ ਨੂੰ 1000 ਸਵਾਰਾਂ ਦਾ ਰਸਾਲਦਾਰ ਥਾਪਿਆ। ਇਨ੍ਹਾਂ ਤੋਂ ਛੁੱਟ ਹੇਠ ਲਿਖੇ ਜਾਗੀਰਦਾਰ ਨੀਯਤ ਹੋਏ ਜੋ ਲੜਾਈ ਦੇ ਸਮੇਂ ਲੋੜ ਪੈਣ ਤੇ ਇਸ ਕਰਮ ਅਨੁਸਾਰ ਫੌਜਪੈਣ ਤੇ ਇਸ ਕਰਮ ਅਨੁਸਾਰ ਫੌਜ ਨੂੰ ਖਾਲਸਾ ਰਾਜ ਦੀ ਸੇਵਾ ਲਈ ਸਹਾਇਤਾ ਦਿਆ ਕਰਨਗੇ-

ਸ: ਜੱਸਾ ਸਿੰਘ ਕਰਮ ਸਿੰਘ ਦਾ ਪੁੱਤਰ, ਸ: ਸਾਹਿਬ ਸਿੰਘ ਗੁਜਰ ਸਿੰਘ ਦਾ ਪੁੱਤਰ, ਸ: ਚੇਤ ਸਿੰਘ ਲਹਿਣਾ ਸਿੰਘ ਦਾ ਪੁੱਤਰ, ਸ: ਭਾਗ ਸਿੰਘ ਆਹਲੂਵਾਲੀਆ, ਸ: ਨਾਹਰ ਸਿੰਘ ਚਮਿਆਰੀ ਵਾਲਾ ਇਕ ਇਕ ਹਜ਼ਾਰ ਸਵਾਰ ਦੇਣਗੇ। ਘਨੱਯਾ ਮਿੱਸਲ ਵਲੋਂ **5000**, ਨਕੇਈਆਂ ਵਲੋਂ **4000**, ਪਹਾੜੀ ਰਾਜਿਆਂ ਵਲੋਂ **5000,** ਦੁਆਬੇ ਦੇ ਸਰਦਾਰਾਂ ਵਲੋਂ **7000** ਜਵਾਨ ਹਾਜ਼ਰ ਕੀਤੇ ਜਾਇਆ ਕਰਨਗੇ। ਇਨ੍ਹਾਂ ਸਾਰਿਆਂ ਨੂੰ ਭਾਰੀ ਜਗੀਰਾਂ ਤੋਂ ਛੁਟ ਬਹੁਮੁੱਲੀਆਂ ਖਿਲਤਾਂ ਬਖਸ਼ੀਆਂ ਤੇ ਇਸ ਤਰ੍ਹਾਂ ਇਤਿਹਾਸਕ ਦਰਬਾਰ ਸੰਪੂਰਨ ਹੋਇਆ।

ਇਸ ਦੇ ਕੁਝ ਦਿਨਾਂ ਬਾਅਦ ਇਲਾਕਾ ਝਨਾਂ ਤੇ ਜਿਹਲਮ ਦੇ ਕੰਢੇ ਦੇ ਮੁਸਲਮਾਨ ਰਈਸ, ਜੋ ਅਜੇ ਤੱਕ ਦਰਬਾਰ ਕਾਬਲ ਦੇ ਅਧੀਨ ਸਮਝੇ ਜਾਂਦੇ ਸਨ, ਸ਼ੇਰਿ ਪੰਜਾਬ ਦਾ ਵਧਦਾ ਹੋਇਆ ਪ੍ਰਤਾਪ ਵੇਖ ਕੇ ਆਪਣੇ ਆਪ ਹੀ ਮਹਾਰਾਜਾ ਦੀ ਤਹਿਤ ਵਿਚ ਆ ਗਏ ਤੇ ਅੱਗੇ ਨੂੰ ਇਨ੍ਹਾਂ ਦਾ ਕੋਈ ਸਬੰਧ ਕਾਬਲ ਨਾਲ ਨਾ ਰਿਹਾ। ਇਹ ਅਹਿਦਨਾਮਾ ਸੰਨ 1862 ਦੇ ਹਨ।

## ਜਸਵੰਤ ਰਾਇ ਹੁਲਕਰ ਦਾ ਮਹਾਰਾਜੇ ਦੀ ਸ਼ਰਨ ਆਉਣਾ

ਸੰਨ 1805 ਈ: ਦੇ ਛੇਕੜਲੇ ਦਿਨਾਂ ਵਿਚ ਮਹਾਰਾਜਾ ਸਾਹਿਬ ਇਲਾਕਾ ਮੁਲਤਾਨ ਦੇ ਦੌਰੇ ਪਰ ਗਿਆ। ਇਹ ਅਜੇ ਮੁਲਤਾਨ ਤੋਂ 20 ਕੋਹ ਦੀ ਵਿਥ ਤੇ ਡੇਰੇ ਲਾਈ ਠਹਿਰਿਆ ਹੋਇਆ ਸੀ ਕਿ ਨਵਾਬ ਮੁਜ਼ੱਫ਼ਰ ਖਾਨ ਹਾਕਮ ਮੁਲਤਾਨ ਇਥੇ ਹੀ ਮਹਾਰਾਜਾ ਸਾਹਿਬ ਨੂੰ ਆ ਮਿਲਿਆ ਅਤੇ 700000 ਰੁਪਿਆ ਭੇਟਾ ਕੀਤਾ ਕਰ ਵਜੋਂ ਜਿਹੜਾ ਇਸਦੇ ਹਿੱਸੇ ਬਾਕੀ ਸੀ। ਸ਼ੇਰਿ ਪੰਜਾਬ ਨੇ ਨਵਾਬ ਨੂੰ ਬਹੁਮੁੱਲੀ ਖਿਲਤ ਬਖਸ਼ੀ ਤੇ ਵਿਦਾ ਕੀਤਾ।

ਠੀਕ ਇਸ ਸਮੇਂ ਲਾਹੌਰ ਤੋਂ ਸਾਂਢਨੀ ਸਵਾਰ ਦੇ ਹੱਥ ਡਾਕ ਪਹੁੰਚੀ ਕਿ ਜਸਵੰਤ ਰਾਇ ਹੁਲਕਰ ਮਰਹੱਟਾ ਰਾਜਾ ਵਾਲੀਏ ਅੰਦੌਰ, ਸਣੇ ਅਮੀਰ ਖਾਨ ਰੁਹੇਲੇ ਦੇ ਤੇ 15500 ਫੌਜ ਦੇ, ਅੰਗਰੇਜ਼ ਜਰਨੈਲ ਲਾਰਡ ਲੇਕ ਤੋਂ ਭੱਜ ਖਾ ਕੇ ਸਰਹੰਦ ਵੱਲ ਆ ਰਿਹਾ ਹੈ, ਜਿਸਦਾ ਪਿੱਛਾ ਅੰਗਰੇਜੀ ਫੌਜ ਕਰ ਰਹੀ ਹੈ, ਇਸ ਬਾਰੇ ਜੋ ਹੁਕਮ ਹੋਵੇ ਕੀਤਾ ਜਾਏ। ਇਹ ਖਬਰ ਸੁਣ ਕੇ ਮਹਾਰਾਜਾ ਸਾਹਿਬ ਇਸਦੇ ਯੋਗ ਫੈਸਲੇ ਲਈ ਆਪ ਲਾਹੌਰ ਵੱਲ ਪਰਤ ਆਏ। ਲਾਹੌਰ ਪਹੁੰਚਦਿਆਂ ਹੀ ਮਹਾਰਾਜਾ ਸਾਹਿਬ ਨੂੰ ਜਸਵੰਤ ਰਾਇ ਦੇ ਵਕੀਲ ਸਣੇ ਭਾਰੀ ਭੇਟਾਦੇ ਆ ਮਿਲੇ ਤੇ ਬੇਨਤੀ ਕੀਤੀ ਕਿ ਆਪ ਇਸ ਸਮੇਂ ਆਪ ਹੁਲਕਰ ਦੀ ਸਹਾਇਤਾ ਕਰੋ। ਮਹਾਰਾਜਾ ਸਾਹਿਬ ਨੇ ਵਕੀਲਾਂ ਨੂੰ ਇਹ ਆਖ ਕੇ ਵਿਦਾ ਕੀਤਾ ਕਿ ਇਸ ਗੱਲ ਦਾ ਫ਼ੈਸਲਾ ਅਸੀਂ ਆਪਣੇ ਸਰਦਾਰਾਂ ਦੀ ਵੀਚਾਰ ਨਾਲ ਕਰਾਂਗੇ ਤੇ ਜੋ ਫੈਸਲਾ ਹੋਵੇਗਾ ਉਸ ਦੀ ਖਬਰ ਜਸਵੰਤ ਰਾਇ ਨੂੰ ਦਿੱਤੀ ਜਾਏਗੀ। ਓਧਰ ਮਹਾਰਾਜਾ ਵਲੋਂ ਸ੍ਰੀ ਅੰਮ੍ਰਿਤਸਰ ਵਿਚ ਹੁਲਕਰ ਦੇ ਉਤਾਰੇ ਦਾ ਪ੍ਰਬੰਧ ਕਰਵਾਇਆ ਗਿਆ। ਏਧਰਆਪਣੇ ਨਾਮੀਂ ਸਰਦਾਰਾਂ ਦੀ ਇਕ ਕੌਂਸਲ ਇਕੱਠੀ ਕਰਕੇ ਸਾਰਿਆਂ ਦੀ ਸਹਿਮਤੀ ਪੁੱਛੀ ਕਿ ਇਸ ਸਮੇਂ ਖਾਲਸੇ ਨੂੰ ਕੀ ਕਰਨਾ ਚਾਹੀਦਾ ਹੈ? ਡੂੰਘੀ ਵਿਚਾਰ ਦੇ ਉਪਰੰਤ ਇਹ ਫੈਸਲਾ ਹੋਇਆ ਕਿ ਖਾਲਸੇ ਲਈ ਪੰਜਾਬ ਨੂੰ ਬਾਹਰਲੇ ਧੰਦਿਆਂ ਦੀ ਰਣਭੂਮੀ ਬਣਾਉਣਾ ਠੀਕ ਨਹੀਂ, ਦੂਜੇ ਅੰਗਰੇਜੀ ਸਰਕਾਰ ਵਲੋਂ ਅੱਜ ਤੱਕ ਸਾਡੇ ਨਾਲ ਮਿੱਤਰਤਾ ਦਾ ਸਬੰਧ ਚਲਾ ਆਂਵਦਾ ਹੈ, ਉਹਨਾਂ ਨਾਲ ਬਿਨਾਂ ਕਿਸੇ ਕਾਰਨ ਦੇ ਉਹ ਕਿਉਂ ਤੋੜਿਆ ਜਾਵੇ? ਪਰ ਹੁਲਕਰ ਵੀ ਸ਼ਰਨ ਆਇਆ ਹੈ, ਇਸ ਲਈ ਇਸ ਨੂੰ ਖਾਲਸੇ ਦੇ ਦਰ ਤੋਂ ਨਿਰਾਸ਼ ਨਹੀਂ ਭੇਜਣਾ ਚਾਹੀਦਾ, ਜੇ ਕਿਸੇ ਤਰ੍ਹਾਂ ਹੋ ਸਕੇ ਤਾਂ ਆਪ ਵਿਚ ਪੈ ਕੇ ਇਸ ਦਾ ਅਤੇ ਅੰਗਰੇਜਾਂ ਦਾ ਮੇਲ ਕਰਵਾ ਦੇਵੋ, ਜਿਸ ਕਰਕੇ ਹੁਲਕਰ ਨੂੰ ਆਪਣਾ ਇਲਾਕਾ ਮਿਲ ਜਾਏ ਤੇ ਲੜਾਈਆਂ ਝਗੜੇ ਮੁਕ ਜਾਣ। ਇਸ ਫੈਸਲੇ ਤੇ ਸਭ ਨੇ ਪ੍ਰਸੰਨਤਾ ਪ੍ਰਗਟ ਕੀਤੀ। ਮਹਾਰਾਜਾ ਸਾਹਿਬ ਅਗਲੇ ਦਿਨ ਸ੍ਰੀ ਅੰਮ੍ਰਿਤਸਰ ਆ ਗਏ ਤੇ ਹੁਲਕਰ ਨੂੰ ਮਿਲ ਕੇ ਇਹ ਸਭ ਕੁਝ ਸਮਝਾਇਆ। ਇਸ ਫੈਸਲੇ ਦਾ ਸਿੱਟਾ ਇਹ ਨਿਕਲਿਆ ਕਿ 24 ਦਸੰਬਰ ਸੰਨ 1805 ਈ: ਨੂੰ ਹੁਲਕਰ ਦੀ ਤੇ ਅੰਗਰੇਜ਼ਾਂ ਦੀ ਸੁਲ੍ਹਾ ਹੋ ਗਈ ਤੇ ਐਹਦਨਾਮਾ ਲਿਖਿਆ ਗਿਆ, ਜਿਸ ਅਨੁਸਾਰ ਉਹ ਸਾਰਾ ਇਲਾਕਾ, ਜੋ ਅੰਗਰੇਜ਼ ਜਰਨੈਲ ਨੇ ਤਾਪਦੀ ਨਦੀ ਤੋਂ ਗੋਦਾਵਰੀ ਦੇ ਪੂਰਬ ਵੱਲ ਉਸ ਤੋਂ ਖੋਹ ਲਿਆ ਸੀ, ਉਸ ਨੂੰ ਫੇਰ ਮੋੜ ਦਿੱਤਾ। ਇਸ ਫੈਸਲੇ ਨਾਲ ਦੋਵੇਂ ਧਿਰਾਂ ਮਹਾਰਾਜਾ ਸਾਹਿਬ ਤੋਂ ਰਾਜ਼ੀ ਹੋ ਗਈਆਂ। ਹੁਣ ਇਸ ਤੇ ਬਾਅਦ ਸਰਕਾਰ ਅੰਗਰੇਜ਼ੀ ਨੇ ਮਹਾਰਾਜਾ ਸਾਹਿਬ ਤੇ ਆਹਲੂਵਾਲੀਏ ਸਰਦਾਰਾਂ ਨਾਲ ਮਿੱਤਰਤਾ ਦਾ ਸਬੰਧ ਵਧੇਰੇ ਪੱਕਾ ਕਰ ਦਿੱਤਾ।

ਇਸੇ ਸਾਲ ਦੀਆਂ ਗਰਮੀਆਂ ਦੇ ਆਰੰਭ ਵਿਚ ਮਹਾਰਾਜਾ ਸਾਹਿਬ ਬੀਮਾਰ ਹੋ ਗਏ, ਜਿਸ ਕਰਕੇ ਕੁਝ ਚਿਰ ਤੱਕ ਆਪ ਨੂੰ ਲਾਹੌਰ ਵਿਚ ਹੀ ਠਹਿਰਨਾ ਪਿਆ ਤੇ ਜਦ ਆਪ ਅਰੋਗ ਹੋਏ ਤਾਂ ਸ਼ਾਲੀਮਾਰ ਬਾਗ ਵਿਚ ਡੇਰੇ ਲਾਏ ਅਤੇ ਇਸ ਦੀ ਮੁਰੰਮਤ ਤੇ ਬਹੁਤ ਰੁਪਿਆ ਖਰਚ ਕਰਵਾਇਆ। ਇਸ ਸਮੇਂ ਇਸ ਬਾਗ ਦੀ ਪੁਰਾਣੀ-ਨਹਿਰ ਜੋ ਅਲੀ ਮਰਦਾਨ ਖ਼ਾਨ ਦੀ ਨਹਿਰ ਹੰਸਲੀ ਦੇ ਨਾਮ ਨਾਲ ਪ੍ਰਸਿੱਧ ਸੀ-ਪੁਟਵਾ ਕੇ ਸਾਫ਼ ਕਰਵਾਈ ਤੇ ਬਾਗ ਨੂੰ ਉਹ ਰੌਣਕ ਦਿੱਤੀ ਜੋ ਇਸ ਤੋਂ ਪਹਿਲਾਂ ਕਦੇ ਨਹੀਂ ਸੀ ਵੇਖੀ ਗਈ।

ਸੰਨ 1806 ਈ: ਦੀਆਂ ਘਟਨਾਵਾਂ ਵਿਚੋਂ ਇਹ ਭੀ ਹੈ ਕਿ ਦੀਵਾਨ ਮੁਹਕਮ ਚੰਦ ਖੱਤਰੀ ਬਿਸਾਖੀ ਰਾਮ, ਕੁੰਜਾਹ ਵਾਲੇ ਦੇ ਪੁੱਤਰ ਨੂੰ ਖ਼ਾਲਸਾ ਫ਼ੌਜ ਵਿਚ ਭਰਤੀ ਕੀਤਾ। ਇਸ ਨੇ ਖਾਲਸੇ ਦੀ ਬਹਾਦਰੀ ਤੇ ਨਿਰਭੈਤਾ ਦੇ ਨਮੂਨੇ ਵੇਖ ਵੇਖ ਇੰਨਾ ਲਾਭ ਉਠਾਇਆ ਕਿ ਕੁਝ ਸਮੇਂ ਬਾਅਦ ਇਹ ਖਾਲਸਾ ਫੌਜ ਦਾ ਬਹਾਦਰ ਜਰਨੈਲ ਬਣਿਆ ਤੇ ਬੜਾ ਨਾਮ ਪਾਇਆ।

-0-

2 ਮਈ (19 ਵਿਸਾਖ) ਗੁਰੂ ਅਰਜਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਪੰਚਮ ਪਾਤਿਸ਼ਾਹ ਦੇ ਪਰਉਪਕਾਰ ਤੇ ਹੋਰ ਅਣਗਿਣਤ ਕਾਰਜ



ਕੈਪਟਨ ਅਵਤਾਰ ਸਿੰਘ
97819-90206

ਸਤਿਗੁਰੂ ਨਾਨਕ ਸਾਹਿਬ ਜੀ ਨੂੰ ਜੋ ਅਕਾਲ ਪੁਰਖ ਵੱਲੋਂ ਮਨੁੱਖਤਾ ਦੇ ਕਲਿਆਣ ਲਈ ਸੇਵਾ ਸੌਂਪ ਕੇ ਭੇਜਿਆ ਗਿਆ, ਉਹ ਕਾਰਜ ਬੜੀ ਲਾਸਾਨੀ, ਦੂਰਗਾਮੀ ਅਤੇ ਕ੍ਰਾਂਤੀਕਾਰੀ ਸੀ। ਆਪਣੀ 70 ਕੁ ਸਾਲ ਦੀ ਸਰੀਰੀ ਉਮਰ ਵਿਚ ਕੰਮ ਕੀਤੇ, ਉਹ ਸਦੀਆਂ ਵਿਚ ਭੀ ਹੋਣੇ ਸੰਭਵ ਨਹੀਂ ਸਨ। ਆਪਣੇ ਪਰਚਾਰੇ ਅਤੇ ਲਿਖੇ ਵਿਚਾਰਾਂ ਨੂੰ ਇਕੋ ਜੀਵਨ ਵਿਚ ਲਾਗੂ ਕੀਤਾ ਜਾਣਾ ਸੰਭਵ ਨਹੀਂ ਸੀ ਕਿਉਂਕਿ ਰੋਗ ਏਨਾ ਭਿਆਨਕ ਸੀ ਕਿ ਜੇ ਇਸ ਭਾਰਤੀ ਕੌਮ ਦੀ ਤਬਾਹਕੁੰਨ ਅਵੱਸਥਾ ਨੂੰ ਪੂਜਦਿਆਂ ਕਈ ਹਜ਼ਾਰ ਸਾਲ ਲੱਗੇ ਸਨ ਤਾਂ ਅਰੋਗ ਹੋਣ ਵਾਸਤੇ ਭੀ ਸਦੀਆਂ ਦੀ ਭਵਿੱਖ ਮੁਖੀ ਰੂਪ-ਰੇਖਾ ਉਲੀਕਣੀ ਪੈਣੀ ਸੀ। ਗੁਰੂ ਨਾਨਕ ਸਾਹਿਬ ਜੀ ਨੇ ਜ਼ਿੰਦਗੀ ਦੇ ਹਰ ਪਹਿਲੂ ਬਾਰੇ ਭਰਪੂਰ ਚਾਨਣਾ ਪਾਇਆ ਹੈ। ਉਨ੍ਹਾਂ ਆਪਣੇ ਸਰਬੱਤ ਦੇ ਭਲੇ ਵਾਲੇ ਸਿਧਾਂਤ, ਗੁਰਬਾਣੀ ਰਾਹੀਂ ਸੰਭਾਲ ਕੇ ਗੁਰੂ ਅੰਗਦ ਸਾਹਿਬ ਜੀ ਦੇ ਹਵਾਲੇ ਕਰ ਦਿੱਤੇ। ਹੋਰ ਅਜਿਹੇ ਬਹੁਤ ਸਾਰੇ ਕੰਮ ਭੀ ਹੋਣਗੇ, ਜਿਨ੍ਹਾਂ ਨੂੰ ਲਿਖਤ ਵਿਚ ਲਿਆਉਣਾ ਜ਼ਰੂਰੀ ਨਹੀਂ ਸਮਝਿਆ ਗਿਆ, ਉਹ ਜ਼ਬਾਨੀ ਸਮਝਾ ਦਿੱਤੇ ਗਏ। ਇਹ ਯਾਦ ਰਹੇ ਕਿ 'ਅਜ਼ਾਦੀ' ਸ਼ਬਦ ਤੋਂ ਸਮੇਂ ਦੀ ਹਰ ਸਰਕਾਰ ਤ੍ਰਹਿੰਦੀ ਹੈ। ਕੋਈ ਕੌਮ ਮਨੁੱਖਾਂ ਦਾ ਸਮੂਹ, ਪਿੰਡ-ਸ਼ਹਿਰ ਜੇਕਰ ਕਹਿ ਦੇਵੇ ਕਿ, 'ਅਸੀਂ ਹਰ ਹਾਲਤ ਵਿੱਚ ਆਜ਼ਾਦੀ ਪ੍ਰਾਪਤ ਕਰ ਕੇ ਰਹਾਂਗੇ।' ਸਮੇਂ ਦੀ ਹਕੂਮਤ (ਰਾਜ ਸ਼ਕਤੀ) ਉਸ ਉੱਠ ਰਹੀ ਆਵਾਜ਼ ਨੂੰ ਸਾਰੀ ਤਾਕਤ ਲਾ ਕੇ ਕੁਚਲ ਦੇਵੇਗੀ। ਵੱਡੇ ਤੋਂ ਵੱਡਾ ਜ਼ਬਰ ਢਾਹੁਣਾ ਪਵੇ ਤਾਂ ਭੀ ਸੰਕੋਚ ਨਹੀਂ ਕਰੇਗੀ। ਸਥਾਪਤ ਧਰਮਾਂ ਵਿਚ ਆਈ ਗਿਰਾਵਟ ਨੂੰ ਜੇ ਕੋਈ ਵੰਗਾਰੇ ਤਾਂ ਸਮੇਂ ਦੇ ਧਰਮ ਮੁਖੀਆਂ ਨੂੰ ਕਦੇ ਭੀ ਪ੍ਰਵਾਨ ਨਹੀਂ ਹੋਵੇਗਾ। ਪੁਜਾਰੀ ਲੋਕ ਭੋਲੇ ਲੋਕਾਂ ਦੀ ਲੁੱਟ ਕਰ ਕੇ ਹੀ 'ਸੁੱਖਾਂ ਭਰੀ ਜ਼ਿੰਦਗੀ ਬਤੀਤ ਕਰ ਰਹੇ ਹੁੰਦੇ ਹਨ।' ਉਹ ਕਿਵੇਂ ਬਰਦਾਸ਼ਤ ਕਰ ਸਕਦੇ ਹਨ ਕਿ ਉਨ੍ਹਾਂ ਵੱਲੋਂ ਕੀਤੇ ਜਾ ਰਹੇ 'ਧਾਰਮਿਕ' ਕੰਮਾਂ ਨੂੰ ਕੋਈ ਗ਼ਲਤ ਆਖੇ। ਆਪਣੀ ਸਾਰੀ 'ਧਰਮ ਸ਼ਕਤੀ' ਵਰਤ ਕੇ ਇਹ ਬਾਹਰੋਂ ਨਿਰ੍ਹੇ ਗਊ ਨਜ਼ਰ ਆਉਂਦੇ ਲੋਕ, ਜ਼ਰਾ ਕੁ ਹੱਥ ਲਾਉਣ ਤੇ ਭੂਤਰੇ ਹੋਏ ਸਾਨ੍ਹ ਵਾਂਗ ਖੌਰੂ ਪਾਉਂਦੇ ਹਨ। ਸਿੰਗਾਂ 'ਤੇ ਚੁੱਕ ਲੈਂਦੇ ਹਨ, ਪੈਰਾਂ ਹੇਠ ਲਿਤਾੜ ਸੁੱਟਦੇ ਹਨ। ਵਿਚਾਰੀ ਭੋਲੀ-ਭਾਲੀ ਜਨਤਾ ਇਨ੍ਹਾਂ ਨੂੰ ਵੇਖਦਿਆਂ ਹੀ ਲੰਮਿਆਂ ਪੈ ਕੇ ਡੰਡਉਤ ਬੰਦਨਾ ਦੀ ਮੁੱਦਰਾ ਵਿਚ ਚਲੀ ਜਾਂਦੀ ਹੈ।' ਗੁਰੂ ਨਾਨਕ ਸਾਹਿਬ ਜੀ ਨੇ ਜਿਥੇ ਪਾਵਨ ਬਾਣੀ ਰਾਹੀਂ ਲਿਖਤੀ ਉਪਦੇਸ਼ ਦਿੱਤੇ, ਕ੍ਰਾਂਤੀਕਾਰੀ ਭਗਤਾਂ ਦੀ ਬਾਣੀ ਨੂੰ ਸੰਭਾਲ ਕੇ ਆਪਣੇ ਨਾਲ ਸ਼ਾਮਲ ਕੀਤਾ, ਉਥੇ ਬਹੁਤ ਸਾਰੇ ਜ਼ਬਾਨੀ ਉਪਦੇਸ਼ ਭੀ ਦਿੱਤੇ ਸਨ, ਉਹ ਇਸ ਲਈ ਕਿ ਕਿਤੇ 'ਪਰਜਾ ਪਾਲਕ ਬਾਦਸ਼ਾਹ' ਨਾਲ ਸਿੱਧੀ ਟੱਕਰ ਨਾ ਹੋ ਜਾਵੇ। ਕਿਤੇ ਕਿਸੇ ਧਰਮਾਤਮਾ ਪੁਰਸ਼ ਨੂੰ ਪ੍ਰੇਸ਼ਾਨੀ ਨਾ ਹੋ ਜਾਵੇ। ਸੰਕੋਚ ਕਰਨ ਦੇ ਬਾਵਜੂਦ ਗੁਰੂ ਨਾਨਕ ਸਾਹਿਬ ਜੀ ਨੇ ਬਹੁਤ ਕੁਝ ਸੱਚੋ ਸੱਚ ਕਹਿ ਦਿੱਤਾ ਸੀ।

ਗੁਰੂ ਅੰਗਦ ਸਾਹਿਬ ਜੀ ਨੇ ਉਸੇ ਕਾਰਜ ਨੂੰ ਸ਼ਿੱਦਤ ਨਾਲ ਅੱਗੇ ਵਧਾਇਆ। ਗੁਰੂ ਅਮਰਦਾਸ ਜੀ ਨੇ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਉਂਦਿਆਂ ਇਸ ਲਹਿਰ ਨੂੰ ਹੋਰ ਪ੍ਰਚੰਡ ਕੀਤਾ। ਗੁਰੂ ਰਾਮਦਾਸ ਸਾਹਿਬ ਜੀ ਨੇ ਖਿਲਰੇ ਬਿਖਰੇ ਸਮਾਜ ਨੂੰ ਜੋੜਨ ਵਾਸਤੇ ਹੋਰ ਬਹੁਤ ਸਾਰੇ ਕਲਿਆਣਕਾਰੀ ਕੰਮ ਕੀਤੇ। ਉਥੇ ਨਾਲ ਹੀ ਸਿੱਖਾਂ ਲਈ ਰਾਜਧਾਨੀ ਚੱਕ ਰਾਮਦਾਸ (ਅੰਮ੍ਰਿਤਸਰ) ਭੀ ਕਾਇਮ ਕੀਤੇ। ਚੌਹਾਂ ਗੁਰੂਆਂ ਅਤੇ ਪਰਉਪਕਾਰੀ ਭਗਤਾਂ ਦਾ ਸਾਰਾ ਵਿਰਸਾ, ਸਤਿਗੁਰੂ ਅਰਜਨ ਸਾਹਿਬ ਜੀ ਨੂੰ ਪ੍ਰਾਪਤ ਹੋਇਆ। ਇਸ ਖਜ਼ਾਨੇ ਨੂੰ ਉਨ੍ਹਾਂ ਯੋਗ ਤਰੀਕੇ ਨਾਲ ਵਰਤਣਾ ਭੀ ਸੀ ਅਤੇ ਇਸ ਵਿਚ ਹੋਰ ਬਹੁਤ ਸਾਰਾ ਵਾਧਾ ਭੀ ਕਰਨਾ ਸੀ। ਸਮਾਂ ਬੀਤਣ ਨਾਲ ਜਿੰਨਾ ਗਿਆਨ ਵੱਧਦਾ ਜਾਵੇਗਾ, ਇਤਿਹਾਸ ਦੇ ਛੁਪੇ (ਜਾਂ ਜਾਣ ਬੁੱਝ ਕੇ ਛੁਪਾਏ) ਤੱਥ ਸਾਹਮਣੇ ਆਉਣਗੇ ਤਾਂ ਸਤਿਗੁਰੂ ਜੀ ਦੀ ਸਖਸ਼ੀਅਤ ਹੋਰ ਸਤਿਕਾਰ ਪ੍ਰਾਪਤ ਕਰੇਗੀ। ਜਿਉਂ-ਜਿਉਂ ਗੁਰਬਾਣੀ ਵਿਚਲੇ ਕ੍ਰਾਂਤੀਕਾਰੀ ਤੱਤਾਂ ਦੀ ਵਿਗਿਆਨਕ ਨਜ਼ਰੀਏ ਤੋਂ ਅੱਜ ਦੇ ਹਾਲਾਤ ਨੂੰ ਸਾਹਮਣੇ ਰੱਖ ਕੇ, ਅਰਥ ਵਿਆਖਿਆ ਕੀਤੀ ਜਾਵੇਗੀ, ਤਦੋਂ ਸਤਿਗੁਰੂ ਜੀ ਦੇ ਚਰਨਾਂ 'ਤੇ ਹੋਰ ਸਤਿਕਾਰ ਨਾਲ ਸਿਰ ਝੁਕੇਗਾ। ਜਿਵੇਂ-ਜਿਵੇਂ ਇਤਿਹਾਸਕਾਰ ਇਸ ਲਾਸਾਨੀ ਸ਼ਹੀਦੀ ਦੇ ਕਾਰਨ ਪਰਖਣਗੇ, ਉਹ ਸਤਿਗੁਰੂ ਜੀ ਦੀ ਜੈ-ਜੈ ਕਾਰ ਕਰਨੋਂ ਰਹਿ ਨਹੀਂ ਸਕਣਗੇ। ਕਿਸੇ ਵਕਤ ਲਿਖਾਰੀਆਂ, ਪ੍ਰਚਾਰਕਾਂ ਨੂੰ ਸ਼ਰਮਸਾਰ ਭੀ ਹੋਣਾ ਪੈ ਸਕਦਾ ਹੈ ਕਿ ਜੋ ਕੁਝ ਉਹ ਸਤਿਗੁਰੂ ਜੀ ਨੂੰ ਸਮਝਦੇ ਰਹੇ ਹਨ, ਉਹ ਤਾਂ ਉਹਨਾਂ ਦੀ ਜ਼ਿੰਦਗੀ ਦਾ ਇੱਕ ਛੋਟਾ ਜਿਹਾ ਅੰਗ ਸੀ। ਸਤਿਗੁਰੂ ਜੀ ਤਾਂ ਇਸ ਤੋਂ ਬਹੁਤ ਮਹਾਨ ਸਨ।

ਗੁਰੂ ਅਰਜਨ ਸਾਹਿਬ ਜੀ ਦਾ ਪ੍ਰਕਾਸ਼ ਗੋਇੰਦਵਾਲ ਸਾਹਿਬ 15 ਅਪ੍ਰੈਲ 1563 ਈ. ਨੂੰ ਗੁਰੂ ਰਾਮਦਾਸ ਜੀ ਦੇ ਗ੍ਰਹਿ ਮਾਤਾ ਭਾਨੀ ਜੀ ਦੀ ਕੁੱਖੋਂ ਹੋਇਆ। ਆਪ ਜੀ ਦਾ ਬਚਪਨ ਗੁਰੂ ਅਮਰਦਾਸ ਜੀ ਦੀ ਛਤਰਛਾਇਆ ਹੇਠ ਬੀਤਿਆ। ਆਪ ਜੀ ਨੇ ਬਾਬਾ ਬੁੱਢਾ ਜੀ ਤੋਂ ਸ਼ਸਤਰ ਵਿਦਿਆ, ਗੁਰੂ ਅਮਰਦਾਸ ਜੀ ਤੋਂ ਗੁਰਮੁਖੀ, ਪੰਡਿਤ ਬੈਣੀ ਤੋਂ ਸੰਸਕ੍ਰਿਤ ਅਤੇ ਆਪਣੇ ਮਾਮਾ ਮੋਹਰੀ ਜੀ ਤੋਂ ਗਣਿਤ ਦੀ ਵਿੱਦਿਆ ਪ੍ਰਾਪਤ ਕੀਤੀ। ਆਪ ਜੀ ਸ਼ਾਂਤ ਸੁਭਾਅ ਦੇ ਮਾਲਕ ਸਨ ਅਤੇ ਸੰਗਤਾਂ ਦੀ ਸੇਵਾ ਬੜੇ ਪਿਆਰ ਅਤੇ ਸ਼ਰਧਾ ਨਾਲ ਕਰਦੇ ਸਨ।

ਆਪ ਜੀ ਦਾ ਵਿਆਹ 1579 ਈ. ਪਿੰਡ ਮੌ, ਜ਼ਿਲ੍ਹਾ ਜਲੰਧਰ ਦੇ ਕਿਸ਼ਨ ਚੰਦ ਦੀ ਬੇਟੀ ਮਾਤਾ ਗੰਗਾ ਜੀ ਨਾਲ ਹੋਇਆ। ਆਪ ਜੀ ਦੇ ਪੁੱਤਰ (ਗੁਰੂ) ਹਰਗੋਬਿੰਦ ਸਾਹਿਬ ਸਿੱਖਾਂ ਦੇ ਛੇਵੇਂ ਗੁਰੂ ਬਣੇ। 1581 ਈ. ਵਿਚ ਆਪ ਜੀ ਨੂੰ ਗੁਰੂ ਰਾਮਦਾਸ ਜੀ ਨੇ ਗੁਰਗੱਦੀ ਬਖਸ਼ ਕੇ ਸਿੱਖਾਂ ਦੇ 5ਵੇਂ ਗੁਰੂ ਬਣਾ ਦਿੱਤਾ। ਗੁਰੂ ਸਾਹਿਬ ਜੀ ਨੇ ਲੋਕਾਂ ਦੇ ਭਲੇ ਲਈ ਬਹੁਤ ਕੰਮ ਕੀਤੇ ਜਿਵੇਂ ਖੂਹ ਲਵਾਉਣੇ, ਤਰਨਤਾਰਨ ਸ਼ਹਿਰ ਵਸਾਉਣਾ, ਕੋਹੜੀਆਂ ਵਾਸਤੇ ਹਸਪਤਾਲ ਖੋਲ੍ਹਣਾ ਆਦਿ। ਗੁਰੂ ਸਾਹਿਬ ਆਪਣੇ ਹੱਥੀਂ ਰੋਗੀਆਂ ਦੀ ਸੇਵਾ ਕਰਦੇ ਰਹੇ। ਆਪ ਜੀ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਦਰਬਾਰ ਸਾਹਿਬ ਦੀ ਉਸਾਰੀ ਕਰਵਾ ਕੇ ਸਿੱਖਾਂ ਦਾ ਕੇਂਦਰੀ ਅਸਥਾਨ ਬਣਾਇਆ, ਜਿਸਦੀ ਅੱਜ ਦੁਨੀਆਂ ਵਿਚ ਵੱਖਰੀ ਪਹਿਚਾਣ ਹੈ। ਆਪ ਜੀ ਨੇ 1604 ਈ. ਵਿਚ ਸਾਰੇ ਗੁਰੂ ਸਾਹਿਬਾਨਾਂ ਅਤੇ ਭਗਤਾਂ ਦੀ ਬਾਣੀ ਇਕੱਠੀ ਕਰਕੇ ਆਦਿ ਗ੍ਰੰਥ ਦੀ ਸਥਾਪਨਾ ਕੀਤੀ।

ਗੁਰੂ ਅਰਜਨ ਸਾਹਿਬ ਜੀ ਕੇਵਲ 25 ਕੁ ਸਾਲ ਗੁਰਗੱਦੀ ਦੀ ਸੇਵਾ 'ਤੇ ਰਹੇ। ਏਨੇ ਥੋੜੇ ਸਮੇਂ ਵਿੱਚ ਏਨੇ ਵਡੇਰੇ ਕਾਰਜ ਕਰਨੇ, ਕਿਸੇ ਕਰਾਮਾਤ ਤੋਂ ਘੱਟ ਨਹੀਂ ਸਨ। ਮਾਨੋ ਉਨ੍ਹਾਂ ਭਾਰਤੀ ਕੌਮ ਦੀ ਨਵ-ਸਿਰਜਣਾ ਕਰਨ ਦਾ ਮੁਕੰਮਲ ਬਾਨਣੂੰ ਬੰਨ੍ਹ ਦਿੱਤਾ। ਭਗਤਾਂ ਦੀ ਬਾਣੀ ਆਪਣੇ ਲੰਮੇ ਕ੍ਰਾਂਤੀਕਾਰੀ ਪ੍ਰਚਾਰ ਦੌਰਿਆਂ ਵਕਤ, ਸਤਿਗੁਰੂ ਨਾਨਕ ਸਾਹਿਬ ਜੀ ਨੇ ਖ਼ੁਦ ਇਕੱਤਰ ਕਰ ਲਈ ਸੀ। ਉਸ ਨੂੰ ਛਾਂਟੀ ਕਰਕੇ ਸੋਧ ਲਿਆ ਸੀ। ਆਪਣੇ ਹੱਥੀਂ, ਆਪਣੀ ਬਾਣੀ ਸਮੇਤ ਗੁਰੂ ਅੰਗਦ ਸਾਹਿਬ ਜੀ ਦੇ ਹਵਾਲੇ ਕਰ ਦਿੱਤੀ ਸੀ। ਗੁਰੂ ਅੰਗਦ ਸਾਹਿਬ ਤੋਂ ਗੁਰੂ ਅਮਰਦਾਸ ਤੇ ਇਸੇ ਤਰ੍ਹਾਂ ਪੰਜਵੇਂ ਸਤਿਗੁਰੂ ਕੋਲ ਸਾਰੀ ਬਾਣੀ ਪਹੁੰਚ ਗਈ। ਉਨ੍ਹਾਂ ਖ਼ੁਦ ਬਹੁਤ ਸਾਰੀ ਬਾਣੀ ਲਿਖੀ, ਸਾਰੇ ਪੱਖਾਂ ਬਾਰੇ। ਸਾਰੀ ਬਾਣੀ ਨੂੰ ਸੰਪਾਦਨਾ ਤਰਤੀਬ ਲਈ ਵਿਦਵਾਨ ਪੁਰਖ, ਗੁਰਬਾਣੀ ਗਿਆਨ ਨੂੰ ਚੰਗੀ ਤਰ੍ਹਾਂ ਜਾਣਨ ਵਾਲੇ, ਭਾਈ ਗੁਰਦਾਸ ਜੀ ਦੇ ਸਪੁਰਦ ਕਰ ਦਿੱਤਾ। ਜਦੋਂ ਸਾਰੀ ਬਾਣੀ ਤਰਤੀਬ ਦੇ ਕੇ ਲਿਖ ਲਈ ਤਾਂ ਇੱਕ ਥਾਂ ਕਰਕੇ ਜਿਲਦ ਬਣਵਾ ਲਈ ਗਈ। ਇਸ ਦਾ ਨਾਮ ਹੋ ਗਿਆ 'ਪੋਥੀ ਸਾਹਿਬ'। ਸ਼ਾਇਦ ਇਹ ਪੰਗਤੀ ਇਸ ਪਰਥਾਏ ਹੀ ਹੋਵੇ:-

**ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥ ਰਹਾਉ ॥ (1226)**

ਪੂਰੀ ਤਰ੍ਹਾਂ ਤਿਆਰੀ ਤੋਂ ਬਾਅਦ 'ਸ਼ਬਦ ਗੁਰੂ' ਦੀ ਮਹਾਨਤਾ ਦਰਸਾਉਣ ਲਈ ਸਤਿਗੁਰੂ ਜੀ ਨੇ ਦੂਰੋਂ ਨੇੜਿਓਂ ਸੰਗਤ ਨੂੰ ਹੁੰਮ-ਹੁੰਮਾ ਕੇ ਪਹਿਲੀ ਸਤੰਬਰ, 1604 ਨੂੰ ਵਕਤ ਸਿਰ ਪੁੱਜਣ ਲਈ ਆਖਿਆ। ਵੱਡੀ ਗਿਣਤੀ ਵਿਚ ਗੁਰਸਿੱਖ ਉਤਸ਼ਾਹ ਨਾਲ ਆਏ। ਇਹ ਸਾਰੇ ਕਾਫ਼ਲਾ ਬਣਾ ਕੇ ਸਤਿਗੁਰੂ ਜੀ ਦੀ ਨਿਗਰਾਨੀ ਵਿਚ, ਰਾਮਸਰ ਤੋਂ ਚੱਲ ਕੇ ਦਰਬਾਰ ਸਾਹਿਬ ਵਿਖੇ ਪਹੁੰਚ ਗਏ। ਨਵੇਂ ਬਣੇ ਸੁੰਦਰ ਦਰਬਾਰ ਵਿਚ 'ਪੋਥੀ ਸਾਹਿਬ' ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ। ਗੁਰਬਾਣੀ ਗੁਰੂ ਦਾ ਪਹਿਲਾ ਪ੍ਰਕਾਸ਼ ਉਸ ਥਾਵੇਂ ਕੀਤਾ ਗਿਆ, ਜਿੱਥੇ ਕਿਸੇ ਗੁਰ ਵਿਅਕਤੀ ਨੇ ਸਰੀਰਕ ਜਨਮ ਨਹੀਂ ਸੀ ਲਿਆ। ਹੋ ਸਕਦਾ ਹੈ ਅਣਜਾਣ ਸਿੱਖ ਸਰੀਰੀ ਜਾਮੇ ਵਾਲੇ ਸਥਾਨ ਨੂੰ ਜ਼ਿਆਦਾ 'ਪਵਿੱਤਰ' ਸਮਝ ਲੈਣ। ਜੀ ਨਹੀਂ! ਸਰੀਰ ਦਾ ਸਤਿਕਾਰ ਭੀ ਸ਼ਬਦ ਗਿਆਨ ਕਾਰਨ ਸੀ। ਹੁਣ ਉਹ ਸ਼ਬਦ ਗਿਆਨ ਪੋਥੀ ਵਿਚ ਮੌਜੂਦ ਹੈ, ਇਸ ਦਾ ਸਤਿਕਾਰ ਹੈ। ਸਤਿਗੁਰੂ ਅਰਜਨ ਸਾਹਿਬ ਜੀ ਸਰੀਰ ਕਰ ਕੇ ਕਿਸੇ ਇੱਕ ਥਾਂ ਸੰਗਤ ਨੂੰ ਉਪਦੇਸ਼ ਦਿਆ ਕਰਦੇ ਸਨ। ਗੁਰਬਾਣੀ ਦੇ ਉਤਾਰੇ ਹੋ ਕੇ ਸੰਗਤ ਦੀ ਮੰਗ 'ਤੇ ਹਰ ਥਾਂ ਪੁਚਾਏ ਜਾਣ ਲੱਗ ਪਏ। ਗੁਰਬਾਣੀ ਹਰ ਥਾਵੇਂ ਸੰਗਤ ਨੂੰ ਇਕੋ ਜਿਹਾ ਨਿੱਗਰ ਉਪਦੇਸ਼ ਦੇ ਰਹੀ ਸੀ। ਗੁਰੂ ਘਰ ਦੇ ਵਿਰੋਧੀ ਤਾਂ ਪਹਿਲਾਂ ਹੀ ਬੜੇ ਔਖੇ ਸਨ। ਪੋਥੀ ਦਾ ਪ੍ਰਕਾਸ਼ ਤੇ ਸੰਪੂਰਨਤਾ ਤਾਂ ਉਨ੍ਹਾਂ ਲਈ ਇੱਕ ਵੱਡੀ ਚੋਟ ਸੀ ਕਿਉਂਕਿ ਜਦੋਂ ਕਿਸੇ ਧਰਮ ਦੇ ਲੋਕਾਂ ਕੋਲ ਲਿਖਤ ਰੂਪ ਵਿਚ ਚੰਗੇ ਅਸੂਲ ਉਪਦੇਸ਼ ਹੋਣ ਤਾਂ ਮਾਨੋ ਉਹ ਧਰਮ ਪੱਕੇ ਪੈਰੀਂ ਹੋ ਗਿਆ। ਉਸਦੇ ਪੈਰੋਕਾਰ ਆਪਣੇ ਧਰਮ ਗ੍ਰੰਥ ਵਿਚੋਂ ਆਪਣੇ ਜੀਵਨ ਲਈ ਰਸਤਾ ਨਿਰਧਾਰਤ ਕਰਨਗੇ। ਜੇ ਕਦੀ ਪ੍ਰਚਾਰ ਦੀ ਕਮੀ ਕਾਰਨ ਸੇਵਕ ਕੁਰਾਹੇ ਪੈ ਭੀ ਜਾਣ ਤਾਂ ਠੀਕ ਅਤੇ ਗ਼ਲਤ ਦਾ ਫ਼ੈਸਲਾ ਕਰਨ ਲਈ ਧਰਮ ਗ੍ਰੰਥ ਦੀ ਅਗਵਾਈ ਸਦਾ ਮੌਜੂਦ ਹੁੰਦੀ ਹੈ, ਗ਼ਲਤੀ ਨੂੰ ਸੋਧਿਆ ਜਾ ਸਕਦਾ ਹੈ। ਇਸ ਗੱਲੋਂ ਪ੍ਰੇਸ਼ਾਨ ਬ੍ਰਾਹਮਣਾਂ ਅਤੇ ਮੌਲਾਣਿਆਂ ਨੇ, ਗੁਰੂ ਘਰ ਦੇ ਵਿਰੁੱਧ ਹਮਲੇ ਤੇਜ਼ ਕਰ ਦਿੱਤੇ।

ਗੁਰੂ ਸਾਹਿਬ ਵਲੋਂ ਲੁਕਾਈ ਦੀ ਸੇਵਾ ਅਤੇ ਪਰਉਪਕਾਰ ਦੇ ਕੰਮਾਂ ਨੂੰ ਵੇਖ ਕੇ ਗੁਰੂ ਘਰ ਦੇ ਵਿਰੋਧੀਆਂ ਦੀ ਲਾਬੀ ਇਕੱਠੀ ਹੋਣ ਲੱਗੀ ਅਤੇ ਉਨ੍ਹਾਂ ਨੇ ਵੱਖਰੇ ਵੱਖਰੇ ਤਰੀਕਿਆਂ ਨਾਲ ਗੁਰੂ ਜੀ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਤੇਜ ਕਰ ਦਿੱਤੀ। ਇਨ੍ਹਾਂ ਵਿਰੋਧੀਆਂ ਵਿਚ ਮੁਗ਼ਲਾਂ ਦੇ ਨਾਲ ਨਾਲ ਹਿੰਦੂਤਵੀ ਅਤੇ ਗੁਰੂ ਸਾਹਿਬ ਦੇ ਵੱਡੇ ਭਰਾ ਬਾਬਾ ਪ੍ਰਿਥਵੀ ਚੰਦ ਵੀ ਮੋਹਰੀ ਰਹੇ। ਬਹੁਤ ਸਾਰੇ ਕਾਰਨ ਗੁਰੂ ਜੀ ਦੀ ਸ਼ਹੀਦੀ ਦੇ ਸਬੱਬ ਬਣ ਗਏ ਪਰ ਆਮ ਲੋਕ ਚੰਦੂ ਬ੍ਰਾਹਮਣ ਨੂੰ ਹੀ ਦੋਸ਼ੀ ਸਮਝਦੇ ਰਹੇ। ਬਾਕੀ ਕਾਰਨਾਂ ਵੱਲ ਵੀ ਝਾਤੀ ਮਾਰਨ ਦੀ ਲੋੜ ਹੈ।

**ਸ਼ਹੀਦੀ ਦੇ ਕਾਰਨ:-**

**1. ਚੰਦੂ ਸ਼ਾਹ:-** ਪੰਚਮ ਪਾਤਸ਼ਾਹ ਦੀ ਸ਼ਹੀਦੀ ਦਾ ਕਾਰਨ ਕੀ ਸੱਚਮੁੱਚ ਇਕ ਮਾਮੂਲੀ ਜਿਹਾ ਇਨਸਾਨ ਚੰਦੂ ਹੀ ਸੀ ? ਇਹ ਸ਼ਹੀਦੀ ਘਰੇਲੂ ਰੰਜਿਸ਼ ਕਾਰਨ ਹੋਈ ਮੰਨੀ ਜਾ ਸਕਦੀ ਹੈ ? ਕੀ ਚੰਦੂ ਸੱਚਮੁੱਚ ਏਨਾ ਤਾਕਤਵਰ ਅਫ਼ਸਰ ਸੀ ਕਿ ਉਸ ਦੇ ਆਖੇ ਸਤਿਗੁਰੂ ਜੀ ਨੂੰ ਤਸੀਹੇ ਦਿੱਤੇ ਜਾ ਸਕਣ ਤੇ ਮੌਤ ਦੇ ਘਾਟ ਉਤਾਰਿਆ ਜਾ ਸਕੇ? ਬੱਚਿਆਂ ਦੇ ਰਿਸ਼ਤੇ ਆਮ ਹੀ ਬਣਦੇ- ਟੁੱਟਦੇ ਰਹਿੰਦੇ ਹਨ। ਜਿਥੇ ਰਿਸ਼ਤਾ ਟੁੱਟ ਜਾਵੇ ਤਾਂ ਇਸ ਤਰ੍ਹਾਂ ਮਸਲਾ ਮਰਨ-ਮਾਰਨ ਤੱਕ ਪੁੱਜ ਜਾਂਦਾ ਹੈ? ਆਉ, ਠੰਡੇ ਦਿਮਾਗ ਨਾਲ ਸੋਚੀਏ! ਵੱਡੇ ਦਬਦਬੇ ਵਾਲੀ ਤਾਕਤਵਰ ਮੁਗ਼ਲ ਹਕੂਮਤ ਵਿੱਚ, ਸਰਕਾਰ ਦਾ ਇੱਕ ਮਾਮੂਲੀ ਜਿਹਾ ਕਰਮਚਾਰੀ ਚੰਦੂ ਲਾਲ, ਕੀ ਉਸ ਕੋਲ ਏਨੇ ਅਧਿਕਾਰ ਹੋ ਸਕਦੇ ਸਨ ਕਿ ਸਤਿਗੁਰੂ ਜੀ ਨੂੰ ਅਕਹਿ ਤਸੀਹੇ ਦੇਵੇ? ਅਸਲ ਗੱਲ ਤਾਂ ਇਹ ਸੀ ਕਿ ਚੰਦੂ ਲਾਲ ਸਰਕਾਰ ਦਾ ਹੱਥ ਠੋਕਾ ਤੇ ਮਾਮੂਲੀ ਨੌਕਰ ਸੀ। ਸਰਕਾਰ ਵੱਲੋਂ ਜੋ ਹੁਕਮ ਦਿੱਤਾ ਗਿਆ, ਚੰਦੂ ਤਾਂ ਉਸੇ ਨੂੰ ਪੂਰਾ ਕਰ ਰਿਹਾ ਸੀ। ਉਸ ਦੀ ਨਿੱਜੀ ਰੰਜਿਸ਼ (ਰਿਸ਼ਤਾ ਟੁੱਟਣ ਦੀ) ਨੂੰ ਸਰਕਾਰ ਵੱਲੋਂ ਹਵਾ ਦਿੱਤੀ ਗਈ। ਉਹ ਇਸ ਕਰਕੇ ਕਿ ਬਦਨਾਮੀ ਦੀ ਕਾਲਖ਼ ਚੰਦੂ ਦੇ ਮੱਥੇ ਤੇ ਲਾ ਦਿੱਤੀ ਜਾਵੇ, ਆਮ ਲੋਕੀਂ ਮੁਗ਼ਲਸ਼ਾਹੀ ਨੂੰ ਬੇਕਸੂਰ ਮੰਨਦੇ ਰਹਿਣ। ਹਾਂ ਇਹ ਵੀ ਠੀਕ ਹੈ ਕਿ ਚੰਡਾਲ ਚੌਕੜੀ ਦਾ ਟੂਲ (ਹੱਥ ਠੋਕਾ) ਬਣ ਕੇ ਚੰਦੂ ਨੇ ਲਗਦੀ ਵਾਹ ਵੱਡਾ ਜ਼ੁਲਮ ਕਮਾਇਆ ਸੀ। ਜਹਾਂਗੀਰ ਦੇ ਅਫ਼ਸਰਾਂ ਨੇ, ਹਿੰਦੂ-ਸਿੱਖਾਂ ਵਿੱਚ ਨਫ਼ਰਤ ਭਰਨ ਵਾਸਤੇ ਇਹ ਚਾਲ ਚੱਲੀ ਸੀ, ਜਿਸ ਵਿਚ ਉਹ ਬਹੁਤ ਹੱਦ ਤੱਕ ਸਫ਼ਲ ਰਿਹਾ। ਭਾਈ ਸੰਤੋਖ ਸਿੰਘ ਦੇ ਸੂਰਜ ਪ੍ਰਕਾਸ਼ ਦੀ ਕਥਾ ਗੁਰਦੁਵਾਰਿਆਂ ਵਿਚ ਹੋਣ ਲੱਗ ਪਈ। ਉਸਦੇ ਹਵਾਲੇ ਨਾਲ ਬਸ ਇਕ ਚੰਦੂ ਲਾਲ ਸਵਾਹੀ, ਆਪੇ ਜੱਜ, ਆਪੇ ਪੁਲਿਸ ਵਾਲਾ ਤੇ ਖ਼ੁਦ ਹੀ ਜਲਾਦ ਬਣ ਕੇ ਉਭਰ ਪਿਆ, ਜਦੋਂ ਕਿ ਇਹ ਸਾਰਾ ਘਟਨਾ ਚੱਕਰ ਸੱਚਾਈ ਦਾ ਛੋਟਾ ਜਿਹਾ ਹਿੱਸਾ ਹੈ, ਪੂਰੀ ਸੱਚਾਈ ਨਹੀਂ ਹੈ।

**2. ਖੁਸਰੋ ਦੀ ਬਗ਼ਾਵਤ:-** ਸਤਿਗੁਰੂ ਜੀ ਦੀ ਸ਼ਹੀਦੀ ਦਾ ਦੂਜਾ ਕਾਰਨ ਸੀ ਜਹਾਂਗੀਰ ਦੇ ਪੁੱਤਰ, ਖੁਸਰੋ ਦੀ ਬਗ਼ਾਵਤ। ਇੱਕ ਸਮੇਂ ਜਹਾਂਗੀਰ ਦੀਆਂ ਮਨ-ਆਈਆਂ ਤੋਂ ਤੰਗ ਆ ਕੇ ਅਕਬਰ ਨੇ ਰਾਜ ਪ੍ਰਬੰਧ ਦੀ ਵਾਗਡੋਰ ਆਪਣੇ ਪੋਤਰੇ ਖੁਸਰੋ ਨੂੰ ਦੇਣ ਦਾ ਮਨ ਬਣਾ ਲਿਆ ਸੀ। ਇਸ ਤੋਂ ਮਗਰੋਂ ਜਹਾਂਗੀਰ ਨੇ ਮੌਲਵੀਆਂ ਅਤੇ ਹੋਰ ਕੱਟੜ ਮੁਸਲਮਾਨਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਉਨ੍ਹਾਂ ਨੂੰ ਵਿਸ਼ਵਾਸ ਦੁਆਇਆ ਕਿ ਪਿਤਾ ਜੀ ਵਾਲੀ ਨਰਮ ਨੀਤੀ ਹਿੰਦੂਆਂ ਪ੍ਰਤੀ ਨਹੀਂ ਵਰਤੀ ਜਾਵੇਗੀ। ਕਮਜ਼ੋਰ ਜਿਹਨੀਅਤ ਦੇ ਮਾਲਕ ਜਹਾਂਗੀਰ ਨੂੰ ਬੜੀ ਮੁਸ਼ਕਿਲ ਨਾਲ ਰਾਜ ਪ੍ਰਾਪਤ ਹੋਇਆ ਸੀ। ਇਸੇ ਲਈ ਉਸ ਨੇ ਸ਼ੱਕ ਪੈਣ 'ਤੇ ਆਪਣੇ ਵਿਰੋਧੀਆਂ ਨੂੰ ਕਠੋਰ ਸਜ਼ਾਵਾਂ ਦਿੱਤੀਆਂ। ਜਹਾਂਗੀਰ ਨੂੰ ਰਾਜ ਗੱਦੀ 'ਤੇ ਬੈਠਿਆਂ ਕਰੀਬ ਇੱਕ ਮਹੀਨਾ ਹੋ ਗਿਆ ਸੀ, ਤਦੋਂ, ਖੁਸਰੋ ਬਾਰੇ ਜਹਾਂਗੀਰ ਅੱਗੇ ਸ਼ਿਕਾਇਤ ਪੇਸ਼ ਹੋਈ। ਅਖੇ, 'ਜਦੋਂ ਰਾਜ ਕੁਮਾਰ ਖੁਸਰੋ ਲਾਹੌਰ 'ਤੇ ਕਬਜ਼ਾ ਕਰਨ ਲਈ ਆਇਆ ਤਾਂ ਗੋਇੰਦਵਾਲ ਵਿਖੇ ਗੁਰੂ ਅਰਜਨ ਸਾਹਿਬ ਨੂੰ ਮਿਲਿਆ। ਲਿਖੇ ਮੁਤਾਬਿਕ ਸਤਿਗੁਰੂ ਜੀ ਨੇ ਸਾਰਿਆਂ ਨੂੰ ਲੰਗਰ ਛਕਾਇਆ। ਉਨ੍ਹਾਂ ਦੀ ਚੜ੍ਹਦੀ ਕਲਾ ਲਈ ਅਸ਼ੀਰਵਾਦ ਦਿੱਤਾ, ਮੱਥੇ 'ਤੇ ਟਿੱਕਾ ਲਾਇਆ।

ਖੁਸਰੋ ਦੀ ਸਹਾਇਤਾ ਕਰਨ ਦਾ ਇਲਜ਼ਾਮ, ਗੁਰੂ ਅਰਜਨ ਸਾਹਿਬ 'ਤੇ ਲਾਇਆ ਗਿਆ। ਸਾਰੀਆਂ ਵੱਡੀਆਂ ਘਟਨਾਵਾਂ ਵਾਪਰੀਆਂ ਇੱਕ ਮਹੀਨਾ ਬੀਤ ਚੁੱਕਾ ਸੀ। ਖੁਸਰੋ ਨੂੰ ਸਾਥੀਆਂ ਸਮੇਤ ਸਜ਼ਾ ਦਿੱਤੀ ਜਾ ਚੁੱਕੀ ਸੀ। ਮੌਲਾਣਿਆਂ ਨੇ ਇਸ ਵਕਤ ਦੀ ਨਜ਼ਾਕਤ ਨੂੰ ਭਾਂਪਦਿਆਂ, ਗੁਰੂ ਅਰਜਨ ਸਾਹਿਬ ਵਿਰੁੱਧ ਭੀ ਸ਼ਿਕਾਇਤ ਕਰ ਦਿੱਤੀ। ਅਖੇ, 'ਇਨ੍ਹਾਂ ਨੇ

ਖੁਸਰੋ ਦੀ ਕਈ ਤਰੀਕਿਆਂ ਨਾਲ ਮਦਦ ਕੀਤੀ ਸੀ।' ਜਹਾਂਗੀਰ ਨੇ ਆਪਣੀ ਰਾਜਨੀਤਿਕ ਹੁਕਮਾਂ ਵਾਲੀ ਡਾਇਰੀ ਵਿੱਚ ਸਪੱਸ਼ਟ ਲਿਖਿਆ ਸੀ ਕਿ, '(ਗੁਰੂ) ਅਰਜਨ ਨਾਮ ਦਾ ਇੱਕ ਕਾਫ਼ਰ, ਬਿਆਸ ਦੇ ਕੰਢੇ ਟਿਕਿਆ ਹੋਇਆ ਸੀ। ਉਹ ਆਪਣੇ ਆਪ ਨੂੰ ਵਲੀ ਔਲੀਆ ਅਖਵਾਂਦਾ । ਬਹੁਤ ਸਾਰੇ ਹਿੰਦੂ ਤੇ ਨਾ ਸਮਝ ਮੁਸਲਮਾਨ, ਉਸ ਦੇ ਪੈਰੋਕਾਰ ਬਣ ਰਹੇ ਸਨ। ਇਹਨਾਂ ਦੀ ਇਹ ਝੂਠ ਦੀ ਦੁਕਾਨ ਚਾਰ-ਪੰਜ ਪੀੜ੍ਹੀਆਂ ਤੋਂ ਚੱਲਦੀ ਆ ਰਹੀ ਸੀ। ਮੈਂ ਦੇਰ ਤੋਂ ਸੋਚ ਰਿਹਾ ਸਾਂ ਕਿ ਕਿਸੇ ਭੀ ਤਰੀਕੇ ਇਹ ਝੂਠ ਦੀ ਦੁਕਾਨ ਬੰਦ ਕਰਵਾਈ ਜਾਵੇ ਜਾਂ ਫਿਰ ਉਸ ਨੂੰ ਆਪਣੇ ਧਰਮ ਵਿਚ ਲਿਆਂਦਾ ਜਾਵੇ। ਜਦੋਂ ਮੈਨੂੰ ਸ਼ਿਕਾਇਤ ਮਿਲੀ ਕਿ ਇਸ ਨੇ ਖੁਸਰੋ ਲਈ ਦੁਆ (ਅਰਦਾਸ) ਕੀਤੀ ਹੈ ਤਾਂ ਮੈਂ ਇਸ ਨੂੰ 'ਯਾਸਾ ਵਾ ਸਿਆਸਤ' ਦੇ ਕਾਨੂੰਨ ਅਨੁਸਾਰ ਕਤਲ ਕਰ ਦੇਣ ਦਾ ਹੁਕਮ ਦਿੱਤਾ। ਇਸ ਦੇ ਮਾਲ ਅਸਬਾਬ ਅਤੇ ਬਾਲ ਬੱਚਿਆਂ ਨੂੰ ਮੁਰਤਜਾ ਖ਼ਾਨ (ਅਸਲ ਨਾਮ ਸ਼ੇਖ਼ ਫ਼ਰੀਦ ਬੁਖ਼ਾਰੀ ਲਾਹੌਰ ਦਾ ਗਵਰਨਰ) ਦੇ ਹਵਾਲੇ ਕਰਨ ਦਾ ਹੁਕਮ ਦਿੱਤਾ।'

ਪਹਿਲੀ ਗੱਲ ਤਾਂ ਇਹ ਸਿੱਧ ਹੋ ਚੁੱਕੀ ਹੈ ਕਿ ਜਦੋਂ ਖੁਸਰੋ ਗੋਇੰਦਵਾਲ ਦੇ ਪੱਤਣ ਤੋਂ ਲੰਘਿਆ ਸੀ, ਤਦੋਂ ਗੁਰੂ ਅਰਜਨ ਸਾਹਿਬ ਤਰਨ ਤਾਰਨ ਵਿਖੇ ਸਸ਼ੋਭਤ ਸਨ। ਅਰਦਾਸ ਕਰਨ ਜਾਂ ਟਿੱਕਾ ਲਾਉਣ ਦੀ ਗੱਲ ਦਾ ਸਵਾਲ ਹੀ ਮੁੱਕ ਜਾਂਦਾ ਹੈ। ਲੰਗਰ ਗੁਰੂ ਘਰ ਵਿੱਚ ਕੋਈ ਭੀ ਛਕ ਜਾਵੇ, ਕਿਸੇ ਨੂੰ ਰੋਕ ਨਹੀਂ ਹੈ। ਇਹ ਪੜਤਾਲ ਕਰਨੀ ਸੰਭਵ ਹੀ ਨਹੀਂ ਹੈ ਕਿ ਕੌਣ ਚੋਰ ਤੇ ਕੌਣ ਭਲਾ ਇਨਸਾਨ ਹੈ? ਫਿਰ ਕਈ ਸਾਲ ਪਹਿਲਾਂ ਤੀਜੇ ਪਾਤਸ਼ਾਹ ਵਕਤ ਅਕਬਰ ਭੀ ਗੁਰੂ ਦਰਬਾਰ ਵਿੱਚ ਆਇਆ ਸੀ। ਉਸ ਨੇ ਆਪਣੇ ਸਾਰੇ ਸੇਵਕਾਂ ਸਮੇਤ ਲੰਗਰ ਛਕਿਆ ਸੀ। ਜੇ ਖੁਸਰੋ ਦੇ ਸਾਥੀਆਂ ਨੇ ਲੰਗਰ ਛਕ ਲਿਆ ਤਾਂ ਕੋਈ ਪਰਲੋ ਨਹੀਂ ਆ ਗਈ ਸੀ। ਇਹ ਬਹਾਨੇ ਤਾਂ ਪੈਦਾ ਕੀਤੇ ਗਏ ਸਨ। ਇਸ ਦੀ ਅਸਲੀਅਤ ਦੀਆਂ ਜੜ੍ਹਾਂ ਤਾਂ ਸਰਹੰਦ ਨਿਵਾਸੀ, ਕੱਟੜ ਧਰਮ ਮੁਖੀ ਨਕਸ਼ਬੰਦੀ ਇਸਲਾਮਿਕ, ਅਖਾੜੇ ਦਾ ਆਗੂ ਸ਼ੇਖ਼ ਅਹਿਮਦ ਸਰਹੰਦੀ ਮੁਜ਼ਦਦ ਅਲਫ਼ਸਾਨੀ ਦੀ ਲਿਖਤ ਵਿਚੋਂ ਮਿਲਦੀਆਂ ਹਨ। ਆਪਣੀ ਚਿੱਠੀ ਨੰਬਰ 47 ਤੇ 193 ਵਿਚ ਉਹ ਆਪਣੇ ਅੰਦਰ ਦੀ ਨਫ਼ਰਤ ਅਤੇ ਤੁਅੱਸਬ ਨੂੰ ਖੁੱਲ੍ਹ ਕੇ ਪਰਗਟ ਕਰਦਾ ਹੈ। ਇਨ੍ਹਾਂ ਚਿੱਠੀਆਂ ਵਿਚ ਸ਼ੇਖ ਅਹਿਮਦ ਸਾਫ਼ ਲਿਖਦਾ ਹੈ ਕਿ ਇਸ ਬੰਦੇ (ਗੁਰੂ ਅਰਜਨ) ਨੂੰ ਕਿਸੇ ਬਹਾਨੇ, ਕਿਸੇ ਤਰੀਕੇ ਖ਼ਤਮ ਕੀਤਾ ਜਾਵੇ, ਇਸੇ ਵਿੱਚ ਇਸਲਾਮ ਧਰਮ ਦਾ ਭਲਾ ਹੈ। ਜਹਾਂਗੀਰ ਨੇ ਉਹੀ ਕੀਤਾ ਜੋ ਇਸ ਨੇ ਕਰਵਾਇਆ। ਜਹਾਂਗੀਰ ਨੂੰ ਇਸ ਕੁਕਰਮ ਤੋਂ ਕਿਸੇ ਤਰੀਕੇ ਬਰੀ ਨਹੀਂ ਕੀਤਾ ਜਾ ਸਕਦਾ। ਭਾਵੇਂ ਭੜਕਾਹਟ ਜਾਂ ਸ਼ਿਕਾਇਤ ਕਿਸੇ ਨੇ ਕੀਤੀ, ਪਰ ਫ਼ੈਸਲਾ ਕਰਨਾ, ਪੜਤਾਲ ਕਰਾਉਣੀ ਬਾਦਸ਼ਾਹ ਦੀ ਜ਼ਿੰਮੇਵਾਰੀ ਸੀ, ਜੋ ਉਸ ਨੇ ਪੂਰੀ ਨਹੀਂ ਕੀਤੀ। ਸ਼ਾਂਤੀ ਦੇ ਪੁੰਜ ਮਹਾਨ ਪਰਉਪਕਾਰੀ ਸਤਿਗੁਰੂ ਨੂੰ ਅਤਿਅੰਤ ਭਿਆਨਕ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

**3. ਸ਼ਹੀਦੀ ਦੇ ਕੁਝ ਹੋਰ ਕਾਰਨ:–** ਸੰਨ 1585 ਵਿਚ ਮਹੇਸ਼ ਦਾਸ ਭਾਟ ਬ੍ਰਾਹਮਣ, ਜੋ ਅਕਬਰ ਬਾਦਸ਼ਾਹ ਦਾ ਚਹੇਤਾ ਬਣ ਗਿਆ ਸੀ, ਨੂੰ ਅਕਬਰ ਨੇ ਪੰਜ ਹਜ਼ਾਰੀ ਦਾ ਖ਼ਿਤਾਬ ਅਤੇ ਰਾਜਾ ਦੀ ਉਪਾਧੀ ਭੀ ਦੇ ਰੱਖੀ ਸੀ। ਕਸ਼ਮੀਰ ਦੀ ਮੁਹਿੰਮ ਦਬਾਉਣ ਵਾਸਤੇ ਫ਼ੌਜ ਲੈ ਕੇ ਚੱਲਿਆ। ਰਸਤੇ ਵਿਚ ਅੰਮ੍ਰਿਤਸਰ ਦੇ ਬਾਹਰਵਾਰ ਫ਼ੌਜ ਨੇ ਪੜਾਅ ਕੀਤਾ। ਮਹੇਸ਼ ਦਾਸ (ਪ੍ਰਚਲਿਤ ਨਾਮ ਬੀਰਬਲ) ਨੇ ਸਤਿਗੁਰੂ ਜੀ ਨੂੰ ਹੁਕਮ ਭੇਜਿਆ ਕਿ ਫ਼ੌਜ ਦੀ ਹਰ ਤਰ੍ਹਾਂ ਸੇਵਾ ਕੀਤੀ ਜਾਵੇ ਅਤੇ ਰਸਤੇ ਵਿਚ ਖ਼ਰਚੇ ਲਈ ਘੱਟੋ-ਘੱਟ 5000 ਰੁਪਏ ਦਿੱਤੇ ਜਾਣ। ਸਤਿਗੁਰੂ ਜੀ ਨੇ ਮੋੜਵਾਂ ਉਤਰ ਭੇਜਿਆ ਕਿ ਜਿਸ ਕਿਸੇ ਨੇ ਸਤਿਕਾਰ ਸਹਿਤ ਲੰਗਰ ਵਿਚੋਂ ਰੁੱਖਾ-ਮਿੱਸਾ ਪ੍ਰਸ਼ਾਦਾ ਛਕਣਾ ਹੈ, ਖ਼ੁਸ਼ੀਨਾਲ ਛਕੇ। ਵਗਾਰ ਰੂਪ ਵਿਚ ਜਾਂ ਵੱਡੀ ਰਕਮ ਟੈਕਸ ਰੂਪ ਵਿਚ ਅਸੀਂ ਨਹੀਂ ਦੇਵਾਂਗੇ। ਉਸ ਵਕਤ ਤਾਂ ਬੀਰਬਲ ਦੰਦੀਆਂ ਕਰੀਚਦਾ ਚਲਾ ਗਿਆ ਅਤੇ ਆਖ ਗਿਆ ਕਿ, "ਮੈਂ ਜੰਗ ਜਿੱਤ ਕੇ ਵਾਪਸ ਮੁੜਦਿਆਂ ਤੁਹਾਨੂੰ ਵੇਖਾਂਗਾ...।" ਕਰਨੀ ਰੱਬ ਦੀ ਸੰਨ 1586 ਵਿਚ ਬੀਰਬਲ, ਜੰਗ ਵਿੱਚ ਹੀ ਮਾਰਿਆ ਗਿਆ। ਗੁਰੂ ਘਰ ਨੂੰ ਮਜ਼ਾ ਚਖਾਉਣ ਦੀ ਤਮੰਨਾ ਉਹ ਪੂਰੀ ਨਾ ਕਰ ਸਕਿਆ।

ਇਸੇ ਤਰ੍ਹਾਂ ਕੁਝ ਕਵੀ ਲੋਕ ਆਪਣੀਆਂ ਕਵਿਤਾਵਾਂ ਲੈ ਕੇ, ਗੁਰੂ ਜੀ ਕੋਲ ਪੁੱਜੇ। ਇਹ ਸਨ ਕਾਹਨਾ, ਪੀਲੂ, ਛੱਜੂ ਤੇ ਸ਼ਾਹ ਹੁਸੈਨ। ਸਤਿਗੁਰੂ ਜੀ ਨੇ ਇਹਨਾਂ ਦੀਆਂ ਰਚਨਾਵਾਂ ਵਿਚੋਂ ਕੁਝ ਪੰਨੇ 'ਤੇ ਵਾਪਸ ਮੋੜ ਦਿੱਤੇ ਕਿਉਂਕਿ ਇਹ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨਾਲ ਇਕਸੁਰ ਨਹੀਂ ਸਨ। ਇਨ੍ਹਾਂ ਲੋਕਾਂ ਨੂੰ ਭੀ ਗੁੱਸਾ ਆਉਣਾ ਹੀ ਸੀ। ਇਨ੍ਹਾਂ ਨੇ ਵਧਾ-ਚੜ੍ਹਾ ਕੇ ਲਾਹੌਰੀ ਹਾਕਮਾਂ ਅੱਗੇ ਗੁਰੂ ਘਰ ਦੀਆਂ ਸ਼ਿਕਾਇਤਾਂ ਕੀਤੀਆਂ, ਪਰ ਹਾਲੀ ਰਾਜ ਗੱਦੀ 'ਤੇ ਅਕਬਰ ਬੈਠਾ ਸੀ, ਜੋ ਕਾਫ਼ੀ ਉਦਾਰਵਾਦੀ ਸੀ। ਦੂਜੇ ਪਾਸੇ ਸਤਿਗੁਰੂ ਬ੍ਰਾਹਮਣੀ ਕਰਮ-ਕਾਂਡਾਂ ਦੇ ਬਖੀਏ ਉਧੇੜ ਰਹੇ ਸਨ। ਕੁੱਲ ਮਨੁੱਖਤਾ ਨੂੰ, ਏਕੇ ਦੇ ਸੂਤਰ ਵਿੱਚ ਪਰੋ ਰਹੇ ਸਨ।

ਸਿੱਖ ਹਰ ਤਰ੍ਹਾਂ ਦੇ ਵਪਾਰ ਦੇ ਨਾਲ-ਨਾਲ, ਘੋੜਿਆਂ ਦਾ ਵਪਾਰ ਭੀ ਕਰਨ ਲੱਗੇ। ਕਾਬਲ-ਕੰਧਾਰ ਤੋਂ ਸਿੱਖ ਘੋੜੇ ਖ਼ਰੀਦ ਕੇ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ ਲਿਜਾ ਕੇ ਵੇਚਦੇ। ਇਸੇ ਕਾਰਨ ਸਿੱਖ ਚੰਗੇ ਘੋੜ ਸਵਾਰ ਬਣਦੇ ਗਏ। ਪੈਸੇ ਪੱਖੋਂ ਮਜ਼ਬੂਤ ਹੁੰਦੇ ਚਲੇ ਗਏ। ਤਰ੍ਹਾਂ-ਤਰ੍ਹਾਂ ਦੇ ਲੋਕਾਂ ਨੂੰ ਮਿਲਣ ਕਰਕੇ ਤਜ਼ਰਬੇਕਾਰ ਬਣਦੇ ਗਏ। ਰਾਹ ਦੀਆਂ ਮੁਸ਼ਕਲਾਂ ਝੱਲਦਿਆਂ ਸਰੀਰਕ ਪੱਖੋਂ ਮਜ਼ਬੂਤ ਦੇ ਦਿਲੋ-ਦਿਮਾਗ਼ ਪੱਖੋਂ ਤਕੜੇ ਹੁੰਦੇ ਗਏ। ਆਉਣ ਵਾਲੇ ਜੰਗਾਂ-ਯੁੱਧਾਂ ਵਿਚ ਇਹਨਾਂ ਹੀ ਸ਼ਾਹ ਸਵਾਰਾਂ ਨੇ ਤੇਗਾਂ ਵਾਹੁਣੀਆਂ ਸਨ।ਦੱਬੇ-ਕੁਚਲੇ ਅਤੇ ਆਰਥਿਕ ਪੱਖੋਂ ਕਮਜ਼ੋਰ ਲੋਕ, ਗ਼ੁਲਾਮੀ ਦੀਆਂ ਜੰਜ਼ੀਰਾਂ ਵਿੱਚ ਜਕੜੇ ਲੋਕ, ਧਾਰਮਿਕ ਤੌਰ 'ਤੇ ਬੁੱਧਹੀਣ ਬਣਾ ਕੇ ਲੁੱਟੇ ਜਾ ਰਹੇ ਲੋਕਾਂ ਨੂੰ ਗੁਰੂ ਨਾਨਕ ਵਿਚਾਰਧਾਰਾ ਨੂੰ ਪਹਿਲ ਦੇ ਕੇ ਅਪਣਾਇਆ। ਸਤਿਗੁਰੂ ਅਰਜਨ ਸਾਹਿਬ ਨੇ ਥਾਉਂ-ਥਾਈਂ ਲੋੜਵੰਦਾਂ ਵਾਸਤੇ ਲੰਗਰ ਚਲਾਏ ਧਰਮਸ਼ਾਲਾ ਬਣਵਾਈਆਂ, ਉਥੇ ਇਲਾਜ ਲਈ ਸ਼ਫ਼ਾਖ਼ਾਨੇ (ਹਸਪਤਾਲ) ਭੀ ਖੋਲ੍ਹੇ। ਤਰਨ ਤਾਰਨ ਵਿਖੇ ਕੁਸ਼ਟ ਰੋਗੀਆਂ ਲਈ ਖੋਲ੍ਹਿਆ ਹਸਪਤਾਲ, ਇਸ ਦੀ ਉਘੜਵੀਂ ਮਿਸਾਲ ਸੀ। ਸੰਨ 1596 ਵਿਚ ਜਦੋਂ ਲਾਹੌਰ ਵਿਚ ਚੇਚਕ ਦੀ ਭਿਆਨਕ ਬਿਮਾਰੀ ਫੈਲ ਗਈ ਤਾਂ ਮੁਕਾਮੀ ਹਾਕਮਾਂ (ਸਰਕਾਰੀ ਮਹਿਕਮੇ) ਨੇ ਬਿਮਾਰਾਂ ਦੇ ਇਲਾਜ ਦਾ ਕੋਈ ਪ੍ਰਬੰਧ ਨਾ ਕੀਤਾ। ਬਿਮਾਰੀ ਅੱਗੇ ਤੋਂ ਅੱਗੇ ਫੈਲਦੀ ਗਈ। ਹਰ ਗਲ਼ੀ-ਮੁਹੱਲੇ ਵਿਚੋਂ, ਰੋਜ਼ਾਨਾ ਕਈ-ਕਈ ਅਰਥੀਆਂ ਉੱਠਣ ਲੱਗੀਆਂ। ਅਜਿਹੇ ਬਿਖੜੇ ਹਾਲਾਤ ਵਿਚ ਸਤਿਗੁਰੂ ਅਰਜਨ ਸਾਹਿਬ ਆਪਣੇ ਸੇਵਕਾਂ ਦੇ ਵੱਡੇ ਕਾਫ਼ਲੇ ਸਮੇਤ, ਲਾਹੌਰ ਪੁੱਜ ਗਏ।

ਜਿੰਨਾ ਅੰਨ-ਦਾਣਾ ਦਸਵੰਧ ਰੂਪ ਵਿਚ ਆ ਰਿਹਾ ਸੀ, ਹੋਰ ਸਾਰੇ ਖ਼ਰਚੇ ਰੋਕ ਕੇ, ਬਿਮਾਰਾਂ ਦੀ ਸੰਭਾਲ ਵਾਸਤੇ, ਵਰਤਣਾ ਸ਼ੁਰੂ ਕਰ ਦਿੱਤਾ।ਮੁਰਦਿਆਂ ਨੂੰ ਠਿਕਾਣੇ ਲਾਉਣਾ, ਬਿਮਾਰਾਂ ਨੂੰ ਦਵਾਈਆਂ ਦੇਣੀਆਂ, ਤੰਦਰੁਸਤਾਂ ਨੂੰ ਲੋੜਵੰਦਾਂ ਦੀ ਸੇਵਾ ਵਾਸਤੇ ਪ੍ਰੇਰਨਾ, ਇਹ ਸਾਰੇ ਕੰਮ ਸਤਿਗੁਰੂ ਜੀ ਨੇ ਆਪਣੀ ਨਿਗਰਾਨੀ ਵਿਚ, ਆਰੰਭ ਕਰਵਾ ਦਿੱਤੇ। ਲੰਗਰ ਅਤੇ ਸਾਫ਼ ਪਾਣੀ ਚੌਵੀ ਘੰਟੇ ਮੁਹੱਈਆ ਕਰਵਾਇਆ ਜਾਣ ਲੱਗਾ। ਲਾਹੌਰ ਦੇ ਗਵਰਨਰ ਅਤੇ ਸਮਰਾਟ ਅਕਬਰ ਨੂੰ ਭੀ ਗੁਰੂ ਘਰ ਦੀ ਪ੍ਰਸ਼ੰਸਾ ਕਰਨੀ ਪਈ ਕਿ, 'ਜੋ ਸੇਵਾ ਸਰਕਾਰ ਵੱਲੋਂ ਕਰਨੀ ਬਣਦੀ ਸੀ, ਉਹ ਗੁਰੂ ਅਰਜਨ ਸਾਹਿਬ ਜੀ ਨੇ ਕੀਤੀ।'

ਲਾਹੌਰ ਵਿਚ ਸਤਿਗੁਰੂ ਜੀ ਨੇ ਰੋਗੀਆਂ ਦੀ ਲਗਪਗ 8 ਮਹੀਨੇ ਤੱਕ ਲਗਾਤਾਰ ਸੇਵਾ-ਸੰਭਾਲ ਕੀਤੀ।

ਸਤਿਗੁਰੂ ਜੀ ਜਿਥੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਆਰਥਿਕ ਮਦਦ ਕਰਦੇ ਸਨ, ਮਨੁੱਖਤਾ ਵਿਚ ਬਰਾਬਰਤਾ ਲਿਆਉਣਾ ਚਾਹੁੰਦੇ ਸਨ, ਉਥੇ

ਨਾਲ ਹੀ ਸਾਰਿਆਂ ਨੂੰ ਗਿਆਨਵਾਨ ਤੇ ਦਲੇਰ ਬਣਾਉਣ ਲਈ ਵੀ ਪੂਰੀ ਵਾਹ ਲਾ ਰਹੇ ਸਨ। ਇਸੇ ਕੜੀ ਤਹਿਤ ਉਨ੍ਹਾਂ ਨੇ ਸਿੱਖਾਂ ਲਈ ਪੰਜਾਬ ਦੀ ਧੁੰਨੀ ਵਿਚ, ਪੰਜਾਬ ਦੀ ਸਦੀਆਂ ਤੋਂ ਸਥਾਪਤ ਰਾਜਧਾਨੀ ਲਾਹੌਰ ਤੋਂ ਕੇਵਲ 28 ਮੀਲ ਦੇ ਫ਼ਾਸਲੇ 'ਤੇ, ਸਿੱਖਾਂ ਦੀ ਰਾਜਸੀ ਅਤੇ ਧਾਰਮਿਕ ਰਾਜਧਾਨੀ ਭਰ ਜੋਬਨ 'ਤੇ ਪਹੁੰਚਾ ਦਿੱਤੀ। ਅੰਮ੍ਰਿਤਸਰ ਸ਼ਹਿਰ ਤਾਂ ਹਰ ਪੱਖੋਂ ਸੰਪੂਰਨ ਕੀਤਾ ਹੀ, ਸਗੋਂ ਸਿੱਖਾਂ ਲਈ ਸਦੀਵੀ ਮਿਲ ਬੈਠਣ ਲਈ, ਹਰ ਤਰ੍ਹਾਂ ਦੀ ਅਗਵਾਈ ਲੈਣ ਲਈ, ਭਵਿੱਖ ਮੁਖੀ ਫ਼ੈਸਲੇ ਲੈਣ ਲਈ ਸ਼ਾਨਦਾਰ ਕੇਂਦਰ ਸਥਾਪਿਤ ਕਰ ਦਿੱਤਾ ਤਾਂ ਕਿ ਦੱਬੇ ਕੁਚਲੇ ਲੋਕਾਂ ਨੂੰ ਆਪਣੇ ਫ਼ੈਸਲੇ ਖ਼ੁਦ ਕਰਨ ਦੀ ਜਾਚ ਅਤੇ ਯੋਗਤਾ ਆ ਜਾਵੇ। ਦਰਬਾਰ ਸਾਹਿਬ ਦੀ ਚੌਂਹ ਮੁਖੀ ਇਮਾਰਤ ਬਣ ਚੁੱਕਣ ਤੋਂ ਬਾਅਦ, ਛੇਹਰਟਾ ਨਗਰ 'ਤੇ ਖੂਹ, ਤਰਨ ਤਾਰਨ ਸਰੋਵਰ, ਦਰਬਾਰ ਤੇ ਨਗਰ, ਕਰਤਾਰਪੁਰ (ਜਲੰਧਰ) ਅਤੇ ਹਰਿ ਗੋਬਿੰਦਪੁਰ ਦੇ ਖ਼ਾਸ ਥਾਵਾਂ ਦੀ ਉਸਾਰੀ ਕਰਵਾਈ। ਗੁਰੂ ਅਮਰਦਾਸ ਜੀ ਨੇ ਜੋ ਮੰਜੀਆਂ ਸਥਾਪਿਤ ਕੀਤੀਆਂ ਸਨ, ਉਹ ਦੇਸ਼-ਵਿਦੇਸ਼ ਵਿੱਚੋਂ ਦਿਲੋ ਜਾਨ ਨਾਲ ਸਿੱਖੀ ਨੂੰ ਪ੍ਰਫੁੱਲਤ ਕਰ ਰਹੇ ਸਨ। ਉਨ੍ਹਾਂ ਵਿਚ ਹੋਰ ਸੁਧਾਰ ਕਰ ਕੇ ਪੰਜਵੇਂ ਸਤਿਗੁਰਾਂ ਨੇ ਉਸ ਨੂੰ ਹੋਰ ਪੱਕੇ ਪੈਰੀਂ ਕੀਤਾ। ਸਮਕਾਲੀ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ "ਸਰਕਾਰੀ ਮਾਲੀਆ ਵਕਤ ਸਿਰ ਜਮ੍ਹਾਂ ਨਹੀਂ ਹੁੰਦਾ। ਕਈ ਵਾਰ ਸਰਕਾਰ ਨੂੰ ਜ਼ਬਰਦਸਤੀ ਉਗਰਾਹੀ ਕਰਨੀ ਪੈਂਦੀ ਹੈ। ਬਹੁਤ ਸਾਰੇ ਸਰਕਾਰੀ ਕੰਮ ਇਸੇ ਕਾਰਨ ਰੁਕ ਜਾਂਦੇ ਹਨ। ਦੂਜੇ ਪਾਸੇ ਗੁਰੂ ਘਰ ਦੀ ਆਮਦਨ ਪੂਰੀ ਤਰ੍ਹਾਂ ਵਿਸ਼ਵਾਸਯੋਗ ਤਰੀਕੇ ਨਾਲ ਜਮ੍ਹਾਂ ਹੋ ਜਾਂਦੀ ਹੈ। ਇਸੇ ਲਈ ਸਤਿਗੁਰੂ ਜੀ, ਆਪਣੇ ਸਾਰੇ ਕਾਰਨਾਂ ਦੀ ਰੂਪ ਰੇਖਾ, ਠੀਕ ਤਰੀਕੇ ਉਲੀਕ ਲੈਂਦੇ ਹਨ। ਸਮੇਂ ਸਿਰ ਉਲੀਕੇ ਕੰਮ ਪੂਰੇ ਹੋ ਜਾਂਦੇ ਹਨ।"

ਗੁਰੂ ਘਰ ਦੀ ਨਿੱਤ ਵਧਦੀ ਲੋਕ ਪ੍ਰਿਅਤਾ ਤੋਂ ਘਬਰਾ ਕੇ ਵਿਰੋਧੀਆਂ ਨੇ ਬੜੀਆਂ ਸਾਜ਼ਿਸ਼ਾਂ ਰਚੀਆਂ। ਘਰ ਵਿਚੋਂ ਇਕ ਕਮਜ਼ੋਰ ਕੜੀ ਪ੍ਰਿਥੀ ਚੰਦ ਨੂੰ ਹੱਥ ਠੋਕਾ ਬਣਾ ਕੇ, ਗੁਰੂ ਅਰਜਨ ਸਾਹਿਬ ਜੀ ਨੂੰ ਕਮਜ਼ੋਰ ਕਰਨ ਦਾ ਯਤਨ ਕੀਤਾ ਗਿਆ। ਕਾਮਯਾਬੀ ਨਾ ਮਿਲਦੀ ਵੇਖ ਕੇ ਪ੍ਰਿਥੀ ਚੰਦ ਭਾਰੀ ਰਕਮ ਦੇਣੀ ਕਰ ਕੇ ਇੱਕ ਛੋਟੇ ਅਫ਼ਸਰ ਸੁਲਹੀ ਖ਼ਾਨ ਨੂੰ ਗੁਰੂ ਘਰ 'ਤੇ ਹਮਲਾ ਕਰਾਉਣ ਦੀ ਨੀਅਤ ਨਾਲ ਚੜ੍ਹਾ ਲਿਆਇਆ, ਪਰ ਯੋਜਨਾ ਸਿਰੇ ਨਾ ਚੜ੍ਹੀ, ਸੁਲਹੀ ਖ਼ਾਨ ਦਾ ਘੋੜਾ ਤ੍ਰਬਕ ਕੇ ਪ੍ਰਿਥੀ ਚੰਦ ਦੇ ਬਲ ਰਹੇ ਇੱਟਾਂ ਵਾਲੇ ਭੱਠੇ ਵਿਚ ਜਾ ਵੜਿਆ ਤੇ ਸਵਾਰ ਸਮੇਤ ਸੜ ਕੇ ਖਾਕ ਹੋ ਗਿਆ। ਇਹ ਵਾਰ ਖਾਲੀ ਚਲਾ ਗਿਆ। ਪ੍ਰਿਥੀ ਚੰਦ ਦਾ ਬੇਟਾ ਮੇਹਰਵਾਨ, ਨਾਨਕ ਨਾਮ ਹੇਠ ਕਵਿਤਾਵਾਂ ਲਿਖ ਕੇ ਆਪਣੇ ਆਪ ਨੂੰ ਗੁਰੂ ਜਤਾਉਣ ਲੱਗ ਪਿਆ। ਬਾਲਕ ਹਰਿਗੋਬਿੰਦ ਜੀ 'ਤੇ ਪ੍ਰਿਥੀ ਨੇ ਕਈ ਜਾਨਲੇਵਾ ਹਮਲੇ ਕਰਵਾਏ, ਪਰ ਕਾਮਯਾਬੀ ਨਾ ਮਿਲੀ। ਗੁਰੂ ਗ੍ਰੰਥ ਸਾਹਿਬ ਦੀ ਰਚਨਾ ਅਤੇ ਬਾਕੀ ਬਾਣੀ ਬਾਰੇ ਅਣਗਿਣਤ ਭਰਮ-ਭੁਲੇਖੇ ਵਾਲੀਆਂ ਕਹਾਣੀਆਂ ਪ੍ਰਚਲਿਤ ਕੀਤੀਆਂ ਗਈਆਂ ਜਿਵੇਂ ਕਿ ਗੁਰੂ ਨਾਨਕ ਸਾਹਿਬ ਜੀ ਦੀ ਸਾਰੀ ਬਾਣੀ ਪੰਜਵੇਂ ਪਾਤਸ਼ਾਹ ਕੋਲ ਪਹੁੰਚੀ। ਜਿੰਨੀ ਕੁ ਪਹੁੰਚੀ ਹੈ, ਇਸ ਵਿਚ ਕਈ ਸਾਰੀਆਂ ਮਿਲਾਵਟਾਂ ਹੋ ਗਈਆਂ ਹਨ......... ਆਦਿ । ਇੱਕ ਪਾਸੇ ਜਨੂੰਨੀ ਬ੍ਰਾਹਮਣ ਤੇ ਦੂਜੇ ਪਾਸੇ ਕੱਟੜ ਮੌਲਾਣੇ ਤੇ ਤੀਜੇ, ਕਮਜ਼ੋਰ ਜਹਿਨੀਅਤ ਵਾਲਾ ਜਹਾਂਗੀਰ ਬਾਦਸ਼ਾਹ।

**4. ਪੋਥੀ ਸਾਹਿਬ ਦੀ ਸੰਪਾਦਨਾ:-**

ਬ੍ਰਾਹਮਣਾਂ ਲਈ ਵੱਡੀ ਧਿਰ ਮਹੇਸ਼ ਦਾਸ (ਬੀਰਬਲ) ਮਰ ਚੁੱਕਾ ਸੀ। ਅਕਬਰ ਉਨ੍ਹਾਂ ਦੀ ਗੱਲ ਸੁਣ ਕੇ ਕਈ ਵਾਰ ਰੱਦ ਕਰ ਚੁੱਕਾ ਸੀ। ਫਿਰ ਭੀ ਇਹ ਪਖੰਡੀ ਲੋਕ ਨਿੱਤ ਨਵੀਆਂ ਚਾਲਾਂ ਚੱਲਦੇ ਰਹਿੰਦੇ ਸਨ। ਜਿਵੇਂ ਇਹ ਗੱਲਾਂ ਉਭਾਰੀਆਂ ਗਈਆਂ, "ਦੇਖੋ ਜੀ, ਸਿੱਖ ਸਾਰੀਆਂ ਪੁਰਾਤਨ ਧਾਰਮਿਕ ਰਸਮਾਂ ਤੋੜ ਰਹੇ ਹਨ। ਭਗਵਾਨ ਦੀਆਂ ਮੂਰਤੀਆਂ ਨੂੰ ਮੱਥਾ ਨਹੀਂ ਟੇਕਦੇ। ਤੀਰਥ ਯਾਤਰਾ ਨੂੰ ਫ਼ਜ਼ੂਲ ਦੱਸਦੇ ਹਨ। ਬ੍ਰਾਹਮਣਾਂ ਨੂੰ ਆਪਣਾ ਗੁਰੂ ਸਵੀਕਾਰ ਨਹੀਂ ਕਰਦੇ। ਸ਼ਰਾਧ, ਵਰਤ, ਦੇਵੀ-ਦੇਵਤੇ ਆਦਿ ਨੂੰ ਨਹੀਂ ਮੰਨਦੇ। ਵੇਦਾਂ, ਪੁਰਾਣਾਂ, ਰਮਾਇਣ, ਮਹਾਂਭਾਰਤ ਨੂੰ ਟਿੱਚਰਾਂ ਕਰਦੇ ਹਨ। ਜ਼ਾਤ-ਪਾਤੀ ਪ੍ਰਬੰਧ ਨੂੰ ਤੋੜ ਦਿੱਤਾ ਹੈ, ਸਾਰੇ ਇਕੱਠੇ ਪ੍ਰਸ਼ਾਦਾ ਛਕਦੇ ਹਨ.........। ਇਨ੍ਹਾਂ ਰੀਤਾਂ ਰਸਮਾਂ ਨੂੰ ਤਿਆਗਣ ਦਾ ਮਤਲਬ ਹੈ ਹਿੰਦੂ ਧਰਮ (ਵੈਦਿਕ ਧਰਮ ਜਾਂ ਸਨਾਤਨ ਧਰਮ) ਤੋਂ ਬਾਗ਼ੀ ਹੋਣਾ। ਇਨ੍ਹਾਂ ਬਾਗ਼ੀਆਂ ਨੂੰ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ।"

ਇਸੇ ਤਰ੍ਹਾਂ ਕੱਟੜ ਮੌਲਵੀ ਨਵਾਬਾਂ-ਬਾਦਸ਼ਾਹਾਂ ਨੂੰ ਚੁੱਕਣਾ ਦੇ ਰਹੇ ਸਨ, "ਦੇਖੋ ਹਜ਼ੂਰ! ਇਨ੍ਹਾਂ ਕਾਫ਼ਰਾਂ ਨੇ ਹੁਣ ਇੱਕ ਕਿਤਾਬ ਭੀ ਤਿਆਰ ਕਰ ਲਈ ਹੈ। ਇਹ ਸਾਡੀਆਂ ਸਾਰੀਆਂ ਸ਼ਰ੍ਹਾ ਦੀਆਂ ਪਾਬੰਦੀਆਂ ਤੋੜ ਰਹੇ ਹਨ। ਇਹ ਲੋਕ ਵੱਡੀ ਤਾਕਤ ਬਣਦੇ ਜਾ ਰਹੇ ਹਨ। ਕਿਸੇ ਵੇਲੇ ਭੀ ਇਹ ਬਾਗ਼ੀ ਟੋਲਾ ਇਸਲਾਮ ਧਰਮ ਵਾਸਤੇ ਅਤੇ ਮੁਗ਼ਲ ਰਾਜ ਵਾਸਤੇ ਖ਼ਤਰਾ ਬਣ ਸਕਦੇ ਹਨ। ਹੁਣੇ ਤੋਂ ਇਨ੍ਹਾਂ ਨੂੰ ਨੱਥ ਪਾਈ ਜਾਵੇ ਵਰਨਾ ਬਹੁਤ ਦੇਰ ਹੋ ਚੁੱਕੀ ਹੋਵੇਗੀ।"

ਇਸ ਪਰਥਾਏ ਸ਼ੇਖ਼ ਅਹਿਮਦ ਸਰਹੰਦੀ ਮੁਜੱਦਦ ਅਲਫ਼ਸਾਨੀ ਦੀ ਲਿਖਤ 'ਮਕਤੂਬਾਤ ਇਮਾਮ-ਏ-ਰੱਬਾਨੀ' ਸਬੂਤ ਵਾਸਤੇ ਪੜ੍ਹੀ ਜਾ ਸਕਦੀ ਹੈ। ਪਹਿਲਾਂ ਉਹ ਜਹਾਂਗੀਰ ਨੂੰ ਇਸ ਪਰਥਾਏ ਖ਼ਤ ਲਿਖਦਾ ਹੈ ਕਿ 'ਕਿਸੇ ਭੀ ਬਹਾਨੇ ਸਿੱਖਾਂ ਦੇ ਗੁਰੂ ਨੂੰ ਮਾਰ ਦਿੱਤਾ ਜਾਵੇ। ਮੁੜ ਇਨ੍ਹਾਂ ਕਾਫ਼ਰ ਸਿੱਖਾਂ ਨੂੰ ਜਥੇਬੰਦ ਨਾ ਹੋਣ ਦਿੱਤਾ ਜਾਵੇ। ਜਦੋਂ ਉਸ ਦੀ ਇੱਛਾ ਪੂਰੀ ਹੋ ਗਈ ਤਾਂ ਉਸ ਨੇ ਅਥਾਹ ਖ਼ੁਸ਼ੀ ਮਨਾਈ। ਵਧਾਈ ਵਾਲੀਆਂ ਚਿੱਠੀਆਂ ਆਪਣੇ ਦੋਸਤਾਂ-ਮਿੱਤਰਾਂ ਅਤੇ ਜਹਾਂਗੀਰ ਨੂੰ ਭੀ ਲਿਖੀਆਂ (ਵੇਰਵੇ ਲਈ ਵੇਖੋ ਸਾਚੀ ਸਾਖੀ-ਸ੍ਰ.ਕਪੂਰ ਸਿੰਘ, ਸਿੱਖ ਇਤਿਹਾਸ-ਡਾ.ਗੰਡਾ ਸਿੰਘ)

ਵਿਰੋਧੀਆਂ ਵੱਲੋਂ ਗੁਰਬਾਣੀ ਬਾਰੇ ਬੇ-ਸਿਰ ਪੈਰ ਦੀਆਂ ਕਹਾਣੀਆਂ ਪ੍ਰਚਲਿਤ ਕੀਤੀਆਂ ਗਈਆਂ। ਗੁਰੂ ਘਰ ਦੇ ਵਿਰੋਧੀਆਂ ਦੇ ਹਮਲੇ ਤੇਜ਼ ਹੁੰਦੇ ਗਏ ਤੇ ਪੰਜਵੇਂ ਪਾਤਸ਼ਾਹ ਜੀ ਸਮੇਂ ਪੋਥੀ ਸਾਹਿਬ ਦੀ ਸੰਪੂਰਨਤਾ ਤੋਂ ਮਗਰੋਂ ਇਹ ਜਨੂੰਨ ਸਿਖਰਾਂ 'ਤੇ ਪੁੱਜ ਗਿਆ। ਵਿਰੋਧੀਆਂ ਨੇ ਸਤਿਗੁਰੂ ਜੀ ਨੂੰ ਬੇਓੜਕ ਪ੍ਰੇਸ਼ਾਨ ਕੀਤਾ, ਕਦਮ-ਕਦਮ 'ਤੇ ਰੁਕਾਵਟਾਂ ਪਾਈਆਂ। ਸਤਿਗੁਰੂ ਜੀ ਕੁੱਲ ਮਨੁੱਖ ਮਾਤਰ ਦਾ ਭਲਾ ਕਰਨਾ ਲੋਚਦੇ ਸਨ। ਖ਼ੁਦਗਰਜ਼ ਲੋਕਾਂ ਨੂੰ ਇਹ ਨਹੀਂ ਸੀ ਭਾਉਂਦਾ। ਜਿਥੇ ਪਰਉਪਕਾਰ ਦੇ ਹੋਰ ਅਣਗਿਣਤ ਕਾਰਜ ਪੰਚਮ ਪਾਤਿਸ਼ਾਹ ਨੇ ਕੀਤੇ, ਉਥੇ ਉਨ੍ਹਾਂ ਦਾ ਮਹਾਨ ਕਾਰਜ ਸੀ ਬਗ਼ੈਰ ਮਿਲਾਵਟ ਤੋਂ ਸਦਾ ਲਈ ਅਗਵਾਈ ਦਾ ਸੋਮਾ ਪੋਥੀ ਸਾਹਿਬ ਨੂੰ ਤਿਆਰ ਕਰਕੇ ਆਪਣੀ ਨਿਰਮਲ ਵਿਚਾਰਧਾਰਾ ਨੂੰ ਮਲੀਨ ਹੋਣ ਤੋਂ ਬਚਾ ਲੈਣਾ। ਸ਼ਬਦ ਗੁਰੂ ਦੇ ਅਸੂਲ ਨੂੰ ਪੱਕੇ ਪੈਰੀਂ ਸੰਸਾਰ ਸਨਮੁੱਖ ਰੱਖ ਦੇਣਾ।

ਲੰਮੇ ਸਮੇਂ ਤੱਕ ਅਨੇਕ ਸਾਜ਼ਿਸ਼ਾਂ ਰਚਦਿਆਂ ਅੰਤ ਨੂੰ ਇਹ ਜਨੂੰਨੀ ਲੋਕ ਸਤਿਗੁਰੂ ਜੀ ਵਿਰੁੱਧ ਹਕੂਮਤ ਨੂੰ ਭੜਕਾਉਣ ਵਿਚ ਕਾਮਯਾਬ ਹੋ ਗਏ। ਪੰਜਵੇਂ ਪਾਤਿਸ਼ਾਹ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਲਾਹੌਰ ਲਿਜਾ ਕੇ ਤਸੀਹੇ ਦਿੱਤੇ ਜਾਣ ਲੱਗੇ। ਇੱਕ ਵੱਡੀ ਰਕਮ ਜੁਰਮਾਨੇ ਦੇ ਰੂਪ ਵਿਚ ਅਦਾ ਕਰਨ ਲਈ ਕਿਹਾ ਗਿਆ। ਨਾਂਹ ਕਰਨ 'ਤੇ ਇਸਲਾਮ ਕਬੂਲ ਕਰਨ ਲਈ ਦਬਾਅ ਪਾਇਆ ਗਿਆ। ਸਤਿਗੁਰੂ ਜੀ ਵੱਲੋਂ ਇਨਕਾਰ ਕਰਨ 'ਤੇ ਫ਼ਤਵਾ ਜਾਰੀ ਕਰ ਦਿੱਤਾ ਗਿਆ। ਕਾਨੂੰਨ ਲਾਗੂ ਕੀਤੇ ਗਏ 'ਯਾਸਾ ਅਤੇ ਸਿਆਸਤ'। ਇਨ੍ਹਾਂ ਚੰਗੇਜ਼ੀ ਸਜ਼ਾਵਾਂ ਵਿੱਚ ਇਹ ਜ਼ਾਲਮਪੁਣਾ ਲਾਗੂ ਕੀਤਾ ਹੁੰਦਾ ਹੈ ਕਿ ਸਜ਼ਾ ਯਾਫ਼ਤਾ ਬੰਦੇ ਨੂੰ ਅੱਗ ਵਿੱਚ ਸਾੜ ਕੇ, ਪਾਣੀ ਵਿੱਚ ਉਬਾਲ ਕੇ, ਧਰਤੀ ਵਿੱਚ ਜਿਉਂਦਿਆਂ ਦਬਾ ਕੇ ਜਾਂ ਪਾਣੀ ਵਿੱਚ ਡੋਬ ਕੇ ਮਾਰਿਆ ਜਾਵੇ। ਇਨ੍ਹਾਂ ਸਾਰੀਆਂ ਸਜ਼ਾਵਾਂ ਨਾਲ ਸਰੀਰ ਵਿਚੋਂ ਖ਼ੂਨ ਦਾ ਕਤਰਾ ਬਾਹਰ ਨਹੀਂ ਨਿਕਲਦਾ, ਪਰ ਤੜਫਦਿਆਂ ਇਨਸਾਨ ਦੀ ਮੌਤ ਹੋ ਜਾਂਦੀ ਹੈ। ਇਹੀ ਵਹਿਸ਼ੀਆਨਾ ਧਾਰਾ ਸਤਿਗੁਰੂ ਜੀ 'ਤੇ ਲਾਗੂ ਕੀਤੀ ਗਈ। ਪਹਿਲੇ ਦਿਨ ਤੱਤੀ ਤਵੀ 'ਤੇ ਬਿਠਾਇਆ ਗਿਆ। ਸਰੀਰ

**ਬਾਕੀ ਸਫਾ 32 'ਤੇ**




# ਬਿਜਲਈ ਮੱਛੀਆਂ ਦਾ ਗਜ਼ਬ ਸੰਸਾਰ

**-ਸੁਖਮੰਦਰ ਸਿੰਘ ਤੂਰ** -ਸੇਵਾ ਮੁਕਤ ਲੈਕਚਰਾਰ # 62842-20595

ਬੱਚਿਓ! ਬਿਜਲਈ ਮੱਛੀਆਂ ਉਹ ਮੱਛੀਆਂ ਹੁੰਦੀਆਂ ਹਨ, ਜੋ ਆਪਣੇ ਸਰੀਰ ਦੇ ਅੰਦਰੋਂ ਹੀ ਬਿਜਲੀ ਪੈਦਾ ਕਰ ਸਕਦੀਆਂ ਹਨ। ਉਨ੍ਹਾਂ ਦੇ ਸਰੀਰ ਅੰਦਰਲੇ ਬਿਜਲੀ ਪੈਦਾ ਕਰਨ ਵਾਲੇ ਅੰਗ ਨੂੰ 'ਇਲੈਕਟ੍ਰਿਕ ਆਰਗਨ' ਭਾਵ ਬਿਜਲਈ ਅੰਗ ਕਿਹਾ ਜਾਂਦਾ ਹੈ। ਬਿਜਲਈ ਅੰਗ ਸਰੀਰ ਵਿਚਲੇ ਪੱਠਿਆਂ ਭਾਵ ਮਾਸ ਪੇਸ਼ੀਆਂ ਜਾਂ ਨਾੜੀ ਸੈੱਲਾਂ ਤੋਂ ਹੀ ਬਣੇ ਹੁੰਦੇ ਹਨ ਪਰ ਇਨ੍ਹਾਂ ਦੀ ਖਾਸੀਅਤ ਇਹ ਹੈ ਕਿ ਇਨ੍ਹਾਂ ਵਿਚ ਬਿਜਲੀ ਪੈਦਾ ਕਰਨ ਦੇ ਵਿਸ਼ੇਸ਼ ਗੁਣ ਪੈਦਾ ਹੋ ਜਾਂਦੇ ਹਨ। ਮੱਛੀਆਂ ਵਲੋਂ ਪੈਦਾ ਕੀਤੀ ਗਈ ਇਸ ਬਿਜਲੀ ਦੀ ਵਰਤੋਂ ਉਹ ਅਨੇਕਾਂ ਕੰਮਾਂ ਲਈ ਕਰਦੀਆਂ ਹਨ ਜਿਵੇਂ ਆਪਣੇ ਸ਼ਿਕਾਰ ਦਾ ਪਤਾ ਲਗਾਉਣਾ, ਆਪਣੇ ਸ਼ਿਕਾਰੀ ਦੁਸ਼ਮਣ ਨੂੰ ਬਿਜਲੀ ਦਾ ਝਟਕਾ ਲਗਾ ਕੇ ਆਪਣੇ ਤੋਂ ਦੂਰ ਹਟਾਉਣਾ ਅਤੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਬਿਜਲਈ ਸੰਕੇਤ ਦੇ ਕੇ ਇਕ ਥਾਂ ਇਕੱਠੇ ਕਰਨਾ ਆਦਿ। ਮੱਛੀਆਂ ਦੀਆਂ ਕੁਝ ਕਿਸਮਾਂ ਬਿਜਲੀ ਦੀ ਥੋੜ੍ਹੀ ਮਾਤਰਾ ਪੈਦਾ ਕਰਦੀਆਂ ਹਨ, ਕੁਝ ਦੂਸਰੀਆਂ ਵੱਧ ਮਾਤਰਾ ਪੈਦਾ ਕਰਦੀਆਂ ਹਨ। ਘੱਟ ਬਿਜਲੀ ਪੈਦਾ ਕਰਨ ਵਾਲੀਆਂ ਮੱਛੀਆਂ ਵਲੋਂ ਇਸ ਦੀ ਵਰਤੋਂ ਆਲੇ-ਦੁਆਲੇ ਦੀਆਂ ਵਸਤਾਂ ਦਾ ਪਤਾ ਲਗਾਉਣ ਵਾਸਤੇ ਕੀਤੀ ਜਾਂਦੀ ਹੈ, ਜਦ ਕਿ ਵੱਧ ਬਿਜਲੀ ਪੈਦਾ ਕਰਨ ਵਾਲੀਆਂ ਮੱਛੀਆਂ ਵਲੋਂ ਇਸ ਦੀ ਵਰਤੋਂ ਆਪਣੇ ਸ਼ਿਕਾਰ ਨੂੰ ਮਾਰਨ ਅਤੇ ਆਪਣਾ ਬਚਾਅ ਕਰਨ ਲਈ ਵੀ ਕੀਤੀ ਜਾਂਦੀ ਹੈ। ਅਸਚਰਜ ਲਗਦਾ ਹੈ ਪਰ ਇਹ ਇਕ ਸਚਾਈ ਹੈ ਕਿ ਅਜਿਹੀਆਂ ਮੱਛੀਆਂ ਆਪਣੇ ਬਿਜਲਈ ਝਟਕੇ ਨਾਲ ਮਗਰਮੱਛ ਵਰਗੇ ਖ਼ਤਰਨਾਕ ਜੀਵ ਨੂੰ ਵੀ ਮਾਰ ਸਕਦੀਆਂ ਹਨ। ਭੂ-ਮੱਧ ਸਾਗਰ ਵਿਚ ਮਿਲਣ ਵਾਲੀ ਟਾਰਪੀਡੋ ਮੱਛੀ 200 ਵੋਲਟ ਕਰੰਟ ਦੇ ਝਟਕੇ ਨਾਲ ਆਪਣੇ ਸ਼ਿਕਾਰ ਨੂੰ ਮਾਰ ਮੁਕਾਉਣ ਦੀ ਤਾਕਤ ਰੱਖਦੀ ਹੈ ਜਦ ਕਿ ਪੱਛਮੀ ਅਫ਼ਰੀਕਾ ਦੇ ਦਰਿਆਵਾਂ ਵਿਚ ਰਹਿਣ ਵਾਲੀ 'ਇਲੈਕਟ੍ਰਿਕ ਕੈਟ ਫਿਸ਼' 400 ਵੋਲਟ ਤੱਕ ਦਾ ਝਟਕਾ ਦੇ ਸਕਦੀ ਹੈ।



ਮੱਛੀਆਂ ਵਿਚ ਬਿਜਲੀ ਪੈਦਾ ਕਰਨ ਵਾਲੇ 'ਬਿਜਲਈ ਅੰਗ' ਮੱਛੀਆਂ ਦੀਆਂ ਵੱਖ-ਵੱਖ ਕਿਸਮਾਂ ਵਿਚ ਸਰੀਰ ਦੇ ਭਿੰਨ-ਭਿੰਨ ਥਾਵਾਂ 'ਤੇ ਮੌਜੂਦ ਹੋ ਸਕਦੇ ਹਨ। 'ਇਲੈਕਟ੍ਰਿਕ ਈਲ' ਨਾਂਅ ਦੀ ਮੱਛੀ ਬਿਜਲੀ ਦੀ ਵਰਤੋਂ ਦੋ ਤਰੀਕਿਆਂ ਨਾਲ ਕਰਦੀ ਹੈ। ਪਹਿਲਾਂ ਕਮਜ਼ੋਰ ਬਿਜਲਈ ਖੇਤਰ ਨਾਲ ਆਪਣੇ ਸ਼ਿਕਾਰ ਦਾ ਪਤਾ ਲਗਾਉਣਾ ਅਤੇ ਫਿਰ ਉਸ ਨੂੰ ਮਾਰਨ ਲਈ ਤਕੜੇ ਬਿਜਲੀ ਝਟਕੇ ਦੀ ਵਰਤੋਂ ਕਰਨਾ। ਅਫ਼ਰੀਕਾ ਦੇ ਗੰਧਲੇ ਦਰਿਆਵਾਂ ਵਿਚ ਰਹਿਣ ਵਾਲੀ 'ਐਲੀਫੈਂਟ ਨੋਜ਼ ਮੱਛੀ' ਚਿੱਕੜ ਭਰੇ ਧੁੰਦਲੇ ਪਾਣੀ ਵਿਚ ਆਪਣਾ ਰਸਤਾ ਲੱਭਣ ਲਈ ਉਸ ਦੀ ਪੂਛ ਵਿਚ ਮੌਜੂਦ 'ਇਲੈਕਟ੍ਰਿਕ ਆਰਗਨ' ਤੋਂ ਤਰੰਗਾਂ ਪੈਦਾ ਕਰ ਕੇ ਆਪਣਾ ਰਸਤਾ ਵੀ ਲੱਭਦੀ ਹੈ ਅਤੇ ਹਮਲਾਵਰ ਦੁਸ਼ਮਣਾਂ ਤੋਂ ਬਚਦਿਆਂ ਹੋਇਆਂ ਆਪਣਾ ਸ਼ਿਕਾਰ ਵੀ ਲੱਭਦੀ ਹੈ।

# ਕੀ ਤੁਸੀਂ ਜਾਣਦੇ ਹੋ?

**-ਸੁਖਮੰਦਰ ਸਿੰਘ ਤੂਰ** -ਸੇਵਾ ਮੁਕਤ ਲੈਕਚਰਾਰ # 62842-20595

- ਧਰਤੀ ਦੇ ਕੁੱਲ ਰਕਬੇ ਦਾ ਦੋ ਤਿਹਾਈ ਹਿੱਸਾ ਸਮੁੰਦਰਾਂ ਨੇ ਘੇਰਿਆ ਹੋਇਆ ਹੈ ।
- ਧਰਤੀ ਉੱਤੇ ਕੁੱਲ ਪਾਣੀ ਦਾ 97 ਫ਼ੀਸਦੀ ਪਾਣੀ ਸਮੁੰਦਰਾਂ ਵਿਚ ਹੀ ਹੈ।
- ਮਹਾਂਸਾਗਰਾਂ ਵਿਚ ਜੀਵਾਂ ਦੀਆਂ ਤਕਰੀਬਨ ਦਸ ਲੱਖ ਪ੍ਰਜਾਤੀਆਂ ਵਸਦੀਆਂ ਹਨ।
- ਸਮੁੰਦਰਾਂ ਦੀ ਸਭ ਤੋਂ ਡੂੰਘੀ ਜਗ੍ਹਾ ਪ੍ਰਸ਼ਾਂਤ ਮਹਾਂਸਾਗਰ ਵਿਚ ਹੈ ਅਤੇ 'ਮਾਰੀਆਨਾ ਖੱਡ' ਦੇ ਨਾਂਅ ਨਾਲ ਜਾਣੀ ਜਾਂਦੀ ਹੈ। ਧਰਤੀ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੇਸਟ ਇਸ ਖੱਡ ਵਿਚ ਪੂਰੀ ਤਰ੍ਹਾਂ ਡੁੱਬ



ਸਕਦੀ ਹੈ।

- ਧਰਤੀ ਉੱਤੇ ਫੁੱਟਦੇ ਜਵਾਲਾਮੁਖੀਆਂ ਵਿਚੋਂ 90 ਫ਼ੀਸਦੀ ਸਮੁੰਦਰ ਵਿਚ ਹੀ ਫੁੱਟਦੇ ਹਨ ।
- ਸਮੁੰਦਰ ਦੇ ਪਾਣੀ ਵਿਚ 20 ਮਿਲੀਅਨ ਟਨ ਸੋਨਾ ਘੁਲਿਆ ਹੋਇਆ ਹੈ।
- ਸਾਡੇ ਗ੍ਰਹਿ ਧਰਤੀ ਉੱਤੇ ਕੁੱਲ ਜੀਵਾਂ ਵਿਚੋਂ 94 ਫ਼ੀਸਦੀ ਸਮੁੰਦਰ ਵਿਚ ਹੀ ਵੱਸਦੇ ਹਨ ।
- ਧਰਤੀ ਉੱਪਰਲੀਆਂ ਪਹਾੜੀਆਂ ਦੀ ਤਰ੍ਹਾਂ ਸਮੁੰਦਰ ਦੇ ਹੇਠਲੇ ਤਲ ਉੱਤੇ ਵੀ ਪਹਾੜੀਆਂ ਮੌਜੂਦ ਹਨ। ਇਸ ਵਿਚ 'ਮਿਡ ਓਸ਼ਨਿਕ ਰਿਜ' ਨਾਂਅ ਦੀ ਪਹਾੜੀ ਸਭ ਤੋਂ ਵੱਡੀ ਹੈ ਜੋ ਕਿ ਧਰਤੀ ਉੱਪਰਲੀ ਸਭ ਤੋਂ ਵੱਡੀ ਪਹਾੜੀ ਤੋਂ ਵੀ ਲੰਮੀ ਹੈ।
- ਸਮੁੰਦਰ ਦੇ ਹੇਠਲੇ ਤਲ ਉੱਤੇ ਵੰਨ-ਸੁਵੰਨੀ ਕਲਾ ਦੀਆਂ ਮੂਰਤੀਆਂ ਮੌਜੂਦ ਹਨ ।
- ਧਰਤੀ ਦੇ ਜੀਵਾਂ ਲਈ ਸਾਹ ਲਈ ਲੋੜੀਂਦੀ ਕੁੱਲ ਆਕਸੀਜਨ ਦਾ ਅੱਧਾ ਹਿੱਸਾ ਸਮੁੰਦਰਾਂ ਤੋਂ ਹੀ ਨਿਕਲਦਾ ਹੈ ਅਤੇ ਮਨੁੱਖ ਦੁਆਰਾ ਭਿੰਨ-ਭਿੰਨ ਕਿਰਿਆਵਾਂ ਦੁਆਰਾ ਪੈਦਾ ਕੀਤੀ ਕਾਰਬਨ ਡਾਈਆਕਸਾਈਡ ਦਾ ਤੀਜਾ ਹਿੱਸਾ ਸਮੁੰਦਰ ਹੀ ਸੋਖਦੇ ਹਨ ।
- ਪ੍ਰਸ਼ਾਂਤ ਮਹਾਂਸਾਗਰ ਵਿਚ ਸ਼ਾਰਕ ਮੱਛੀਆਂ ਲਈ ਇਕ ਸੈਰਗਾਹ ਵੀ ਮੌਜੂਦ ਹੈ ਜਿਸ ਦਾ ਨਾਂਅ 'ਵਾਈਟ ਸ਼ਾਰਕ ਕੈਫੇ' ਹੈ ।
- ਸਮੁੰਦਰ ਦੇ ਹੇਠਲੇ ਤਲ ਉੱਤੇ ਪਾਣੀ ਦਾ ਦਬਾਅ ਪੰਜਾਹ ਜਹਾਜ਼ਾਂ ਦੇ ਭਾਰ ਦੇ ਬਰਾਬਰ ਹੈ ।
- ਸਮੁੰਦਰ ਦਾ ਪਾਣੀ ਸੂਰਜ ਦੀਆਂ ਕਿਰਨਾਂ ਵਿਚੋਂ ਲਾਲ, ਪੀਲਾ, ਹਰਾ ਆਦਿ ਰੰਗ ਸੋਖ ਕੇ ਨੀਲੇ ਰੰਗ ਨੂੰ ਸਾਡੇ ਵੱਲ ਭੇਜ ਦਿੰਦਾ ਹੈ ਜਿਸ ਕਰਕੇ ਸਮੁੰਦਰ ਨੀਲੇ ਰੰਗ ਦੇ ਵਿਖ਼ਾਈ ਦਿੰਦੇ ਹਨ ।

-0-

---

ਬਾਲ ਕਹਾਣੀ

# ਆਜੜੀ ਦੀ ਮੂਰਖਤਾ

ਹਰਦੇਵ ਸਿੰਘ ਸੁੱਖਗੜ੍ਹ 94172-16680

ਬਹੁਤ ਪੁਰਾਣੇ ਸਮੇਂ ਦੀ ਗੱਲ ਹੈ ਕਿ ਇੱਕ ਪਿੰਡ ਵਿੱਚ ਇੱਕ ਆਜੜੀ ਰਹਿੰਦਾ ਸੀ। ਉਹ ਬਹੁਤ ਗ਼ਰੀਬ ਸੀ। ਉਹ ਬੱਕਰੀਆਂ ਦਾ ਦੁੱਧ ਵੇਚ ਕੇ ਆਪਣਾ ਗੁਜ਼ਾਰਾ ਕਰਦਾ ਸੀ। ਉਸ ਨੇ ਬੱਕਰੀਆਂ ਦੇ ਨਾਲ ਇੱਕ ਕੁੱਤਾ ਰੱਖਿਆ ਹੋਇਆ ਸੀ। ਇਸ ਕੁੱਤੇ ਦਾ ਨਾਂ ਸ਼ੇਰੂ ਸੀ। ਸ਼ੇਰੂ ਬਹੁਤ ਹੀ ਸਮਝਦਾਰ ਤੇ ਵਫ਼ਾਦਾਰ ਸੀ। ਜਦੋਂ ਆਜੜੀ ਬੱਕਰੀਆਂ ਚਾਰਨ ਜਾਂਦਾ ਤਾਂ ਸ਼ੇਰੂ ਵੀ ਉਸ ਦੇ ਨਾਲ ਹੀ ਜਾਂਦਾ। ਸ਼ੇਰੂ ਬਾਹਰਲੇ ਜਾਂਵਰਾਂ ਤੋਂ ਬੱਕਰੀਆਂ ਦੀ ਰਾਖੀ ਕਰਦਾ ਰਹਿੰਦਾ। ਆਜੜੀ ਵੀ ਸ਼ੇਰੂ ਦੇ ਹੁੰਦਿਆਂ ਬੇਫ਼ਿਕਰ ਹੋ ਜਾਂਦਾ।

ਇਸ ਆਜੜੀ ਨੇ ਨੇੜਲੇ ਪਿੰਡ ਦੇ ਸ਼ਾਹੂਕਾਰ ਕੋਲੋਂ ਕਰਜ਼ਾ ਲਿਆ ਹੋਇਆ ਸੀ।

ਗ਼ਰੀਬੀ ਕਾਰਨ ਉਹ ਸ਼ਾਹੂਕਾਰ ਦਾ ਕਰਜ਼ਾ ਨਾ ਲਾਹ ਸਕਿਆ।

ਇੱਕ ਦਿਨ ਸ਼ਾਹੂਕਾਰ ਉਸ ਦੇ ਘਰ ਆਪਣੇ ਪੈਸੇ ਲੈਣ ਲਈ ਪਹੁੰਚ ਗਿਆ। ਆਜੜੀ ਨੇ ਹਾਲੇ ਪੈਸੇ ਨਾ ਹੋਣ ਦੀ ਗੱਲ ਕਹੀ।

ਸ਼ਾਹੂਕਾਰ ਨੇ ਉਸ ਦੀ ਕਾਫ਼ੀ ਝਾੜ-ਝੰਬ ਕੀਤੀ। ਜਦੋਂ ਸ਼ਾਹੂਕਾਰ ਬਿਨਾਂ ਪੈਸਿਓਂ ਉਸ ਦੇ ਘਰੋਂ ਤੁਰਨ ਲੱਗਿਆ ਤਾਂ ਉਸ ਦੀ ਨਜ਼ਰ ਆਜੜੀ ਦੇ ਸ਼ੇਰੂ 'ਤੇ ਪਈ। ਉਸ ਨੂੰ ਸ਼ੇਰੂ ਬਹੁਤ ਚੰਗਾ ਲੱਗਿਆ। ਉਸ ਨੇ ਆਜੜੀ ਨੂੰ ਕਿਹਾ, ''ਇਹ ਕੁੱਤਾ ਤੂੰ ਮੈਨੂੰ ਦੇ ਦੇ। ਜਦੋਂ ਤੂੰ ਮੇਰੇ ਪੈਸੇ ਦੇਵੇਂਗਾ, ਉਦੋਂ ਇਹ ਕੁੱਤਾ ਤੂੰ ਵਾਪਸ ਲੈ ਲਈਂ।'' ਆਜੜੀ ਨੇ ਸ਼ਾਹੂਕਾਰ ਦੀ ਗੱਲ ਮੰਨ ਲਈ। ਉਸ ਨੇ ਸ਼ਾਹੂਕਾਰ ਨੂੰ ਸ਼ੇਰੂ ਦੇ ਦਿੱਤਾ। ਆਜੜੀ ਨੇ ਸ਼ੇਰੂ ਨੂੰ ਇਹ ਸਮਝਾ ਕੇ ਸ਼ਾਹੂਕਾਰ ਨਾਲ ਤੋਰ ਦਿੱਤਾ ਕਿ ਅੱਜ ਤੋਂ ਬਾਅਦ ਤੇਰਾ ਮਾਲਕ ਸ਼ਾਹੂਕਾਰ ਹੈ। ਤੂੰ ਇਸ ਦੀ ਹਰ ਆਗਿਆ ਦਾ ਪਾਲਣ ਕਰਨਾ। ਹੁਣ ਮੇਰੇ ਕੋਲ ਮੁੜ ਕੇ ਨਾ ਆਵੀਂ। ਸ਼ਾਹੂਕਾਰ ਸ਼ੇਰੂ ਨੂੰ ਲੈ ਕੇ ਆਪਣੇ ਘਰ ਆ ਗਿਆ। ਸ਼ੇਰੂ ਪੂਰੀ ਵਫ਼ਾਦਾਰੀ ਨਾਲ ਸ਼ਾਹੂਕਾਰ ਦੇ ਘਰ ਦੀ ਰਾਖੀ ਕਰਨ ਲੱਗਾ।

ਇੱਕ ਦਿਨ ਅੱਧੀ ਰਾਤ ਨੂੰ ਸ਼ਾਹੂਕਾਰ ਦੇ ਘਰ ਚੋਰ, ਚੋਰੀ ਕਰਨ ਲਈ ਆ ਗਏ। ਉਨ੍ਹਾਂ ਕੋਲ ਕਾਫ਼ੀ ਵੱਡੇ-ਵੱਡੇ ਹਥਿਆਰ ਸਨ। ਸ਼ੇਰੂ ਸਮਝ ਗਿਆ ਸੀ ਕਿ ਜੇਕਰ ਉਹ ਭੌਂਕਿਆ ਤਾਂ ਚੋਰ ਉਸ ਨੂੰ ਅਤੇ ਸ਼ਾਹੂਕਾਰ ਦੇ ਪੂਰੇ ਪਰਿਵਾਰ ਨੂੰ ਮਾਰ ਦੇਣਗੇ। ਇਸ ਲਈ ਸ਼ੇਰੂ ਸਭ ਕੁਝ ਚੁੱਪ-ਚੁਪੀਤੇ ਦੇਖਦਾ ਰਿਹਾ। ਚੋਰ ਸ਼ਾਹੂਕਾਰ ਦਾ ਸਾਰਾ ਸਾਮਾਂ, ਗਹਿਣੇ ਅਤੇ ਨਕਦੀ ਲੁੱਟ ਕੇ ਤੁਰ ਪਏ। ਸ਼ੇਰੂ ਵੀ ਚੁੱਪ-ਚੁਪੀਤੇ ਚੋਰਾਂ ਦੇ ਪਿੱਛੇ-ਪਿੱਛੇ ਤੁਰਦਾ ਗਿਆ। ਥੋੜ੍ਹੀ ਦੂਰ ਇੱਕ ਜੰਗਲ ਵਿੱਚ ਚੋਰਾਂ ਨੇ ਲੁੱਟਿਆ ਸਾਰਾ ਧਨ ਇੱਕ ਟੋਆ ਪੁੱਟ ਕੇ ਦੱਬ ਦਿੱਤਾ। ਸ਼ੇਰੂ ਉਹ ਜਗ੍ਹਾ ਵੇਖ ਕੇ ਵਾਪਸ ਘਰ ਆ ਗਿਆ।

ਜਦੋਂ ਦਿਨ ਚੜ੍ਹਿਆ ਤਾਂ ਸਾਰੇ ਪਿੰਡ ਵਿੱਚ ਸ਼ਾਹੂਕਾਰ ਦੇ ਘਰ ਚੋਰੀ ਹੋਣ ਦਾ ਰੌਲਾ ਪੈ ਗਿਆ। ਸਾਰੇ ਪਿੰਡ ਵਾਸੀ ਉਸ ਦੇ ਘਰ ਆ ਗਏ। ਸ਼ਾਹੂਕਾਰ ਦੇ ਘਰ ਕਾਫ਼ੀ ਇਕੱਠ ਹੋ ਗਿਆ ਸੀ। ਘਰ ਵਿੱਚ ਚੋਰੀ ਦੀਆਂ ਗੱਲਾਂ ਹੋ ਰਹੀਆਂ ਸਨ, ਪਰ ਇਸ ਰੌਲੇ ਵਿੱਚ ਸ਼ੇਰੂ ਸ਼ਾਹੂਕਾਰ ਨੂੰ ਕੁਝ ਕਹਿਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਸ਼ਾਹੂਕਾਰ ਦਾ ਪੱਲਾ ਫੜ ਕੇ ਆਪਣੇ ਨਾਲ ਤੁਰਨ ਦਾ ਇਸ਼ਾਰਾ ਕਰ ਰਿਹਾ ਸੀ। ਸ਼ੇਰੂ ਦੀਆਂ ਹਰਕਤਾ ਦੇਖ ਕੇ ਇੱਕ ਸਿਆਣੇ ਬੰਦੇ ਨੇ ਕਿਹਾ, ''ਲੱਗਦਾ ਹੈ ਕਿ ਇਸ ਕੁੱਤੇ ਨੂੰ ਚੋਰੀ ਬਾਰੇ ਕੁਝ ਪਤਾ ਹੈ।'' ਸ਼ੇਰੂ ਨੇ ਸ਼ਾਹੂਕਾਰ ਦਾ ਪੱਲਾ ਫੜ ਕੇ ਨਾਲ ਤੁਰਨ ਦਾ ਇਸ਼ਾਰਾ ਕੀਤਾ। ਲੋਕ ਸ਼ੇਰੂ ਦੇ ਪਿੱਛੇ-ਪਿੱਛੇ ਤੁਰਨ ਲੱਗੇ। ਸ਼ੇਰੂ ਉਨ੍ਹਾਂ ਨੂੰ ਇੱਕ ਜੰਗਲ ਵਿੱਚ ਲੈ ਗਿਆ। ਉੱਥੇ ਜਾ ਕੇ ਸ਼ੇਰੂ ਨੇ ਉਸ ਥਾਂ ਨੂੰ ਆਪਣੀਆਂ ਨਹੁੰਦਰਾਂ ਨਾਲ ਪੁੱਟਣਾ ਸ਼ੁਰੂ ਕਰ ਦਿੱਤਾ ਜਿੱਥੇ ਚੋਰਾਂ ਨੇ ਚੋਰੀ ਕਰਕੇ ਮਾਲ ਦੱਬਿਆ ਹੋਇਆ ਸੀ। ਲੋਕਾਂ ਨੇ ਜਦੋਂ ਉਸ ਥਾਂ ਨੂੰ ਪੁੱਟ ਕੇ ਵੇਖਿਆ ਤਾਂ ਉਸ ਵਿੱਚੋਂ ਸ਼ਾਹੂਕਾਰ ਦਾ ਸਾਰਾ ਸਾਮਾਂ, ਨਕਦੀ ਅਤੇ ਗਹਿਣੇ ਨਿਕਲ ਆਏ। ਸਭ ਲੋਕ ਸ਼ੇਰੂ ਦੀ ਸਿਆਣਪ ਦੀ ਤਾਰੀਫ਼ ਕਰਨ ਲੱਗੇ। ਸ਼ਾਹੂਕਾਰ ਦਾ ਚੋਰੀ ਹੋਇਆ ਸਾਰਾ ਸਾਮਾਂ ਵਾਪਸ ਮਿਲ ਗਿਆ ਸੀ। ਸ਼ਾਹੂਕਾਰ ਸ਼ੇਰੂ ਦੀ ਸਿਆਣਪ ਤੋਂ ਬਹੁਤ ਖ਼ੁਸ਼ ਹੋਇਆ। ਅਗਲੇ ਦਿਨ ਸ਼ਾਹੂਕਾਰ ਨੇ ਸ਼ੇਰੂ ਦੇ ਗਲ ਵਿੱਚ ਇੱਕ ਚਿੱਠੀ ਲਿਖ ਕੇ ਉਸ ਨੂੰ ਵਾਪਸ ਆਜੜੀ ਕੋਲ ਭੇਜ ਦਿੱਤਾ। ਜਦੋਂ ਸ਼ੇਰੂ ਆਜੜੀ ਦੇ ਘਰ ਪੁੱਜਾ ਤਾਂ ਉਸ ਨੇ ਸਮਝਿਆ ਕਿ ਸ਼ੇਰੂ ਸ਼ਾਹੂਕਾਰ ਕੋਲੋਂ ਦੌੜ ਕੇ ਆਇਆ ਹੈ।

ਉਸ ਨੂੰ ਗੁੱਸਾ ਆ ਗਿਆ। ਆਜੜੀ ਨੇ ਸ਼ੇਰੂ ਨੂੰ ਆਪਣੀ ਕੁਹਾੜੀ ਨਾਲ ਵੱਢ ਦਿੱਤਾ। ਮਰੇ ਹੋਏ ਸ਼ੇਰੂ ਦੇ ਗਲ ਵਿੱਚ ਉਸ ਨੇ ਚਿੱਠੀ ਵੇਖੀ। ਜਦੋਂ ਆਜੜੀ ਨੇ ਉਹ ਚਿੱਠੀ ਖੋਲ੍ਹ ਕੇ ਪੜ੍ਹੀ ਤਾਂ ਉਸ ਚਿੱਠੀ ਵਿੱਚ ਲਿਖਿਆ ਹੋਇਆ ਸੀ: ''ਤੇਰਾ ਸ਼ੇਰੂ ਬਹੁਤ ਹੀ ਸਿਆਣਾ ਤੇ ਸਮਝਦਾਰ ਹੈ। ਤੇਰੇ ਸ਼ੇਰੂ ਨੇ ਮੇਰਾ ਘਰ ਬਰਬਾਦ ਹੋਣ ਤੋਂ ਬਚਾ ਲਿਆ ਹੈ। ਇਸ ਲਈ ਮੈਂ ਤੁਹਾਡਾ ਸਾਰਾ ਕਰਜ਼ਾ ਮੁਆਫ਼ ਕਰਦਾ ਹਾਂ। ਤੇਰਾ ਸ਼ੇਰੂ ਵੀ ਤੈਨੂੰ ਵਾਪਸ ਕਰਦਾ ਹਾਂ।'' ਇਹ ਪੜ੍ਹ ਕੇ ਆਜੜੀ ਧਾਹਾਂ ਮਾਰ ਕੇ ਰੋਣ ਲੱਗਿਆ। ਉਸ ਨੂੰ ਬਿਨਾਂ ਸੋਚੇ-ਸਮਝੇ ਸ਼ੇਰੂ ਨੂੰ ਮਾਰਨ 'ਤੇ ਬੜਾ ਪਛਤਾਵਾ ਹੋਇਆ, ਪਰ ਹੁਣ ਕੁਝ ਨਹੀਂ ਹੋ ਸਕਦਾ ਸੀ। -0-

# ਅਸੀਂ ਕੈਸੇ ਲੋਕ ਹਾਂ?

–ਵਰਿਆਮ ਸਿੰਘ ਸੰਧੂ

ਪੰਜਾਬ ਵਿੱਚ ਪੰਜਾਬੀ ਨੂੰ ਪਹਿਲੀ ਵਾਰ ਰਾਜ–ਭਾਸ਼ਾ ਬਨਾਉਣ ਵਾਲਾ ਨਾਇਕ–ਲਛਮਣ ਸਿੰਘ ਗਿੱਲ ਉਹਨੂੰ ਇਹ ਇਤਿਹਾਸਕ ਕਾਰਜ ਕਰਨ ਲਈ ਪ੍ਰੇਰਨਾ ਦੇਣ ਵਾਲੇ ਗਿਆਨੀ ਲਾਲ ਸਿੰਘ ਤੇ ਕਿਰਪਾਲ ਸਿੰਘ ਨਾਰੰਗ ਨੇ ਸਾਰਾ ਪ੍ਰਸੰਗ ਕੱਲ੍ਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਸਮਾਗਮ ਵਿੱਚ ਸਾਂਝਾ ਕੀਤਾ।

**ਪੜ੍ਹਨ ਤੋਂ ਬਾਅਦ ਮੇਰੀ ਗੱਲ ਵਿਚਾਰਨਾ–**

ਪੰਜਾਬੀ ਜ਼ਬਾਨ ਦੇ ਆਧਾਰ 'ਤੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਪੰਜਾਬੀ ਸੂਬਾ ਬਣਾਇਆ ਗਿਆ ਸੀ। ਪਰ ਪੰਜਾਬੀ ਨੂੰ ਇਹ ਰਵਾਇਤੀ ਅਕਾਲੀ ਤੇ ਕਾਂਗਰਸੀ ਸ਼ਾਇਦ ਕਦੀ ਰਾਜ ਭਾਸ਼ਾ ਦਾ ਦਰਜਾ ਵੀ ਨਾ ਦਿੰਦੇ ਜੇ ਲਛਮਣ ਸਿੰਘ ਗਿੱਲ ਇਹ ਉਦਮ ਨਾ ਕਰਦਾ।

ਲਛਮਣ ਸਿੰਘ ਗਿੱਲ ਪੰਜਾਬ ਦੇ 25 ਨਵੰਬਰ 1967 ਤੋਂ 23 ਅਗਸਤ 1968 ਤੱਕ ਮੁੱਖ ਮੰਤਰੀ ਰਹੇ। ਉਹਨਾਂ ਨੂੰ ਕਾਂਗਰਸ ਪਾਰਟੀ ਵੱਲੋ ਸਮਰਥਨ ਦੇਣ ਨਾਲ ਪੰਜਾਬ ਦੇ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਡਿੱਗ ਪਈ। ਲਛਮਣ ਸਿੰਘ ਨਵੀਂ ਬਣੀ ਘੱਟ–ਗਿਣਤੀ ਸਰਕਾਰ ਦੇ ਮੁੱਖ ਮੰਤਰੀ ਬਣੇ। ਉਹਨਾਂ ਨੇ ਹੀ ਪੰਜਾਬ ਦੇ ਦਫਤਰਾਂ ਵਿੱਚ ਪੰਜ ਦਿਨ ਦਾ ਹਫਤਾ ਲਾਗੂ ਕੀਤਾ ਸੀ।

ਆਓ ਪਹਿਲਾਂ ਜਸਟਿਸ ਗੁਰਨਾਮ ਸਿੰਘ ਵਾਲੀ ਸਰਕਾਰ ਬਣਨ ਦੀ ਗੱਲ ਕਰ ਲਈਏ। ਪੰਜਾਬੀ ਸੂਬਾ ਬਣਨ ਤੋਂ ਤਿੰਨ ਮਹੀਨੇ ਮਗਰੋਂ ਫ਼ਰਵਰੀ, 1967 ਵਿਚ, ਅਸੈਂਬਲੀ ਤੇ ਪਾਰਲੀਮੈਂਟ ਦੀਆਂ ਚੋਣਾਂ ਹੋਈਆਂ, ਜਿਨ੍ਹਾਂ ਵਿਚ ਕਾਂਗਰਸ ਦੇ 48, ਅਕਾਲੀ ਦਲ ਦੇ 26 , ਸੀ. ਪੀ. ਆਈ. ਦੇ 5, ਸੀ. ਪੀ. ਐਮ. ਦੇ 3, ਜਨਸੰਘ ਦੇ 9, ਪੀ. ਐਸ. ਪੀ ਦਾ 1, ਐਸ. ਐਸ. ਪੀ ਦੇ 3 ਤੇ 9 ਆਜ਼ਾਦ ਮੈਂਬਰ ਕਾਮਯਾਬ ਹੋਏ। 8 ਮਾਰਚ, 1967 ਨੂੰ ਪੰਜਾਬ ਵਿਚ ਅਕਾਲੀ ਦਲ ਦੀ ਅਗਵਾਈ ਹੇਠ ਸਾਂਝੇ ਮੋਰਚੇ ਦੀ ਵਜ਼ਾਰਤ ਕਾਇਮ ਹੋ ਗਈ। ਜਸਟਿਸ ਗੁਰਨਾਮ ਸਿੰਘ ਮੁੱਖ ਮੰਤਰੀ ਬਣਿਆਂ। ਉਹਦੀ ਵਜ਼ਾਰਤ ਵਿਚ ਲਛਮਣ ਸਿੰਘ ਗਿੱਲ, ਰਜਿੰਦਰ ਸਿੰਘ ਸਪੈਰੋ, ਡਾਕਟਰ ਬਲਦੇਵ ਪ੍ਰਕਾਸ਼, ਪਿਆਰਾ ਰਾਮ ਧੰਨੋਵਾਲੀ ਪਹਿਲੇ ਵਜ਼ੀਰ ਬਣੇ।

ਭਾਵੇਂ ਪੰਜਾਬ, ਪੰਜਾਬੀ ਬੋਲੀ ਦਾ ਸੂਬਾ ਬਣਿਆ ਸੀ ਪਰ ਅਜੇ ਵੀ ਪੰਜਾਬ ਵਿਚ ਪੰਜਾਬੀ ਲਾਗੂ ਨਹੀਂ ਸੀ। ਜਨਸੰਘ ਜਿਹੜੀ ਹੁਣ ਭਾਜਪਾ ਹੈ, ਇਹ ਪੰਜਾਬੀ ਲਾਗੂ ਕਰਨ ਦੇ ਖ਼ਿਲਾਫ਼ ਸੀ। ਪੰਜਾਬੀ ਸੂਬਾ ਕਿਉਂਕਿ ਬਣਿਆਂ ਹੀ ਪੰਜਾਬੀ ਭਾਸ਼ਾ ਦੇ ਨਾਂ 'ਤੇ ਸੀ, ਇਸ ਲਈ ਜਿਨ੍ਹਾਂ ਨੇ ਪੰਜਾਬੀ ਸੂਬਾ ਲੈਣ ਲਈ ਕੁਰਬਾਨੀਆਂ ਦਿੱਤੀਆਂ ਸਨ, ਉਹਨਾਂ ਨੂੰ ਇਸ ਗੱਲ ਦੀ ਤਕਲੀਫ਼ ਹੋਣੀ ਲਾਜ਼ਮੀ ਸੀ ਕਿ ਪੰਜਾਬ ਦਾ ਅੰਨ–ਪਾਣੀ ਖਾਣ ਵਾਲੇ ਤੇ ਪੰਜਾਬ ਦੀਆਂ ਹਵਾਵਾਂ ਵਿਚ ਸਾਹ ਲੈਣ ਵਾਲੇ ਜਨਸੰਘੀ ਹੁਣ ਪੰਜਾਬੀ ਨੂੰ ਬਣਦਾ ਸਥਾਨ ਦੇਣ ਲਈ ਤਿਆਰ ਨਹੀਂ ਸਨ।

ਅਕਾਲੀਆਂ ਦੀ ਸਰਕਾਰ ਵਿਚ ਜਨਸੰਘ ਵੱਡੀ ਧਿਰ ਸੀ। ਇਸ ਲਈ ਅਕਾਲੀ ਆਗੂ ਉਹਨਾਂ ਨੂੰ ਨਰਾਜ਼ ਕਰਨ ਦੀ ਹਿੰਮਤ ਨਹੀਂ ਸਨ ਰੱਖਦੇ , ਸੋ ਪੰਜਾਬੀ ਜ਼ਬਾਨ ਦੀ ਕਿਸ ਨੇ ਸੁਣਨੀ ਸੀ। ਪਰ ਜਿਨ੍ਹਾਂ ਨੇ ਪੰਜਾਬੀ ਸੂਬੇ ਦੀ ਕਾਇਮੀ ਲਈ ਲੜਾਈ ਲੜੀ ਸੀ ਉਹਨਾਂ ਨੂੰ ਇਹ ਗੱਲ ਬਰਦਾਸ਼ਤ ਨਹੀਂ ਸੀ ਹੋ ਰਹੀ। ਉਹਨਾਂ ਦਾ ਗੁੱਸਾ ਅਕਸਰ ਫੁੱਟਣਾ ਹੀ ਸੀ ਤੇ ਉਹ ਫੁੱਟ ਵੀ ਪਿਆ।

ਅਕਾਲੀਆਂ ਦੀ ਨਵੇਂ ਪੰਜਾਬ ਵਿਚ ਬਣੀ ਵਜ਼ਾਰਤ ਵਿਚ ਜਦੋਂ ਜਨਸੰਘੀਆਂ ਦੇ ਦਬਾਓ ਅਧੀਨ ਪੰਜਾਬੀ ਨੂੰ ਸਕੱਤਰੇਤ ਪੱਧਰ ਦੀ ਭਾਸ਼ਾ ਬਨਾਉਣ ਵਿਚ ਰੁਕਾਵਟ ਖੜੀ ਹੋਈ ਤਾਂ ਪੁਰਾਣੇ ਅਕਾਲੀ ਆਗੂਆਂ ਵਿਚੋਂ ਦੋ ਅਕਾਲੀ ਆਗੂਆਂ ਹਰਚਰਨ ਸਿੰਘ ਹੁਡਿਆਰਾ ਅਤੇ ਹਜ਼ਾਰਾ ਸਿੰਘ ਗਿੱਲ ਨੇ 23 ਮਈ, 1967 ਨੂੰ ਪੰਜਾਬੀ ਨੂੰ ਸਕੱਤਰੇਤ ਪੱਧਰ ਤਕ ਲਾਗੂ ਕਰਨ ਅਤੇ ਸਿਖਿਆ ਦਾ ਮਾਧਿਅਮ ਬਣਾਉਣ ਦੇ ਸਵਾਲ 'ਤੇ ਅਕਾਲੀ ਦਲ ਛੱਡਣ ਦੀ ਧਮਕੀ ਦਿਤੀ। ਹਰਚਰਨ ਸਿੰਘ ਹੁਡਿਆਰਾ ਪੁਰਾਣਾ ਅਕਾਲੀ ਲੀਡਰ ਸੀ, ਜਿਸ ਨੇ ਪੰਜਾਬੀ ਸੂਬਾ ਬਣਨ ਤੱਕ ਆਪਣੇ ਗਲ ਕੁੜਤਾ ਨਾ ਪਹਿਨਣ ਦੀ ਕਸਮ ਪਾਈ ਹੋਈ ਸੀ। ਉਹ ਪੰਜਾਬੀ ਸੂਬਾ ਨਾ ਬਣਾਏ ਜਾਣ ਦੇ ਰੋਸ ਵਜੋਂ ਆਪਣੇ ਪਿੰਡੇ 'ਤੇ ਕਾਲੀ ਲੋਈ ਦੀ ਬੁੱਕਲ ਮਾਰ ਕੇ ਰੱਖਦਾ ਸੀ। ਹੁਣ ਅਜਿਹੇ ਲੋਕਾਂ ਦੇ ਇਸ ਐਕਸ਼ਨ ਨਾਲ ਕੁਝ ਹੋਰ ਆਗੂਆਂ ਦੀ ਜ਼ਮੀਰ ਦਾ ਟੁੰਬੇ ਜਾਣਾ ਸੁਭਾਵਕ ਸੀ।

13 ਅਗਸਤ, 1967 ਨੂੰ ਵਜ਼ੀਰ ਹੋਣ ਨਾਤੇ ਲਛਮਣ ਸਿੰਘ ਗਿੱਲ ਨੇ ਐਲਾਨ ਕੀਤਾ ਕਿ ਅਗਲੇ ਸੈਸ਼ਨ ਵਿਚ ਪੰਜਾਬੀ ਨੂੰ ਦਫ਼ਤਰੀ ਬੋਲੀ ਬਣਾਉਣ ਸਬੰਧੀ ਬਿਲ ਪੇਸ਼ ਹੋਵੇਗਾ। 4 ਨਵੰਬਰ, 1967 ਨੂੰ ਲਛਮਣ ਸਿੰਘ ਨੇ ਫਿਰ ਐਲਾਨ ਕੀਤਾ ਕਿ ਪਹਿਲੀ ਜਨਵਰੀ, 1968 ਤਕ ਪੰਜਾਬੀ ਪੂਰੀ ਤਰ੍ਹਾਂ ਸਰਕਾਰੀ ਪੱਧਰ 'ਤੇ ਲਾਗੂ ਕਰ ਦਿਤੀ ਜਾਵੇਗੀ।

ਪਰ ਇਹ ਗੱਲ ਜਨਸੰਘੀਆਂ ਨੂੰ ਹਜ਼ਮ ਹੋਣ ਵਾਲੀ ਨਹੀਂ ਸੀ। ਇਸ ਨਾਲ ਗੱਠਜੋੜ ਨਾਲ ਬਣੀ ਇਸ ਸਰਕਾਰ ਵਿੱਚ ਤਰੇੜਾਂ ਪੈਣ ਲੱਗੀਆਂ। ਇਸੇ ਤਰ੍ਹਾਂ ਅਕਾਲੀ ਦਲ ਦੇ ਪ੍ਰਧਾਨ ਸੰਤ ਫ਼ਤਿਹ ਸਿੰਘ ਨੇ ਵੀ ਵਜ਼ਾਰਤ ਦੀ ਭਾਈਵਾਲ ਸੀ.ਪੀ.ਆਈ. ਦੀ ਆਗੂ ਬਿਮਲਾ ਡਾਂਗ ਵਿਰੁੱਧ ਇੱਕ ਬਿਆਨ ਦਿਤਾ ਅਤੇ ਅਕਾਲੀਆਂ ਤੇ ਕਮਿਊਨਿਸਟਾਂ ਵਿਚ ਵੀ ਖੜਕ ਪਈ। ਤੀਜੇ ਪਾਸੇ ਲਛਮਣ ਸਿੰਘ ਗਿੱਲ ਕਾਰਨ ਹੀ ਫ਼ਤਿਹ ਸਿੰਘ ਦਾ ਅਕਾਲੀ ਦਲ ਬਣਿਆ ਸੀ, ਕਿਉਂਕਿ ਇਸ ਤੋਂ ਪਹਿਲਾਂ ਅਕਾਲੀ ਦਲ ਉੱਤੇ ਮਾਸਟਰ ਤਾਰਾ ਸਿੰਘ ਦਾ ਕਬਜ਼ਾ ਸੀ। ਪਰ ਹੁਣ ਸੰਤ ਫ਼ਤਹਿ ਸਿੰਘ ਵਾਲੇ ਅਕਾਲੀ ਦਲ ਦਾ ਬਣਾਇਆ ਮੁੱਖ ਮੰਤਰੀ ਗੁਰਨਾਮ ਸਿੰਘ, ਲਛਮਣ ਸਿੰਘ ਗਿੱਲ ਦੀਆਂ ਗੱਲਾਂ ਮੰਨਣ ਲਈ ਤਿਆਰ ਨਹੀਂ ਸੀ ਹੁੰਦਾ। ਜਦੋਂ ਲਛਮਣ ਸਿੰਘ ਗਿੱਲ ਨੂੰ ਪਤਾ ਲੱਗਾ ਕਿ ਉਹਦੀ ਗੱਲ ਸੰਤ ਅਕਾਲੀ ਦਲ ਦਾ ਮੁੱਖ-ਮੰਤਰੀ ਗੁਰਨਾਮ ਸਿੰਘ ਮੰਨਣ ਲਈ ਤਿਆਰ ਨਹੀਂ ਤਾਂ ਉਹਦੇ ਮਨ ਵਿੱਚ ਰੋਸ ਪੈਦਾ ਹੋਣਾ ਵੀ ਲਾਜ਼ਮੀ ਸੀ। ਓਧਰ ਕਾਂਗਰਸ ਪਾਰਟੀ ਇਸ ਗੱਠਜੋੜ ਸਰਕਾਰ ਨੂੰ ਤੋੜਨ ਲਈ ਉਤਾਵਲੀ ਸੀ। ਉਹਨਾਂ ਨੇ ਲਛਮਣ ਸਿੰਘ ਗਿੱਲ ਦੀ ਨਰਾਜ਼ਗੀ ਤੇ ਰੋਸ ਨੂੰ ਤਾੜ ਲਿਆ ਸੀ।

ਕਾਂਗਰਸ ਨੇ ਲਛਮਣ ਸਿੰਘ ਗਿੱਲ ਦੀ ਮਦਦ ਕਰਨ ਦਾ ਉਹਨੂੰ ਭਰੋਸਾ ਦੇ ਦਿੱਤਾ ਤਾਂ ਅਖ਼ੀਰ ਲਛਮਣ ਸਿੰਘ ਗਿੱਲ ਨੇ ਅਕਾਲੀਆਂ ਦੇ 26 ਵਿਚੋਂ 16 ਅਕਾਲੀ ਮੈਂਬਰਾਂ ਨੂੰ ਨਾਲ ਲੈ ਕੇ 'ਜਨਤਾ ਪਾਰਟੀ' ਬਣਾ ਲਈ ਅਤੇ ਅਕਾਲੀ ਦਲ ਸੰਤ ਦੇ ਪ੍ਰਧਾਨ ਸੰਤ ਫ਼ਤਿਹ ਸਿੰਘ ਤੋਂ ਬਾਗ਼ੀ ਹੋ ਗਿਆ। ਇਸ ਨਾਲ ਸਾਂਝੇ ਮੋਰਚੇ ਦੀ ਸਰਕਾਰ ਘੱਟ ਗਿਣਤੀ ਵਿਚ ਹੋ ਗਈ। 22 ਨਵੰਬਰ ਨੂੰ ਸਾਂਝੇ ਮੋਰਚੇ ਦੀ ਸਰਕਾਰ ਨੇ ਅਸਤੀਫ਼ਾ ਦੇ

ਦਿੱਤਾ। ਉਧਰ ਕਾਂਗਰਸ ਨੇ ਲਛਮਣ ਸਿੰਘ ਦੀ ਹਮਾਇਤ ਕਰਨ ਦਾ ਐਲਾਨ ਕਰ ਦਿਤਾ। ਲਛਮਣ ਸਿੰਘ, ਵਜ਼ਾਰਤ ਬਣਾਉਣ ਵਿੱਚ ਕਾਮਯਾਬ ਹੋ ਗਿਆ। ਲਛਮਣ ਸਿੰਘ ਗਿੱਲ ਨੇ 25 ਨਵੰਬਰ, 1967 ਦੇ ਦਿਨ ਮੁੱਖ ਮੰਤਰੀ ਦਾ ਹਲਫ਼ ਲੈ ਲਿਆ।

ਲਛਮਣ ਸਿੰਘ ਗਿੱਲ ਨੇ ਆਪਣੇ ਲਗਭਗ ਨੌਂ ਮਹੀਨੇ ਦੇ ਕਾਰਜਕਾਲ ਵਿੱਚ ਕੁਝ ਅਜਿਹੇ ਕੰਮ ਕੀਤੇ, ਜੋ ਉਹਦਾ ਨਾਂ ਇਤਿਹਾਸ ਵਿਚ ਅਮਰ ਕਰ ਗਏ। ਸਭ ਤੋਂ ਪਹਿਲਾ ਤੇ ਵੱਡਾ ਕੰਮ ਜੋ ਉਸਨੇ ਕੀਤਾ , ਉਹ ਸੀ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਬਨਾਉਣ ਦਾ। ਸੋ ਪੰਜਾਬੀ ਨੂੰ ਰਾਜ ਭਾਸ਼ਾ ਬਣਾਉਣ ਦਾ ਸਿਹਰਾ ਸ. ਲਛਮਣ ਸਿੰਘ ਗਿੱਲ ਨੂੰ ਜਾਂਦਾ ਹੈ ਜਿਨ੍ਹਾਂ ਕਾਂਗਰਸ ਦੀ ਸਹਾਇਤਾ ਨਾਲ ਇਹ ਬਿੱਲ ਪਾਸ ਕਰਵਾਇਆ।

ਉਸਨੇ ਇਹ ਐਲਾਨ ਕਰ ਦਿੱਤਾ ਕਿ ਹੁਣ ਸਕੱਤਰੇਤ ਦਾ ਸਾਰਾ ਕੰਮ ਪੰਜਾਬੀ ਵਿਚ ਹੋਵੇਗਾ। ਹਰੇਕ ਅਫ਼ਸਰ ਆਪਣੀ ਨੋਟਿੰਗ ਪੰਜਾਬੀ ਵਿਚ ਲਿਖੇਗਾ। ਜਿਹੜਾ ਅਜਿਹਾ ਨਹੀਂ ਕਰੇਗਾ, ਉਹਦੀ ਜਵਾਬਤਲਬੀ ਕੀਤੀ ਜਾਵੇਗੀ। ਓਸੇ ਵੇਲੇ ਆਈ ਏ ਐਸ ਅਫ਼ਸਰਾਂ ਨੇ ਬਾਲ-ਉਪਦੇਸ਼ ਲੈ ਕੇ ਪੰਜਾਬੀ ਸਿੱਖਣੀ ਸ਼ੁਰੂ ਕਰ ਦਿੱਤੀ। ਅੰਗਰੇਜ਼ੀ ਦੀਆਂ ਟਾਈਪ ਮਸ਼ੀਨਾਂ ਦੀ ਥਾਂ 'ਤੇ ਦਫ਼ਤਰਾਂ ਵਿਚ ਪੰਜਾਬੀ ਦੀਆਂ ਟਾਈਪ ਮਸ਼ੀਨਾਂ ਆ ਗਈਆਂ। ਇਹ ਸਾਰਾ ਕੁਝ ਤਾਂ ਹੀ ਸੰਭਵ ਹੋਇਆ ਕਿਉਂਕਿ ਇਸ ਪਿੱਛੇ ਗਿੱਲ ਸਾਹਿਬ ਦੀ ਦ੍ਰਿੜ੍ਹਤਾ ਤੇ ਪ੍ਰਤੀਬੱਧਤਾ ਸੀ। ਉਹਦਾ ਰਸਮੀ ਬਿਆਨ ਬਾਜ਼ੀ ਵਿਚ ਵਿਸ਼ਵਾਸ ਨਹੀਂ ਸੀ। ਸਗੋਂ ਜੋ ਕਿਹਾ ਹੈ, ਉਹਨੂੰ ਪੂਰਾ ਕਰ ਕੇ ਵਿਖਾਉਣ ਦਾ ਦ੍ਰਿੜ੍ਹ ਇਰਾਦਾ ਸੀ। ਇਹ ਦ੍ਰਿੜ੍ਹਤਾ ਤੇ ਪ੍ਰਤੀਬੱਧਤਾ ਜੇ ਬਾਅਦ ਦੇ ਅਕਾਲੀ ਤੇ ਕਾਂਗਰਸੀ ਆਗੂਆਂ ਵਿਚ ਹੁੰਦੀ ਤਾਂ ਅੱਜ ਪੰਜਾਬੀ ਜ਼ਬਾਨ ਦੀ ਰਾਜ ਭਾਸ਼ਾ ਹੋਣ ਦੇ ਬਾਵਜੂਦ ਅਜਿਹੀ ਹਾਲਤ ਨਾ ਹੁੰਦੀ।

ਲਛਮਣ ਸਿੰਘ ਗਿੱਲ ਦੀ ਪੰਜਾਬੀ ਨੂੰ ਪੰਜਾਬ ਦੀ ਰਾਜ ਭਾਸ਼ਾ ਬਨਾਉਣ ਤੋਂ ਇਲਾਵਾ ਵੀ ਬੜੀ ਇਤਿਹਾਸਕ ਦੇਣ ਹੈ,

ਉਹਨਾਂ ਨੇ ਜੋ ਹੋਰ ਇਤਿਹਾਸਕ ਕਾਰਜ ਕੀਤੇ ਉਹਨਾਂ ਵਿਚੋਂ ਇਕ ਇਹ ਸੀ ਕਿ ਸੰਨ 1967 ਵਿੱਚ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਕੋਠਾਰੀ ਕਮਿਸ਼ਨ ਦੇ ਗਰੇਡ ਮਿਲ ਗਏ, ਇਸ ਨਾਲ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀਆਂ ਤਨਖ਼ਾਹਾਂ ਲਗਭਗ ਦੂਣੀਆਂ ਹੋ ਗਈਆਂ ਸਨ। ਇਸਦੇ ਨਾਲ ਹੀ ਨਿੱਜੀ ਸਕੂਲਾਂ ਦੇ ਅਧਿਆਪਕਾਂ ਨੂੰ ਵੀ ਗਰੇਡ ਮਿਲ ਗਏ। ਇੰਜ ਹੀ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਕੇਂਦਰੀ ਪੈਟਰਨ 'ਤੇ ਮਹਿੰਗਾਈ ਭੱਤਾ ਦੇਣ ਦਾ ਸਿਹਰਾ ਵੀ ਸ. ਲਛਮਣ ਸਿੰਘ ਗਿੱਲ ਦੀ ਸਰਕਾਰ ਨੂੰ ਜਾਂਦਾ ਹੈ। ਇਕ ਹੋਰ ਇਤਿਹਾਸਕ ਕਾਰਜ ਜੋ ਉਹਨੇ ਕੀਤਾ, ਉਹ ਸੀ ਪਿੰਡਾਂ ਨੂੰ ਲਿੰਕ ਸੜਕਾਂ ਬਨਾਉਣ ਦਾ। ਅੱਜ ਜੇ ਹਰੇਕ ਪਿੰਡ ਲਿੰਕ ਸੜਕਾਂ ਨਾਲ ਜੁੜਿਆ ਹੈ ਤਾਂ ਇਹ ਪਹਿਲ ਕਦਮੀ ਕਰਨ ਦਾ ਮਾਣ ਵੀ ਗਿੱਲ ਸਾਹਿਬ ਨੂੰ ਜਾਂਦਾ ਹੈ।

ਗਿੱਲ ਸਾਹਿਬ ਨੇ ਕਿਹਾ ਕਿ ਜਿਹੜਾ ਪਿੰਡ ਮਿੱਟੀ ਪਾਵੇਗਾ, ਸਰਕਾਰ ਉਸ ਪਿੰਡ ਦੀ ਪੱਕੀ ਸੜਕ ਬਣਾਏਗੀ। ਇਸ ਤਰ੍ਹਾਂ ਜਿੱਥੇ ਆਧੁਨਿਕ ਟ੍ਰੈਫ਼ਿਕ ਲਾਈਟਾਂ ਦੀ ਸ਼ੁਰੂਆਤ ਇਸ ਸਰਕਾਰ ਨੇ ਕੀਤੀ, ਉੱਥੇ ਪਿੰਡਾਂ ਵਿੱਚ ਲਿੰਕ ਸੜਕਾਂ ਦਾ ਜੋ ਜਾਲ ਅੱਜ ਸਾਰੇ ਪੰਜਾਬ ਵਿੱਚ ਵਿਛਿਆ ਹੈ, ਵੀ ਲਛਮਣ ਸਿੰਘ ਗਿੱਲ ਦੀ ਦੂਰਅੰਦੇਸ਼ੀ ਦਾ ਸਿੱਟਾ ਸੀ।

ਹੁਣ ਥੋੜ੍ਹਾ ਜਿਹਾ ਵੇਰਵਾ ਤੁਹਾਡੇ ਨਾਲ ਉਹ ਸਾਂਝਾ ਕਰਦੇ ਹਾਂ ਕਿ ਪੰਜਾਬੀ ਨੂੰ ਰਾਜ ਭਾਸ਼ਾ ਬਨਾਉਣ ਦੀ ਸ਼ੁਰੂਆਤ ਕਿਵੇਂ ਹੋਈ। ਇਹ ਵੇਰਵਾ ਪੰਜਾਬੀ ਦੇ ਪ੍ਰਬੁੱਧ ਵਿਦਵਾਨ ਤੇ ਕਿਸੇ ਸਮੇਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਰਹੇ ਗਿਆਨੀ ਲਾਲ ਸਿੰਘ ਨੇ ਆਪਣੀ ਸਵੈਜੀਵਨੀ ਵਿਚ ਦਿੱਤਾ ਹੈ। ਪੰਜਾਬੀ ਦੀ ਸਰਬੁਲੰਦੀ ਦਾ ਸਿਹਰਾ ਸ: ਲਛਮਣ ਸਿੰਘ ਮੁੱਖ-ਮੰਤਰੀ ਦੇ ਸਿਰ ਬੱਝਦਾ ਹੈ। ਇਹ ਸਬੱਬ ਦੀ ਗੱਲ ਸੀ ਕਿ ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਸ: ਕਿਰਪਾਲ ਸਿੰਘ ਨਾਰੰਗ ਨੂੰ ਜਦੋਂ ਇਹ ਪਤਾ ਲੱਗਾ ਕਿ ਸ: ਲਛਮਣ ਸਿੰਘ ਗਿਆਨੀ ਲਾਲ ਸਿੰਘ ਦਾ ਹਮਜਮਾਤੀ ਹੈ ਤਾਂ ਉਹ ਲਾਲ ਸਿੰਘ ਨੂੰ ਨਾਲ ਲੈ ਕੇ ਨਵੀਂ ਬਣੀ ਵਜ਼ਾਰਤ ਦੇ ਸਿਰਕੱਢ ਵਿਅਕਤੀਆਂ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੇ ਭਾਸ਼ਾ ਵਿਭਾਗ ਪਟਿਆਲਾ ਆਪਣੇ ਪਾਸ ਰੱਖਣ ਦੀ ਪ੍ਰੇਰਨਾ ਦੇਣ ਲਈ ਤੁਰ ਪਏ। ਸੂਹ ਮਿਲਣ ਉਪਰੰਤ ਦੋਵੇਂ ਜਣੇ ਸਰਦਾਰ ਲਛਮਣ ਸਿੰਘ ਗਿੱਲ ਨੂੰ ਖੰਨੇਵਾਲੇ ਸਰਦਾਰ ਦੇ ਘਰ ਮਿਲ ਪਏ। ਲਾਲ ਸਿੰਘ ਨੂੰ ਦੇਖ ਕੇ ਸਰਦਾਰ ਗਿੱਲ ਨਿਹਾਲੋ ਨਿਹਾਲ ਹੋ ਗਿਆ। ਘੁੱਟ ਕੇ ਜੱਫੀ ਪਾਈ ਤੇ ਕਿਹਾ ਮੈਨੂੰ ਤੇਰੀ ਭਾਰੀ ਉਡੀਕ ਸੀ। ਰੱਬ ਨੇ ਸੁਣ ਲਈ। ਮੈਂ ਕੱਲ੍ਹ ਨੂੰ ਮਹਿਕਮੇ ਲੈਣ ਲਈ ਤੇਰੀ ਸਲਾਹ ਲੈਣੀ ਚਾਹੁੰਦਾ ਸਾਂ। ਜੋ ਮੰਗਿਆ ਸੋ ਪਾਇਆ। ਹੁਣ ਤੂੰ ਮੈਨੂੰ ਸਲਾਹ ਦੇਹ ਕਿ ਮੈਂ ਕਿਹੜੇ ਮਹਿਕਮੇ ਲਵਾਂ?

ਇਹ ਉਸ ਵੇਲੇ ਦੀ ਗੱਲ ਹੈ ਜਦੋਂ ਅਜੇ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਹੀ ਸੀ ਤੇ ਲਛਮਣ ਸਿੰਘ ਗਿੱਲ ਉਹਦੀ ਵਜ਼ਾਰਤ ਵਿਚ ਵਜ਼ੀਰ ਹੀ ਸੀ।

ਜਦੋਂ ਲਛਮਣ ਸਿੰਘ ਗਿੱਲ ਨੇ ਸਾਰੀ ਗੱਲ ਆਖ ਲਈ ਤਾਂ ਲਾਲ ਸਿੰਘ ਨੇ ਧੀਰਜ ਨਾਲ ਕਿਹਾ ਕਿ ਸਾਰੇ ਪੰਜਾਬ ਵਿੱਚ ਵਿਗੜੀ ਸਵਾਰਨ ਲਈ ਦੋ ਹੋਰ ਮਹਿਕਮੇ ਸ਼ਾਮਲ ਹੋਣੇ ਚਾਹੀਦੇ ਹਨ। ਇੱਕ ਸਿੱਖਿਆ ਵਿਭਾਗ ਅਤੇ ਦੂਜਾ ਭਾਸ਼ਾ ਵਿਭਾਗ। ਪੰਜਾਬੀ ਸੂਬਾ ਬਣਾਉਣ ਦਾ ਮਨੋਰਥ ਇਹੋ ਮਿੱਥਿਆ ਗਿਆ ਸੀ ਕਿ ਸਿੱਖਿਆ ਖੇਤਰਾਂ, ਸਰਕਾਰੀ ਦਫ਼ਤਰਾਂ ਅਤੇ ਕਚਹਿਰੀਆਂ ਦਾ ਮਾਧਿਅਮ ਪੰਜਾਬੀ ਬਣੇ। ਇਹ ਸੂਬਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਉਭਾਰਨ ਲਈ ਬਣਿਆ ਹੈ। ਅਸਲ ਮਨੋਰਥ ਤਾਂ ਹੀ ਪੂਰਾ ਹੋਵੇਗਾ ਜੇਕਰ ਕੋਈ ਜਿੰਦ-ਜਾਨ ਵਾਲਾ ਤੇ ਅਣਖੀਲਾ ਪੰਜਾਬੀ ਪੰਜਾਬੀਅਤ ਦਾ ਝੰਡਾ ਲਹਿਰਾਉਣ ਦਾ ਸਿਦਕ ਨਾਲ ਪ੍ਰਣਧਾਰੀ ਹੋਵੇ। ਤੁਸੀਂ ਪੰਜਾਬ ਵੀ ਗਾਹਿਆ ਹੈ ਤੇ ਦੇਸ ਵੀ ਗਾਹਿਆ ਹੈ। ਇਸ ਲਈ ਇਸ ਦਾ ਨਿਸ਼ਾਨ ਵੀ ਤੁਹਾਡੇ ਹੱਥੋਂ ਝੁੱਲਣਾ ਚਾਹੀਦਾ ਹੈ।

ਗਿਆਨੀ ਲਾਲ ਸਿੰਘ ਦਾ ਮੰਨਣਾ ਹੈ ਕਿ ਉਹਦੀ ਗੱਲ ਸਰਦਾਰ ਲਛਮਣ ਸਿੰਘ ਜੀ ਦੇ ਜ਼ਿਹਨ ਵਿੱਚ ਬੈਠ ਗਈ। ਉਸ ਨੇ ਉੱਠ ਕੇ ਲਾਲ ਸਿੰਘ ਨੂੰ ਗਲਵਕੜੀ ਪਾ ਲਈ ਤੇ ਕਿਹਾ, "ਤੂੰ ਕਿਹਾ- ਮੈਂ ਮੰਨਿਆ। ਇਸ ਮਨੋਰਥ ਦੀ ਪੂਰਤੀ ਲਈ ਪੱਬਾਂ ਭਾਰ ਹੋ ਕੇ ਜੂਝਾਂਗਾ ਤੇ ਇੱਕ ਅਲੌਕਿਕ ਵਡਿਆਈ ਦੀ ਦਾਤ ਗੁਰੂ ਪ੍ਰਮੇਸ਼ਰ ਤੋਂ ਮੰਗਾਂਗਾ। ਕੱਲ੍ਹ ਨੂੰ ਮਹਿਕਮਿਆਂ ਦੀ ਵੰਡ ਹੋ ਜਾਣੀ ਹੈ। ਸ਼ਾਮ ਦੇ ਪੰਜ ਵਜੇ ਤੇਰੇ ਘਰ ਪਟਿਆਲੇ ਵਿਖੇ ਟੈਲੀਫ਼ੋਨ ਕਰਾਂਗਾ। ਤਿਆਰ ਰਹਿਣਾ, ਕਿਉਂਕਿ ਪਰਸੋਂ ਤੋਂ ਆਪਾਂ ਕਾਰਜ ਦਾ ਵਿਧੀ ਵਿਧਾਨ ਬਨਾਵਾਂਗੇ।"

ਉਹਨਾਂ ਵਾਈਸ-ਚਾਂਸਲਰ ਸਰਦਾਰ ਨਾਰੰਗ ਨੂੰ ਕਿਹਾ, "ਰਲ ਮਿਲ ਕੇ ਵਿਉਂਤ ਬਣਾਓ, ਉਸ ਨੂੰ ਸਿਰੇ ਚਾੜ੍ਹਨ ਲਈ ਚਮਤਕਾਰੀ ਖੇਡ ਖੇਡਾਂਗੇ।"

ਉਹ ਦੋਵੇਂ ਗਿੱਲ ਸਾਹਿਬ ਨਾਲ ਗੱਲਬਾਤ ਕਰਕੇ ਪੂਰਨ ਤਸੱਲੀ ਨਾਲ ਵਾਪਿਸ ਪਟਿਆਲੇ ਆਏ। ਅਗਲੇ ਦਿਨ ਚਾਰ ਤੇ ਪੰਜ ਵਜੇ ਦੇ

ਦਰਮਿਆਨ ਲਾਲ ਸਿੰਘ ਨੂੰ ਟੈਲੀਫ਼ੋਨ ਆ ਗਿਆ। "ਮੁਰਾਦ ਪੂਰੀ ਹੋ ਗਈ ਹੈ। ਸਿੱਖਿਆ ਤੇ ਭਾਸ਼ਾ ਦੇ ਮਹਿਕਮੇ ਮੈਂ ਲੜ ਕੇ ਸੰਭਾਲ ਲਏ ਹਨ। ਕੱਲ੍ਹ ਸ਼ਾਮ ਨੂੰ ਸਕੀਮ ਬਣਾ ਕੇ ਪੰਜ ਵਜੇ ਮੇਰੀ ਕੋਠੀ ਵਿੱਚ ਪਹੁੰਚ ਜਾਓ ਤਾਂ ਜੋ ਇਹ ਅਲੌਕਿਕ ਕਾਰਜ ਸਿਰੇ ਚੜ੍ਹ ਸਕੇ।

ਲਛਮਣ ਸਿੰਘ ਗਿੱਲ ਸਿੱਖਿਆ ਮੰਤਰੀ ਬਣ ਗਿਆ ਤੇ ਆਪਣੀ ਯੋਜਨਾਂ ਨੂੰ ਲਾਗੂ ਕਰਨ ਲਈ ਉਹਨੇ ਜਨਸੰਘੀ ਵਿੱਤ ਮੰਤਰੀ ਡਾ ਬਲਦੇਵ ਪਰਕਾਸ਼ ਨੂੰ ਮਨਾਉਣ ਦੇ ਕਈ ਯਤਨ ਕੀਤੇ। ਮਿੱਠ ਬੋਲੜਾ ਵਿੱਤ ਮੰਤਰੀ ਗੱਲ ਨੂੰ ਲਮਕਾਉਂਦਾ ਰਿਹਾ। ਸਰਦਾਰ ਲਛਮਣ ਸਿੰਘ ਨੂੰ ਦਿੱਲੀ ਦੀ ਠੇਕੇਦਾਰੀ ਦੇ ਪੇਸ਼ੇ ਨੇ ਦਾਅ- ਪੇਚ ਦਾ ਮਾਹਿਰ ਬਣਾ ਦਿੱਤਾ ਸੀ। ਕਾਂਗਰਸ ਮੈਂਬਰ ਸਰਦਾਰ ਗੁਰਨਾਮ ਸਿੰਘ ਦੀ ਵਜ਼ਾਰਤ ਨੂੰ ਪਸੰਦ ਨਹੀਂ ਕਰਦੇ ਸਨ। ਸਰਦਾਰ ਗਿੱਲ ਨੇ ਅਜਿਹਾ ਦਾਅ-ਪੇਚ ਮਾਰਿਆ ਕਿ ਸਰਦਾਰ ਗੁਰਨਾਮ ਸਿੰਘ ਦੀ ਵਜ਼ਾਰਤ ਟੁੱਟ ਗਈ ਅਤੇ ਕਾਂਗਰਸ ਦੀ ਮਦਦ ਨਾਲ ਸਰਦਾਰ ਲਛਮਣ ਸਿੰਘ ਨੇ ਅਖੌਤੀ ਜਨਤਾ ਪਾਰਟੀ ਕਾਇਮ ਕਰ ਲਈ। ਉਹਨਾਂ ਪਹਿਲਾ ਕੰਮ ਇਹ ਕੀਤਾ ਕਿ ਪੰਜਾਬ ਭਾਸ਼ਾ ਐਕਟ 1967 ਈ: ਬਾਰੇ ਪੰਜਾਬ ਅਸੈਂਬਲੀ ਵਿੱਚ ਸਰਬ-ਸੰਮਤੀ ਨਾਲ ਮਤਾ ਪਾਸ ਕਰਵਾ ਲਿਆ। 1967 ਈ: ਸਮੇਂ ਪੰਜਾਬੀ ਸੂਬੇ ਦੀ ਆਬਾਦੀ ਸਵਾ ਕਰੋੜ ਸੀ। ਪੰਜਾਬ ਅਸੈਂਬਲੀ ਅਤੇ ਪੰਜਾਬ ਕੌਂਸਲ ਦੇ ਮੈਂਬਰਾਂ ਦੀ ਗਿਣਤੀ 144 ਸੀ। ਸਰਦਾਰ ਲਛਮਣ ਸਿੰਘ ਨੇ ਕਮਾਲ ਦੀ ਫ਼ੁਰਤੀ ਵਿਖਾਈ ਕਿ 29 ਦਸੰਬਰ 1967 ਈ: ਨੂੰ ਭਾਸ਼ਾ ਐਕਟ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਕਾਂਗਰਸੀ ਮੈਂਬਰ ਦਿੱਲੀ ਸਰਕਾਰ ਦੇ ਮਸ਼ਵਰੇ ਮੁਤਾਬਿਕ ਇੱਕਸੁਰ ਹੋ ਕੇ ਸ:ਲਛਮਣ ਸਿੰਘ ਨਾਲ ਖੜੋਤੇ ਰਹੇ। ਜਨ-ਸੰਘੀ ਮੈਂਬਰ ਸਰਦਾਰ ਗੁਰਨਾਮ ਸਿੰਘ ਸਾਬਕਾ ਮੁੱਖ-ਮੰਤਰੀ ਦੇ ਮਸ਼ਵਰੇ ਮੁਤਾਬਿਕ ਭਾਸ਼ਾ ਐਕਟ ਦੇ ਹਮਾਇਤੀ ਬਣੇ ਰਹੇ। ਇਉਂ ਸਰਦਾਰ ਲਛਮਣ ਸਿੰਘ ਦੀ ਸੂਝ ਬੂਝ ਨੇ ਸਭ ਪੈਂਤੜੇ ਉਖੇੜ ਦਿੱਤੇ। 29 ਦਸੰਬਰ 1967 ਨੂੰ ਪੰਜਾਬ ਭਾਸ਼ਾ ਐਕਟ ਸਰਬਸੰਮਤੀ ਨਾਲ ਪਾਸ ਹੋਇਆ। ਜਸ਼ਨ ਮਨਾਉਣੇ ਆਰੰਭ ਹੋਏ।

ਪਹਿਲੀ ਜਨਵਰੀ ਨੂੰ ਸਮੂਹ ਜ਼ਿਲ੍ਹਾ ਕੇਂਦਰਾਂ ਵਿੱਚ ਪੰਜਾਬੀ ਚਾਲੂ ਹੋਈ। ਭਾਸ਼ਾ ਐਕਟ ਦੇ ਤਹਿਤ 9-ਫਰਵਰੀ-1968 ਈ: ਨੂੰ ਨੋਟੀਫ਼ਿਕੇਸ਼ਨ ਜਾਰੀ ਹੋਇਆ ਤੇ 13 ਅਪ੍ਰੈਲ 1968 ਈਸਵੀ ਨੂੰ ਵਿਸਾਖੀ ਵਾਲੇ ਦਿਨ ਤੋਂ ਕਮਸ਼ਿਨਰਾਂ ਤੇ ਪੰਜਾਬ ਸਕੱਤਰੇਤਾਂ ਦੇ ਦਫ਼ਤਰਾਂ ਵਿੱਚ ਪੰਜਾਬੀ ਮੁਕੰਮਲ ਤੌਰ ਤੇ ਲਾਗੂ ਹੋ ਗਈ। ਸਮੂਹ ਮੁਲਾਜ਼ਮਾਂ ਨੂੰ ਤਾੜਨਾ ਹੋਈ ਕਿ ਜਿਹੜਾ ਸਕੱਤਰ ਤੇ ਕਮਿਸ਼ਨਰ ਫ਼ਾਈਲ ਉੱਤੇ ਪੰਜਾਬੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਦੀ ਵਰਤੋਂ ਕਰੇਗਾ, ਉਹ ਪੰਜਾਬ ਸਰਕਾਰ ਦਾ ਦੇਣਦਾਰ ਸਮਝਿਆ ਜਾਵੇਗਾ। ਪੰਜਾਬ ਸਰਕਾਰ ਦਾ ਦਬਕਾ ਇਤਨਾ ਦ੍ਰਿੜ ਸੀ ਕਿ 1968 ਈ: ਦੀ ਵੈਸਾਖੀ ਤੋਂ ਪਿੱਛੋਂ ਨਿਰੋਲ ਪੰਜਾਬੀ ਸਮੂਹ ਫ਼ਾਈਲਾਂ ਦਾ ਸ਼ਿੰਗਾਰ ਬਣ ਗਈ। ਅਸਲ ਵਿੱਚ ਪੰਜਾਬੀ ਭਾਸ੍ਹਾ ਨੂੰ ਸਭ ਬੋਲਦੇ ਲਿਖਦੇ ਸਨ ਪਰ ਅੰਦਰੋਂ ਅੰਦਰੀਂ ਕਈ ਰਿੜ੍ਹਦੀ ਗੱਡੀ ਨੂੰ ਅਟਕਾਉਣ ਦੇ ਦਾਅ-ਪੇਚ ਮਾਰਦੇ ਸਨ। ਐਕਟ ਬਣਨ ਨਾਲ ਦਾਅ-ਪੇਚ ਮੁੱਕ ਚੁੱਕੇ ਗਏ ਅਤੇ ਪੰਜਾਬੀਆਂ ਦੀ ਮਾਂ-ਬੋਲੀ ਨੂੰ ਉਸ ਦੇ ਸਮੂਹ ਪੁੱਤਰਾਂ ਨੇ ਸਵੀਕਾਰ ਕਰ ਲਿਆ। ਰਾਜ-ਭਾਗ ਦਾ ਇੱਕ ਤਪ-ਤੇਜ ਹੁੰਦਾ ਹੈ। ਅਜਿਹਾ ਤਪ-ਤੇਜ ਸ: ਲਛਮਣ ਸਿੰਘ ਨੇ ਪੂਰੀ ਤਰ੍ਹਾਂ ਭਖਾ ਦਿੱਤਾ ਤੇ ਰਾਮ ਕਥਾ ਖੁਸ਼ੀਆਂ ਤੇ ਚਾਉ ਨਾਲ ਸਮਾਪਤ ਹੋਈ। ਗਿੱਲ-ਸੁੱਕ ਰਲ ਮਿਲ ਗਈ ਤੇ ਪੰਜਾਬ ਵਿੱਚ ਪੰਜਾਬੀਅਤ ਦਾ ਸਿੱਕਾ ਚੱਲ ਪਿਆ। ਇਹ ਵਡਿਆਈ ਲਛਮਣ ਸਿੰਘ ਗਿੱਲ ਨੂੰ ਮਿਲੀ।

ਗਿਆਨੀ ਲਾਲ ਸਿੰਘ ਨੇ ਲਿਖਿਆ: ਕਿੰਨਾ ਸੁਭਾਗਾ ਸੀ ਇਹ ਵੈਸਾਖੀ ਦਾ ਦਿਹਾੜਾ ਜਦੋਂ ਪੰਜਾਬ ਦੇ ਵਜੀਰਾਂ, ਸਕੱਤਰਾਂ, ਵਿਭਾਗੀ ਮੁਖੀਆਂ ਤੇ ਸਮੂਹ ਸਰਕਾਰੀ, ਅੱਧ-ਸਰਕਾਰੀ ਕਰਮਚਾਰੀਆਂ ਨੇ ਅਪਣੀ ਸਰਕਾਰੀ ਲਿਖਤ-ਨਵਿਸਤ ਪੰਜਾਬੀ ਵਿੱਚ ਕਰਨੀ ਆਰੰਭ ਕੀਤੀ। ਪੰਜਾਬੀ ਨੂੰ ਪੰਜਾਬ ਵਿੱਚ ਭਾਗ ਲੱਗੇ ਅਤੇ ਭਾਰਤ ਸਰਕਾਰ ਦੀ ਸਮੂਹ ਲਿਖ਼ਤ ਪੜ੍ਹਤ ਹਿੰਦੀ ਵਿੱਚ ਆਰੰਭ ਹੋਈ। ਅੰਗਰੇਜ਼ੀ ਟਾਈਪ ਰਾਈਟਰ ਸੰਭਾਲ ਦਿੱਤੇ ਗਏ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀ ਟਾਈਪ ਰਾਈਟਰਾਂ ਉੱਤੇ ਸਮੂਹ ਟਾਈਪਿਸਟਾਂ ਤੇ ਸਟੈਨੋਗਰਾਫ਼ਰਾਂ ਦੀਆਂ ਉਂਗਲੀਆਂ ਚੱਲਣ ਲੱਗ ਪਈਆਂ। ਬੜੀ ਦਲੇਰੀ ਵਾਲਾ ਕਦਮ ਸੀ, ਜੋ ਸਰਦਾਰ ਲਛਮਣ ਸਿੰਘ ਦੀ ਵਜ਼ਾਰਤ ਨੇ ਦ੍ਰਿੜਤਾ ਨਾਲ ਚੁੱਕਿਆ ਅਤੇ ਇਹ ਵਜ਼ਾਰਤ ਪੰਜਾਬ ਦੇ ਇਤਿਹਾਸ ਵਿੱਚ ਸਦਾ ਯਾਦ ਰਹੇਗੀ। ਮੁੱਖ ਮੰਤਰੀ ਦੇ ਪੰਜਾਬ ਭਰ ਵਿੱਚ ਇੰਨੇ ਜਲਸੇ ਅਤੇ ਜਲੂਸ ਨਿਕਲੇ ਕਿ ਲਛਮਣ ਸਿਘ, ਲਛਮਣ ਸਿੰਘ ਹੋ ਉੱਠੀ। ਹੇ ਵਡਿਆਈ! ਤੂੰ ਕਈ ਵੇਰ ਸਿਰ ਨੂੰ ਚੜ੍ਹ ਜਾਂਦੀ ਹੈਂ ਤੇ ਪਟਕਾ ਮਾਰਦੀ ਹੈਂ।" ਸਰਦਾਰ ਲਛਮਣ ਸਿੰਘ ਦੀ ਝੰਡਾ ਝੁਲਾਉਂਦੀ ਫ਼ੋਟੋ ਲਾਸਾਨੀ ਹੈ ਪਰ ਅਗਸਤ 1968 ਈਸਵੀ ਪਿੱਛੋਂ ਲਿਸ਼ਕਾਰੇ ਮਾਰਦਾ ਸੂਰਜ ਢਲਣ ਲੱਗ ਪਿਆ।

'ਕਿਆ ਜਾਨੀਐ ਕਿਆ ਹੋਇ' ਦੇ ਬੋਲਾਂ ਅਨੁਸਾਰ ਲਿਸ਼ਕਾਂ ਮਾਰਦਾ ਸੂਰਜ ਗਰੂਬ ਹੋਣ ਵੱਲ ਤੁਰ ਪਿਆ।

"ਸਾਡਾ ਨਿਸ਼ਚਾ ਹੈ ਕਿ ਜਿਵੇਂ ਸ਼ੇਰ ਸ਼ਾਹ ਸੂਰੀ ਨੂੰ ਵਡਿਆਈ ਹੁਮ ਹਮਾ ਕੇ ਮਿਲੀ ਸੀ, ਇਵੇਂ ਉਸ ਦੀ ਸ਼ੁਹਰਤ ਮੁਗਲਾਂ ਨੇ ਮੇਟ ਦਿੱਤੀ। ਇਵੇਂ ਸਰਦਾਰ ਲਛਮਣ ਸਿੰਘ ਛੇਤੀ ਹੀ ਖ਼ਾਮੋਸ਼ੀ ਇਖ਼ਤਿਆਰ ਕਰ ਗਿਆ। ਜਿਵੇਂ ਸ਼ੇਰ ਸ਼ਾਹ ਸੂਰੀ ਦੇ ਜਰਨੈਲੀ ਸੜਕ ਉੱਤੇ ਉਸਾਰੇ ਹੋਏ ਸਤੰਭ ਅਜੇ ਤੱਕ ਝਾਕਾ ਵਿਖਾਉਂਦੇ ਹਨ, ਇਵੇਂ ਸਰਦਾਰ ਲਛਮਣ ਸਿੰਘ ਦੀ ਵਡਿਆਈ ਦੀਆਂ ਕਿਰਨਾਂ ਹਮੇਸ਼ਾਂ ਮੂੰਹ ਵਿਖਾਲਾ ਕਰਦੀਆਂ ਰਹਿਣਗੀਆਂ। ਆਖਿਰ ਇਤਿਹਾਸ ਇਤਿਹਾਸ ਹੀ ਹੁੰਦਾ ਹੈ। ਕੋਈ ਲੱਖ ਇਤਿਹਾਸ ਦੇ ਵਰਕੇ ਪਾੜੇ ਤੇ ਵਿਗਾੜੇ ਪਰ ਆਭਾ ਦੇ ਲਿਸ਼ਕਾਰੇ ਵੱਜਦੇ ਹੀ ਰਹਿਣਗੇ। ਪੰਜਾਬੀ ਯੂਨੀਵਰਸਿਟੀ ਦਾ ਪੰਜਾਬੀ ਭਵਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਆਫ਼ਿਸ ਦੇ ਸਨਮੁਖ ਹੈ। ਕੀ ਫ਼ਰਕ ਪੈਂਦਾ ਹੈ ਜੇਕਰ ਉਸ ਉੱਤੇ ਲਛਮਣ ਸਿੰਘ ਗਿੱਲ ਦਾ ਨਾਮ ਅੰਕਿਤ ਨਹੀਂ । ਲਛਮਣ ਸਿੰਘ ਤਲੀਆਂ ਖੇਡਣ ਵਾਲੇ ਭਲਵਾਨ ਵਾਂਗ ਤਿਲਕ ਗਿਆ ਤਾਂ ਵੀ ਉਸਦੀ ਆਭਾ ਖੋਜਕਾਰਾਂ ਦੀ ਖੋਜ ਤੋਂ ਛੁਪੀ ਨਹੀਂ ਰਹੇਗੀ।"

ਗਿਆਨੀ ਲਾਲ ਸਿੰਘ ਦੇ ਇਹਨਾਂ ਸ਼ਬਦਾਂ ਨਾਲ ਅਸੀਂ ਲਛਮਣ ਸਿੰਘ ਗਿੱਲ ਦੀ ਦੇਣ ਨੂੰ ਸਲਾਮ ਆਖਦੇ ਹਾਂ।

ਗਿਆਨੀ ਲਾਲ ਸਿੰਘ ਦੇ ਪਰਿਵਾਰ ਦੀ ਸਹਾਇਤਾ ਨਾਲ ਤਾਂ ਪੰਜਾਬੀ ਯੂਨੀਵਰਸਿਟੀ ਹਰ ਸਾਲ ਉਹਨਾਂ ਦੀ ਯਾਦ ਵਿਚ ਵਿਸ਼ੇਸ਼ ਲੈਕਚਰ ਕਰਾਉਂਦੀ ਹੈ ਪਰ ਕੀ ਕਦੇ ਲਛਮਣ ਸਿੰਘ ਗਿੱਲ ਬਾਰੇ ਵੀ ਕਿਸੇ ਨੇ ਕਦੀ ਉਚੇਚਾ ਸਮਾਗਮ ਕਰਵਾਇਆ ਹੈ? ਮਾਂ-ਬੋਲੀ ਦਿਹਾੜੇ 'ਤੇ ਚੱਲਦੀ ਚੱਲਦੀ ਗੱਲ ਬਾਤ ਵਿਚ ਤਾਂ ਸਾਰੇ ਕਹਿ ਦੇਂਦੇ ਨੇ ਗਿੱਲ ਨੇ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਬਣਾਉਣ ਦਾ ਮਹਾਨ ਕਾਰਜ ਕੀਤਾ, ਪਰ ਮੈਂ ਕਦੀ ਨਹੀਂ ਸੁਣਿਆਂ/ਪੜ੍ਹਿਆ ਕਿ ਲਛਮਣ ਸਿੰਘ ਗਿੱਲ ਦੀ ਦੇਣ ਨੂੰ ਵਡਿਆਉਣ ਲਈ ਵੀ ਕਦੀ ਉਚੇਚੇ ਸਮਾਗਮ ਕੀਤੇ ਜਾਂਦੇ ਹੋਣ।

ਅਸੀਂ ਕੈਸੇ ਲੋਕ ਹਾਂ!

-0-

# ‘ਰੁੱਤ ਬੇਈਮਾਨ ਹੋ ਗਈ, ਕਿੱਥੇ ਰੱਖ ਲਾਂ ਲੁਕੋ ਕੇ ਤੈਨੂੰ ਕਣਕੇ’

-ਕੁਲਵੰਤ ਕੌਰ (ਡਾ) 98156-20515



ਹਰ ਪਲ ਤੇ ਹਰ ਦਿਨ, ਚਾਰ ਚੁਫ਼ੇਰਿਓਂ, ਮੌਸਮ ਦੀ ਮਾਰ ਝੇਲ ਰਹੀ ਜੀਵਨਦਾਤੀ ਕਣਕ ਦਾ ਜ਼ਿਕਰ, ਚਰਚਾ, ਭੂੰ-ਦ੍ਰਿਸ਼, ਤਬਾਹੀ ਤੇ ਖ਼ਰਾਬਾ ਆਦਿ ਤੱਕ-ਸੁਣ ਕੇ ਮਨ ਡਾਢਾ ਬੇਚੈਨੀ ਦੇ ਆਲਮ ਵਿਚੋਂ ਗੁਜ਼ਰ ਰਿਹਾ ਹੈ। ਇਸ ਮਰਹਲੇ ’ਤੇ ਕਿਸਾਨ-ਅੰਦੋਲਨ ਵੇਲੇ ਪੜ੍ਹੀਆਂ ਤੇ ਵਿਚਾਰੀਆਂ ਕਵਿਤਾਵਾਂ ਵਾਰ-ਵਾਰ ਮੇਰੇ ਮਨ ਮਸਤਕ ਵਿਚ ਦਸਤਕ ਦੇ ਰਹੀਆਂ ਹਨ। ਸਭ ਤੋਂ ਜ਼ਿਆਦਾ ਮੈਨੂੰ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਨੇ ਹਲੂਣਿਆਂ ਹੈ ਜੋ ਅਜੋਕੀਆਂ ਪਰਸਿਥਿਤੀਆਂ ਵਿਚ ਵੀ ਉਤਨੀ ਹੀ ਢੁੱਕਵੀ ਤੇ ਅਰਥਪੂਰਨ ਜਾਪਦੀ ਹੈ ਜਿਵੇਂ

ਕਿੱਥੇ ਰੱਖ ਲਾਂ ਲੁਕੋ ਕੇ ਤੈਨੂੰ ਕਣਕੇ<br>
ਕਿ ਰੁੱਤ ਬੇਈਮਾਨ ਹੋ ਗਈ।

-----------------------

ਮਸਾਂ ਮਸਾਂ ਹੋਈ ਏ ਤੂੰ ਸਾਵੀ ਤੋਂ ਸੁਨਹਿਰੀ ਨੀ<br>
ਦੇਖਣੇ ਨੂੰ ਮੂੰਹ ਤੇਰੇ ਤਰਸੇ ਨੇ ਸ਼ਹਿਰੀ ਨੀ।<br>
ਮੰਡੀਆਂ ਤੋਂ ਨਿੱਤ ਪੁਛਦੇ<br>
ਕਦੋਂ ਆਉਣਗੇ ਸੋਨੇ ਦੇ ਮਣਕੇ।<br>
ਰੁੱਤ ਬੇਈਮਾਨ ਹੋ ਗਈ।.. ..

ਇਸੇ ਤਰ੍ਹਾਂ, ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਕਣਕਾਂ ਦਾ ਗੀਤ' ਵੀ ਆਪਣੇ ਅਧਿਆਪਨ-ਕਾਲ ਵਿਚ ਲਗਭਗ ਤੀਹ ਵਰ੍ਹੇ ਪੜ੍ਹਾਉਂਦੀ ਤੇ ਸਮਝਾਉਂਦੀ ਰਹੀ ਹਾਂ :-

ਹੋ ਕਣਕਾਂ ਸਿੱਲ੍ਹੀਆਂ।<br>
ਲੋਕ-ਪੀੜਾਂ ਤੇ ਰੋਣ<br>
ਕਦੇ ਬਣਦੇ ਨਾ ਗੌਣ।<br>
ਅਜੇ ਮੇਰੇ ਦੇਸ ਦੀਆਂ<br>
ਅੱਖੀਆਂ ਨੇ ਗਿੱਲੀਆਂ।<br>
ਹੋ ਕਣਕਾਂ ਸਿੱਲ੍ਹੀਆਂ।

ਪਾਸ਼, ਉਦਾਸੀ, ਗੁਰਦਾਸ ਰਾਮ ਆਲਮ, ਪ੍ਰੋ. ਮੋਹਨ ਸਿੰਘ ਤੇ ਪ੍ਰੋ. ਪੂਰਨ ਸਿੰਘ ਆਦਿ ਸਾਰੇ ਮਕਬੂਲ, ਅਮਰ, ਅਮਿਟ ਅਤੇ ਦਿਲਦਾਰ ਸ਼ਾਇਰਾਂ ਨੇ ਖੇਤਾਂ, ਪਾਲੀਆਂ ਤੇ ਹਾਲੀਆਂ ਦੇ ਸੰਘਰਸ਼ੀ ਜੀਵਨ, ਥੁੜ੍ਹਾਂ ਮਾਰੀ ਜ਼ਿੰਦਗੀ, ਦਿਨ ਰਾਤ ਦੇ ਉਨੀਂਦਰਿਆ ਅਤੇ ਤੰਗੀਆਂ ਤੁਰਸ਼ੀਆਂ ਭਰੀ ਜੀਵਨ-ਚਾਲ ਬਾਰੇ ਲਿਖਦਿਆਂ ਇਸ ਨਾਲ ਲੋਹੜੇ ਦੀ ਅਪਣੱਤ, ਲਗਾਓ ਅਤੇ ਹੇਰਵਾ ਜ਼ਾਹਿਰ ਕੀਤਾ ਹੈ। ਪ੍ਰੋ. ਪੂਰਨ ਸਿੰਘ ਜਿਹੇ ਬਾਕਮਾਲ ਅਤੇ ਹਰਮਨ ਪਿਆਰੇ ਕਵੀ ਦੀਆਂ ਚੰਦ ਕੁ ਕਾਵਿ-ਤੁਕਾਂ ਪੇਸ਼ ਕਰਕੇ, ਵਿਚਾਰ-ਲੜੀ ਨੂੰ ਅਗਾਂਹ ਤੋਰਨ ਦਾ ਜਤਨ ਹੋਵੇਗਾ:-

ਓਏ ਮੈਂ ਪੜ੍ਹਨ ਪੜ੍ਹਾਉਣ ਸਾਰਾ ਛੱਡਿਆ।<br>
ਦਿਲ ਮੇਰਾ ਅਣ ਵਾਹੀ ਵਿਚ ਖੁੱਭਿਆ।<br>
ਪੈਲੀਆਂ ਮੇਰੀਆਂ ਕਿਤਾਬਾਂ ਹੋਈਆਂ<br>
ਜੱਟ ਬੂਟ ਮੇਰੇ ਯਾਰ ਵੋ।

ਜੱਗ ਦੇ ਇਨ੍ਹਾਂ ਭੰਡਾਰੀਆਂ ਨੂੰ ਉਹ ਖ਼ੁਸ਼ੀਆਂ ਦੇ ਵੰਡਾਵੇ ਦੱਸਦਾ ਹੋਇਆ ਰਾਜਿਆਂ ਤੇ ਮਹਾਰਾਜਿਆਂ ਨੂੰ ਵੀ ਰੋਟੀਆਂ ਦੇਣ ਵਾਲੇ ਦੱਸਦਾ ਹੈ। ਲਿਹਾਜਾ, ਦੁਨੀਆਂ ਦਾ ਢਿੱਡ ਭਰਨ ਵਾਲਾ ਇਹ ਭੰਡਾਰੀ ਅੱਜ ਰੋਟੀ ਤੋਂ ਮੁਥਾਜ ਹੋਣ ਜਾ ਰਿਹਾ ਹੈ। ਕੁਦਰਤ ਦੀ ਮਾਰ ਅਜਿਹੀ ਪਈ ਹੈ ਕਿ ਮੂੰਧੇ ਮੂੰਹ ਜਾ ਡਿਗਾ ਹੈ, ਉੱਠ ਕੇ ਬੈਠਣ ਦੀ ਹਾਲਤ ਵਿਚ ਹੀ ਨਹੀਂ ਰਿਹਾ। ਉਂਝ ਤਾਂ ਪੂਰੀ ਦੁਨੀਆਂ ਦੇ ਵਿਕਸਿਤ ਮੁਲਕਾਂ ਦੀਆਂ ਕਿਸਾਨ ਮਾਰੂ ਨੀਤੀਆਂ, ਸਰਕਾਰੀ ਹੁਕਮ ਅਤੇ ਵਿਸ਼ਵ ਬੈਂਕ ਦੀਆਂ ਚਾਲਾਂ ਚਿਰਾਂ ਤੋਂ ਕਿਸਾਨ ਵਿਰੋਧੀ ਚੱਲੀਆਂ ਆ ਰਹੀਆਂ ਹਨ ਪਰ ਜਦੋਂ ਚੋਰ ਤੇ ਕੁੱਤੀ ਦੋਵੇਂ ਰਲ ਜਾਣ ਫੇਰ ਬਚਾਓ ਦੀ ਆਸ ਹੀ ਨਹੀਂ ਰਹਿ ਜਾਂਦੀ। ਅੱਜ ਇਹੋ ਕੁਝ ਹੋ ਰਿਹਾ ਹੈ ਵਿਚਾਰੇ ਕਿਸਾਨਾਂ ਨਾਲ - ਕਣਕ ਪਾਲਕਾਂ ਨਾਲ। ਬੇਰਹਿਮ ਕੁਦਰਤ, ਮੌਸਮ ਦੀ ਪੁੱਠੀ ਚਾਲ ਅਤੇ ਸਰਕਾਰੇ ਦਰਬਾਰੇ ਖਚਰੀਆਂ ਨੀਤੀਆਂ ਨੇ ਅੱਜ ਕਿਸਾਨੀ ਦੀ ਹਾਲਤ ਪਤਲੀ ਤੇ ਬਦਤਰ ਕਰ ਦਿੱਤੀ ਹੈ। ਫਲਸਰੂਪ, ਦੇਸ਼ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਤੇ ਅੰਨਦਾਤਾ ਅਖਵਾਉਂਦੇ ਕਿਸਾਨ ਰੋਜ਼-ਰੋਜ਼ ਭਲਾ ਖ਼ੁਦਕੁਸ਼ੀਆਂ ਨੂੰ ਕਿਉਂ ਗਲੇ ਲਾ ਰਹੇ ਹਨ? ਅਜਿਹੀ ਗੱਲ ਵੀ ਨਹੀਂ ਕਿ ਕਿਸਾਨ-ਮਾਰੂ ਨੀਤੀਆਂ ਇਕੱਲੇ ਆਜ਼ਾਦ ਭਾਰਤ ਦੀ ਦੇਣ ਹੈ, ਇਹ ਤਾਂ ਹਜ਼ਾਰਾਂ ਵਰ੍ਹਿਆਂ ਤੋਂ ਵਰਤਦੀਆਂ ਆ ਰਹੀਆਂ ਹਨ।

ਆਪਣੇ ਹੱਕਾਂ ਦੀ ਰਖਵਾਲੀ, ਆਪਣੀ ਆਲ ਔਲਾਦ ਦਾ ਢਿੱਡ ਭਰਨ ਤੇ ਪਾਲਣ ਪੋਸ਼ਣ ਲਈ ਚਿਰਕਾਲ ਤੋਂ ਹੀ ਕਿਸਾਨ ਜੂਝਦੇ ਆ ਰਹੇ ਹਨ। ਇਤਿਹਾਸ ਦੇ ਵਰਕਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਰਾਜਾ ਹਰਸ਼ ਵਰਧਨ ਨੇ ਕਿਸਾਨ-ਪੱਖੀ ਕਾਨੂੰਨਾਂ ਸਦਕੇ ਇਸ ਪ੍ਰਮੁੱਖ ਵਰਗ ਨੂੰ ਖ਼ੁਸ਼ਹਾਲ ਜ਼ਿੰਦਗੀ ਜਿਉਣ ਦੇ ਬਰਾਬਰ ਮੌਕੇ ਦਿੱਤੇ ਅਤੇ ਅਕਬਰ ਦੇ ਕਾਲ ਵਿਚ ਵੀ ਕਿਸਾਨੀ ਦਾ ਪੂਰਾ ਖ਼ਿਆਲ ਰੱਖਿਆ ਗਿਆ। ਬੇਸ਼ਕ, ਉਸਦੀਆਂ ਉਦਾਰ ਨੀਤੀਆਂ ਨੇ ਸਮੁੱਚੇ ਰਾਜ ਪ੍ਰਬੰਧ ਨੂੰ ਹੀ ਸੁਚਾਰੂ ਬਣਾਇਆ ਪਰੰਤੂ ਖੇਤੀਬਾੜੀ ਖੇਤਰ ਵਿਚ ਨਵੀਆਂ ਨਹਿਰਾਂ ਦੀ ਪੁਟਾਈ, ਦੁਆਬਿਆਂ ਦੇ ਨਾਮਕਰਨ ਅਤੇ ਹੋਰ ਸੁਧਾਰਾਂ ਨੇ ਨਿੱਗਰ, ਨਰੋਏ ਤੇ ਰੰਗਲੇ ਪੰਜਾਬ ਦੀ ਨੀਂਹ ਰੱਖੀ। ਅੰਗਰੇਜ਼ਾਂ ਦੀ ਆਮਦ ਉਪਰੰਤ, ਤਾਨਾਸ਼ਾਹੀ ਰਵੱਈਆ ਅਪਣਾਇਆ ਗਿਆ ਤੇ ਇਸੇ ਕਰਕੇ 1857 ਤੋਂ ਮਗਰੋਂ ਕਿਸੇ ਨਾ ਕਿਸੇ ਰੂਪ ਵਿਚ ਕਿਸਾਨੀ ਬਗਾਵਤਾਂ ਉੱਠਣ ਲੱਗੀਆਂ। ਇਸ ਸਦੀ ਦੇ ਅੰਤ ਤੱਕ, ਪੰਜਾਬ ਵਿਚ ਕਿਸਾਨਾਂ ਦੀਆਂ ਜ਼ਮੀਨਾਂ ਦੀ ਰੱਖਿਆ, ਟੈਕਸਾਂ ਦੇ ਬੋਝ, ਬੋਝਲ ਕਰ ਪ੍ਰਣਾਲੀ, ਸਰਕਾਰੀ ਲਗਾਮ, ਸ਼ਾਹੂਕਾਰਾਂ ਦੀਆਂ ਮਨਮਾਨੀਆਂ ਅਤੇ ਜਾਗੀਰਦਾਰੀ ਪ੍ਰਥਾ ਨੂੰ ਖ਼ਤਮ ਕਰਨ ਲਈ ਦੋ ਦਹਾਕੇ ਲੰਮਾ ਸੰਘਰਸ਼ ਵਿੱਢਿਆ ਗਿਆ। 1900 ਵਿਚ ਭੂਮੀ ਰੱਖਿਆ ਐਕਟ ਪਾਸ ਕਰ ਦੇਣ ਨਾਲ ਅੰਦੋਲਨ ਬਹੁਤ ਗੰਭੀਰ ਹੋ ਗਿਆ ਜਿਸ ਦਾ ਨਤੀਜਾ ਇਹ ਹੋਇਆ ਕਿ ਮੁਜਾਹਰੇ ਤੇ ਹੜਤਾਲਾਂ ਵਧਣ ਲੱਗੀਆਂ। ਗੁਰੂ ਪਾਤਿਸ਼ਾਹੀਆਂ ਦੀ

ਰਹਿਮਤ, ਸਿੱਖਿਆ ਤੇ ਅਗਵਾਈ ਕਾਰਨ ਵੀਹਵੀਂ ਸਦੀ ਦਾ ਮਹਾਨ ਕਿਸਾਨ ਅੰਦੋਲਨ, 'ਪਗੜੀ ਸੰਭਾਲ ਜੱਟਾ' ਸ੍ਰ. ਅਜੀਤ ਸਿੰਘ ਵਰਗੇ ਜਾਂਬਾਜ਼ ਪੁਰਖ ਦੀ ਕਮਾਂਡ ਹੇਠ ਲੜਿਆ ਵੀ ਗਿਆ ਤੇ ਜਿੱਤਿਆ ਵੀ ਗਿਆ ਭਾਵੇਂ ਉਨ੍ਹਾਂ ਨੂੰ ਡਾਂਗਾਂ, ਸੋਟਿਆਂ, ਖੱਜਲ ਖੁਆਰੀਆਂ ਤੇ ਸਜ਼ਾਵਾਂ ਤੋਂ ਇਲਾਵਾ ਜਲਾਵਤਨੀਆਂ ਤੇ ਦੇਸ਼ ਨਿਕਾਲੇ ਵੀ ਝਾਗਣੇ ਪਏ। ਅਜੋਕੀ ਕਿਸਾਨੀ ਦੀ ਦੁਰਦਸ਼ਾ, ਮੰਦਹਾਲੀ ਅਤੇ ਗੁਰਬਤ ਵਾਂਗ ਹੀ 'ਪਗੜੀ ਸੰਭਾਲ ਜੱਟਾ' ਰੂਪੀ ਤਰਾਨਾ ਲਿਖੇ (ਗੀਤਕਾਰ ਸ੍ਰੀ ਬਾਂਕੇ ਦਿਆਲ) ਜਾਣ ਵੇਲੇ ਦੇ ਹਾਲਾਤ ’ਤੇ ਇਹ ਕਾਵਿ-ਬੋਲ ਕਿਵੇਂ ਚਾਨਣਾ ਪਾਉਂਦੇ ਹਨ :-

ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓਇ।
ਤੈਨੂੰ ਤੇ ਖਾਵਣ ਖ਼ਾਤਿਰ, ਵਿਛਦੇ ਨੇ ਜਾਲ ਓਇ।
------------------
ਫਸਲਾਂ ਨੂੰ ਖਾ ਗਏ ਕੀੜੇ।
ਤਨ ਤੇ ਨਹੀਂ ਤੇਰੇ ਲੀੜੇ।
ਭੁੱਖਾਂ ਨੇ ਖੂਹ ਨਿਚੋੜੇ
ਰੋਂਦੇ ਨੇ ਬਾਲ ਓਇ।
ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਇ।

ਇਸ ਅੰਦੋਲਨ ਦੀ ਕਾਮਯਾਬੀ ਉਪਰੰਤ, ਆਰੰਭ ਹੋਏ ਸਭ ਅੰਦੋਲਨ ਭਾਵੇਂ ਉਹ ਗ਼ਦਰ ਲਹਿਰ ਸੀ, ਜਲਿਆਂਵਾਲੇ ਬਾਗ਼ ਦਾ ਖ਼ੂਨੀ ਸਾਕਾ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦਾ ਗਠਨ ਸੀ, ਚਾਬੀਆਂ ਵਾਲੇ ਮੋਰਚੇ ਸਨ ਜਾਂ ਫਿਰ ਸ੍ਰੀ ਨਨਕਾਣਾ ਸਾਹਿਬ ਦਾ ਅਤਿਅੰਤ ਦੁਖਾਂਤਿਕ, ਹੌਲਨਾਕ ਤੇ ਸਾਹ ਸੂਤਵਾਂ ਘਟਨਾਕ੍ਰਮ, ਸਾਰਿਆਂ ਦੀ ਰੂਹ ਕਿਸਾਨੀ ਸੀ- ਕਿਸਾਨਾਂ ਵੱਲੋਂ ਵਿੱਢੇ ਸੰਘਰਸ਼। ਤੰਗੀਆਂ ਤੁਰਸ਼ੀਆਂ ਦੇ ਆਲਮ ਵਿੱਚੋਂ ਵਿਚਰਦਿਆਂ ਵੀ 'ਕਿਛੁ ਹਥਹੁ ਦੇਹਿ' ਦੇ ਹੁਕਮ ਦੀ ਤਾਮੀਲ ਕਰਨੀ। ਨਿਰਸੰਦੇਹ, ਸ੍ਰ. ਭਗਤ ਸਿੰਘ, ਸ਼ਹੀਦ ਊਧਮ ਸਿੰਘ ਸੁਨਾਮ ਤੇ ਰਾਜਗੁਰੂ ਕਿਸਾਨਾਂ ਦੇ ਹੀ ਪੁੱਤ ਸਨ ਜਿਨ੍ਹਾਂ ਹੱਸ ਹੱਸ ਜਿੰਦਾਂ ਵਾਰੀਆਂ। ਉਹ ਕਿਸਾਨਾਂ ਦੀ ਸਵੈਨਿਰਭਰਤਾ ਤੇ ਸਵੈਮਾਣ ਲਈ ਵੀ ਜੂਝੇ ਤੇ ਸਦਾ ਲਈ ਅਮਰ ਹੋ ਗਏ। ਸ਼ਹੀਦ ਭਗਤ ਸਿੰਘ ਦੇ ਬਚਪਨ ਦੀ ਇੱਕ ਅਭੁੱਲ ਘਟਨਾ, ਕਦੇ ਪਹਿਲੇ ਸਮਿਆਂ ਵਿਚ ਅਸੀਂ ਵੀ ਪੜ੍ਹਦੇ ਹੁੰਦੇ ਸਾਂ ਕਿ 'ਕਣਕ ਬੀਜੋ ਤਾਂ ਕਣਕ ਉਗਦੀ ਹੈ ਪਰ 'ਦੰਬੂਕਾਂ' (ਬੰਦੂਕਾਂ) ਬੀਜੋ ਤਾਂ ਦੰਬੂਕਾਂ ਕਿਉਂ ਨਹੀਂ ਉੱਗਦੀਆਂ? ਦਰਅਸਲ ਦੇਸ ਭਗਤੀ ਦੇ ਜਜ਼ਬੇ ਨਾਲ ਪੋਟਾ ਪੋਟਾ ਸਰਸ਼ਾਰਿਆ ਅਤੇ ਵਿਰਸੇ ਵਿਚ ਮਿਲੇ ਲਾਸਾਨੀ ਗੁਣਾਂ ਕਾਰਨ ਉਹ ਜਨਮ ਤੋਂ ਹੀ ਅਲੋਕਾਰਾ ਸੀ ਤੇ ਅਲੌਕਿਕ ਵੀ ਜਿਸ ਨੂੰ ਉਸ ਨੇ ਮਹਿਜ 23 ਸਾਲਾ ਸੰਖੇਪ ਜੀਵਨ ਵਿਚ ਪੁਸ਼ਟ ਵੀ ਕਰ ਦਿੱਤਾ।

ਬੀਤੇ ਦਿਹਾੜੇ, ਕਿਸੇ ਨਿਜੀ ਕੰਮ ਲਈ ਸਾਹਨੇਵਾਲ ਵਲ ਜਾਣ ਦਾ ਸਬੱਬ ਬਣਿਆ ਤਾਂ ਕਿਸੇ ਬੇਬਸ, ਲਾਚਾਰ, ਬੀਮਾਰ, ਅਧਮੋਏ ਅਤੇ ਵਿਚਾਰੇ ਜਿਉੜੇ ਵਾਂਗ ਡਿਗੀ, ਢੱਠੀ ਤੇ ਨਿਸੱਲ ਪਈ ਸੁਨਹਿਰੀ ਕਣਕ ਦੇ ਸਿੱਟੇ ਦੇਖ ਕੇ ਗਚ ਭਰ ਆਇਆ। ਇਹ ਮਹਿਜ ਇਕ ਫਸਲ ਨਹੀਂ – ਪੰਜਾਬ ਦੀ ਸ਼ਾਹਰਗ ਹੈ। ਉਹਦੇ ਹਾਸੇ ਰੋਸੇ। ਉਹਦੀ ਧੜਕਣ। ਉਹਦੀ ਸਮੁੱਚੀ ਜੀਵਨ ਰੌਅ। ਪੰਜਾਬੀਆਂ ਦੇ ਚਾਅ, ਮਲਾਰ, ਖੁਸ਼ੀਆਂ ਗਮੀਆਂ ਦਾ ਧੁਰਾ। ਉਹਦੇ ਸਾਹਾਂ ਦੀ ਜਾਮਨ। ਉਸ ਦੀ ਰਾਸਪੂੰਜੀ। ਇਸੇ ਕਰਕੇ ਇਸ ਦਾ ਨਾਂ ਕਣਕ ਜਾਂ ਕਨਕ (ਸੋਨਾ) ਮਕਬੂਲ ਹੋਇਆ ਇਸ ਗੱਲ ਦੀ ਪੁਸ਼ਟੀ ਸਦੀਆਂ ਪਹਿਲੋਂ, ਮਨੁੱਖਤਾ ਦਾ ਉੱਧਾਰ ਤੇ ਸੁਧਾਰ ਕਰਨ ਆਏ ਸਾਡੇ ਮਹਾਨ ਰਹਿਬਰਾਂ ਦੀ ਬਾਣੀ ਤੋਂ ਵੀ ਹੁੰਦੀ ਹੈ :-

1. ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥
2. ਏਕੈ ਕਨਿਕ ਅਨਿਕ ਭਾਤਿ ਸਾਜੀ
ਬਹੁ ਪਰਕਾਰ ਰਚਾਇਓ॥ ਗਉੜੀ 5

ਪਰਮਾਤਮਾ ਤੇ ਜੀਵ ਆਤਮਾ ਦੀ ਸਮਾਨਤਾ ਵਾਂਗ ਸੋਨਾ ਤੇ ਸੋਨੇ ਤੋਂ ਬਣੇ ਗਹਿਣੇ ਅਤੇ ਪਾਣੀ ਤੇ ਪਾਣੀ ਤੋਂ ਉੱਠੀਆਂ ਲਹਿਰਾਂ ਭਾਵੇਂ ਇਕ ਵੱਖਰਤਾ ਦਾ ਪ੍ਰਭਾਵ ਪਾਉਂਦੀਆਂ ਹਨ ਪਰ ਹੈਨ ਇੱਕੋ ਹੀ ਸਿੱਕੇ ਦੇ ਦੋ ਪਾਸੇ।

ਸੋ, ਹਜ਼ਾਰਾਂ ਵਰ੍ਹੇ ਪਹਿਲਾਂ,ਸਾਡੇ ਵਡੇਰਿਆਂ ਦੀ ਜਦੋਂ ਕਣਕ ਨਾਲ ਪਹਿਲੀ ਜਾਣ ਪਛਾਣ ਹੋਈ ਹੋਵੇਗੀ ਤਾਂ ਇਨਸਾਨੀ ਤੇ ਹੈਵਾਨੀ ਜੀਵਨ ਲਈ ਇਸ ਦਾ ਸਾਹਾਂ ਜਿਹੀ ਲੋੜ, ਮਹੱਤਤਾ ਅਤੇ ਸ਼ਿੱਦਤ ਦੇ ਮੱਦੇਨਜ਼ਰ, ਉਨ੍ਹਾਂ ਨੇ ਇਸ ਦਾ ਨਾਂ 'ਕਨਕ' (ਕਣਕ) ਰੱਖਿਆ ਹੋਵੇਗਾ ਜਿਸ ਤੋਂ ਭਾਵ ਸੋਨਾ ਹੈ। ਮੱਧ ਭਾਰਤ ਵਲ ਇਸ ਨੂੰ ਗੇਹੂ ਕਹਿੰਦੇ ਹਨ ਤੇ ਕਈ ਇਲਾਕਿਆਂ ਵਿਚ ਗੰਧਮ ਵੀ।

ਕਣਕ ਤੇ ਇਨਸਾਨ ਦਾ ਰਿਸ਼ਤਾ ਬਹੁਤ ਪੁਰਾਣਾ ਹੈ। ਆਦਿ ਮਨੁੱਖ ਭਾਵੇਂ ਫਲ, ਫੁੱਲ ਤੇ ਕੰਦ ਮੂਲ ਨਾਲ ਗੁਜ਼ਾਰਾ ਕਰਦਾ ਰਿਹਾ ਪਰ ਸੂਝ ਦੇ ਵਿਕਾਸ ਨਾਲ ਹੀ ਉਹ ਜੰਗਲੀ ਜੀਵਾਂ ਦਾ ਸ਼ਿਕਾਰ ਕਰਨਾ ਸਿੱਖ ਗਿਆ। ਹੌਲੀ ਹੌਲੀ ਅਨਾਜਾਂ ਦੀ ਕਾਢ ਵਾਲੇ ਹਾਲਾਤ ਬਣਨ ਲੱਗੇ। ਬਨਸਪਤੀ ਵਿਗਿਆਨੀਆਂ ਦੀਆਂ ਖੋਜਾਂ ਅਨੁਸਾਰ ਕੋਈ ਬਾਰਾਂ ਕੁ ਹਜ਼ਾਰ ਸਾਲ ਪਹਿਲਾਂ ਤੋਂ ਕਣਕ ਦੀ ਹੋਂਦ ਦੀ ਪੁਸ਼ਟੀ ਹੁੰਦੀ ਹੈ ਅਤੇ ਇਸ ਦੀਆਂ ਪੰਦਰਾਂ ਹਜ਼ਾਰ ਦੇ ਲਗਭਗ ਕਿਸਮਾਂ ਪ੍ਰਚਲਿਤ ਰਹੀਆਂ ਹਨ। ਛਾਂਟੀ ਹੁੰਦਿਆਂ ਹੁੰਦਿਆਂ, ਹੁਣ ਦੁਨੀਆਂ ਭਰ ਵਿਚ ਬਹੁਤ ਹੀ ਚੋਣਵੀਆਂ ਕਿਸਮਾਂ ਦੀ ਕਾਸ਼ਤ ਹੋ ਰਹੀ ਹੈ। ਚਪਾਤੀ ਕਣਕ, ਕਾਠੀਆਂ ਗੇਹੂ, ਖਾਪਲੀ ਗੇਹੂ ਤੇ ਵਿਡਾਣਕ ਆਦਿ ਦੱਖਣੀ ਮਧ ਤੇ ਉਤਰੀ ਭਾਰਤ ਵਿਚ ਬੀਜੀਆਂ ਜਾ ਰਹੀਆਂ ਕੁਝ ਬਹੁਤ ਚਰਚਿਤ ਕਿਸਮਾਂ ਹਨ ਜਿਹੜੀਆਂ ਪੌਸ਼ਟਿਕਤਾ ਪੱਖੋਂ ਸ਼੍ਰੇਸ਼ਟ ਮੰਨੀਆਂ ਗਈਆਂ ਹਨ। ਇਸ ਮਰਹਲੇ ’ਤੇ ਬਨਸਪਤੀ ਵਿਗਿਆਨੀਆਂ ਤੇ ਪੁਰਾਤਤਵ ਖੋਜੀਆਂ ਨੂੰ ਜੋ ਸਬੂਤ ਮਿਲੇ ਹਨ, ਉਹਦੇ ਅਨੁਸਾਰ ਸਭ ਤੋਂ ਪਹਿਲਾਂ ਤੁਰਕੀ, ਮਿਸਰ,ਈਰਾਨ ਅਤੇ ਅਰਮੀਨੀਆ ਆਦਿ ਦੇਸ਼ਾਂ ਵਿਚ ਇਸ ਦੀ ਕਾਸ਼ਤ ਸ਼ੁਰੂ ਹੋਈ ਸੀ ਤੇ ਮਗਰੋਂ ਇਹ ਸੰਸਾਰ ਭਰ ਵਿਚ ਫੈਲਦੀ ਗਈ। ਮੈਕਸੀਕਨ ਕਣਕ ਦੀ ਚਰਚਾ ਬਚਪਨ ਤੋਂ ਹੀ ਸੁਣਦੇ ਆਏ ਹਾਂ ਆਪਾਂ ਅਤੇ ਰੂਸ ਤੇ ਯੁਕਰੇਨ ਯੁੱਧ ਦੌਰਾਨ ਯੁਕਰੇਨ ਤੋਂ ਬਾਹਰ ਜਾਣ ਵਾਲੀ ਕਣਕ ਦੇ ਅਭਾਵ ਕਾਰਨ ਆਟੇ ਦੀਆਂ ਕੀਮਤਾਂ ਵਿੱਚ ਆਲਮੀ ਵੱਡਾ ਉਛਾਲ ਆਇਆ ਸੀ ਜਿਸ ਦਾ ਅਸਰ ਚਾਰ ਚੁਫ਼ੇਰੇ ਦੇਖਣ ਨੂੰ ਮਿਲਿਆ ਹੈ। ਸਾਡੇ ਇੱਧਰ ਵੀ ਆਟੇ ਦੇ ਭਾਅ ਅਸਮਾਨੇ ਚੜ੍ਹਨ ਲੱਗ ਪਏ ਹਨ ਪਰ ਪਾਕਿਸਤਾਨ ਵਿਚ ਤਾਂ ਆਟੇ ਦਾ ਕਾਲ ਪੈਂਦਾ ਨਜ਼ਰ ਆ ਰਿਹਾ ਹੈ। ਮੁਫ਼ਤ ਆਟੇ ਨੂੰ ਹਾਸਿਲ ਕਰਨ ਗਏ ਦਰਜਨਾਂ ਲੋਕ ਉੱਥੇ ਰੱਬ ਨੂੰ ਪਿਆਰੇ ਹੋ ਗਏ ਹਨ।

ਡਾ. ਸੁਰਜੀਤ ਪਾਤਰ ਨੇ ਕਦੇ ਕਿੰਨਾ ਖ਼ੂਬ ਕਿਹਾ ਹੈ :-

ਇਕ ਚੰਦ
ਇਕ ਸੂਰਜ
ਇਕ ਤੇਰਿਆਂ ਹੱਥਾਂ ਦੀ ਰੋਟੀ।

ਮਾਂ ਦੇ ਹੱਥਾਂ ਦੀ ਰੋਟੀ ਮਿਲਣੀ ਕਦੇ ਵੱਡਾ ਸੁਭਾਗ ਰਿਹਾ ਹੈ ਬੀਤੇ ਸਮਿਆਂ ਵਿਚ, ਜਿਸ ਤੋਂ ਅਜੋਕੀ ਸੰਤਾਨ ਪ੍ਰਵਾਸ ਦੀ ਚਕਾਚੌਂਧ ਵਿਚ ਸੱਖਣੀ ਹੋ ਰਹੀ ਹੈ। ਕੌਮਾਂ, ਜ਼ਬਾਨ, ਸਭਿਆਚਾਰ ਤੇ ਭੂਗੋਲ ਵਿਰਸੇ ਦੀ ਰੀੜ੍ਹ ਆਸਰੇ ਜਿਉਂਦੀਆਂ ਤੇ ਪ੍ਰਫੁੱਲਿਤ ਹੁੰਦੀਆਂ ਹਨ। ਸਮੁੱਚੇ ਪੁਰਾਣੇ ਪੰਜਾਬ ਦੀ ਮਾਲੀ ਰੀੜ੍ਹ ਸੀ ਖੇਤੀਬਾੜੀ ਤੇ ਅਜੋਕੇ ਪੰਜਾਬ ਦੀ ਰੀੜ੍ਹ ਵੀ ਕਿਸਾਨੀ ਹੈ ਕਣਕ ਹੈ। ਨਿਰਸੰਦੇਹ, ਸਾਡੇ ਦੇਸ਼ ਵਿਚ ਕਿਸਾਨੀ ਦੀ ਹਾਲਤ ਬਹੁਤ ਮਾੜੀ ਹੈ। ਵਿਸ਼ਵ-ਗੁਰੂ ਬਣ ਜਾਣ ਦਾ ਦਾਅਵਾ ਕਰਨ ਵਾਲੇ ਸਾਡੇ ਆਗੂਆਂ ਨੂੰ ਸ਼ਾਇਦ ਰੋਜ਼-ਰੋਜ਼ ਹੋ ਰਹੀਆਂ

**ਬਾਕੀ ਸਫਾ 32 ’ਤੇ**

# ਦੁੱਖ ਦਰਦ

–ਨਰਿੰਦਰ ਸਿੰਘ ਕਪੂਰ

ਪਿਆਰ ਟੁੱਟਣ ਦਾ ਦਰਦ ਹੁੰਦਾ ਹੈ, ਵਿਆਹ ਟੁੱਟਣ ਦਾ ਦੁੱਖ ਹੁੰਦਾ ਹੈ।

ਦੁੱਖ ਦਾ ਨਿਵਾਸ-ਸਥਾਨ ਮਨੁੱਖ ਦਾ ਮਨ ਹੈ, ਹੋਰ ਕਿਧਰੇ ਕੋਈ ਦੁੱਖ ਨਹੀਂ ਹੈ।

ਦੁੱਖ ਅਤੇ ਦਰਦ, ਲੂਣ ਅਤੇ ਕਾਲੀ-ਮਿਰਚ ਵਾਂਗ ਰਲੇ ਹੋਏ ਹਨ ਅਤੇ ਇਹ ਜ਼ਿੰਦਗੀ ਦਾ ਲਾਜ਼ਮੀ ਭਾਗ ਹਨ ਪਰ ਇਨ੍ਹਾਂ ਨੂੰ ਬਰਦਾਸ਼ਤ ਕਰਨ ਦੀ ਹਰ ਕਿਸੇ ਦੀ ਯੋਗਤਾ ਅਤੇ ਸਮਰੱਥਾ ਵੱਖਰੀ-ਵੱਖਰੀ ਹੁੰਦੀ ਹੈ। ਇਸੇ ਕਾਰਨ ਹਰ ਕੋਈ ਆਪਣੇ ਦੁੱਖ-ਦਰਦ ਨੂੰ ਵਧੇਰੇ ਦਰਦਮਈ ਢੰਗ ਨਾਲ ਬਿਆਨ ਕਰਦਾ ਹੈ, ਜਿਸ ਨਾਲ ਸਾਡੀ ਸ਼ਖ਼ਸ਼ੀਅਤ ਹੀ ਨਹੀਂ ਸਾਡਾ ਚਰਿੱਤਰ ਢੰਗ ਨਾਲ ਬਿਆਨ ਕਰਦਾ ਹੈ, ਜਿਸ ਨਾਲ ਸਾਡੀ ਸ਼ਖ਼ਸੀਅਤ ਹੀ ਨਹੀਂ, ਸਾਡਾ ਚਰਿੱਤਰ ਵੀ ਸਪੱਸ਼ਟ ਹੋ ਜਾਂਦਾ ਹੈ।

ਦਰਦ ਕੋਈ ਭੁਲੇਖਾ ਨਹੀਂ ਰਹਿਣ ਦਿੰਦਾ ਕਿ ਅਸੀਂ ਕੀ ਹਾਂ।

ਦਰਦ ਦੀ ਕੋਈ ਤਰਤੀਬ ਨਹੀਂ ਹੁੰਦੀ, ਇਹ ਤਰਕ-ਵਿਹੂਣਾ ਹੁੰਦਾ ਹੈ, ਜਿਸ ਕਾਰਨ ਹਰ ਕੋਈ ਇਸ ਨੂੰ ਆਪਣਾ ਦੁਸ਼ਮਣ ਸਮਝਦਾ ਹੈ।

ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਕੋਈ ਹੋਰ ਸਾਡੇ ਅੰਦਰ ਵੜ ਕੇ ਦਰਦ ਕਰ ਰਿਹਾ ਹੋਵੇ ਅਤੇ ਦੁੱਖ ਦੇ ਰਿਹਾ ਹੋਵੇ ਪਰ ਅਸੀਂ ਕਰ ਕੁਝ ਨਹੀਂ ਸਕਦੇ, ਇਵੇਂ ਬੇਵੱਸੀ ਦੁੱਖ ਨੂੰ ਅਤੇ ਦੁੱਖ ਬੇਵੱਸੀ ਨੂੰ ਵਧਾਉਂਦਾ ਹੈ।

ਤਾਲ-ਮੇਲ ਤੋਂ ਉਖੜੀ ਹਰ ਚੀਜ਼ ਦੁਖੀ ਕਰਦੀ ਹੈ ਅਤੇ ਮਨ ਨੂੰ ਪ੍ਰੇਸ਼ਾਨ ਕਰਨ ਵਾਲੀ ਹਰ ਗੱਲ ਦਰਦ ਦਿੰਦੀ ਹੈ।

ਦਰਦ ਦੀ ਕੋਈ ਪਰਿਭਾਸ਼ਾ ਸੰਭਵ ਨਹੀਂ, ਇਹ ਵੀ ਇਕ ਦਰਦ ਹੈ।

ਦਰਦ ਹਰ ਕਿਸੇ ਲਈ ਅਜਨਬੀ ਹੀ ਰਹਿੰਦਾ ਹੈ।

ਦਰਦ ਕੀ ਹੁੰਦਾ ਹੈ, ਕਿਥੋਂ ਅਉਂਦਾ ਹੈ, ਕਿਉਂ ਹੁੰਦਾ ਹੈ, ਕਿਥੇ ਚਲਾ ਜਾਂਦਾ ਹੈ, ਕਿਥੇ ਚਲਾ ਜਾਂਦਾ ਹੈ, ਆਦਿ ਪ੍ਰਸ਼ਨਾਂ ਦੇ ਕੋਈ ਸੰਤੋਖਜਨਕ ਉਤਰ ਨਹੀਂ ਮਿਲਦੇ। ਦਰਦ ਨਿਰੋਲ ਸਾਡੇ ਨਿਜੀ-ਅਨੁਭਵ 'ਤੇ ਆਧਾਰਿਤ ਹੁੰਦਾ ਹੈ, ਸੋ ਦਰਦ ਬਾਰੇ ਸਹਿਮਤੀ ਸੰਭਵ ਨਹੀਂ, ਪਰ ਇਹ ਪ੍ਰਵਾਨ ਕਿਸੇ ਨੂੰ ਨਹੀਂ ਹੁੰਦਾ ਅਤੇ ਹਰ ਕੋਈ ਕੇਵਲ ਆਪਣੇ ਦਰਦ ਨੂੰ ਦਰਦ ਸਮਝਦਾ ਹੈ ਅਤੇ ਹੋਰਾਂ ਦਾ ਦਰਦ ਉਸ ਨੂੰ ਨਾਟਕ ਹੀ ਪ੍ਰਤੀਤ ਹੁੰਦਾ ਹੈ। ਆਮ ਬੋਲਚਾਲ ਵਿੱਚ ਦੁੱਖ, ਪੀੜ, ਦਰਦ ਆਦਿ ਨੂੰ ਇਕੋ ਜਿਹੇ ਅਰਥਾਂ ਵਿੱਚ ਵਰਤਿਆ ਜਾਂਦਾ ਹੈ, ਪਰ ਇਨ੍ਹਾਂ ਵਿੱਚ ਅੰਤਰ ਹੈ।

ਦੁੱਖ ਸਮਾਜਿਕ, ਪੀੜ ਸਰੀਰਕ ਅਤੇ ਦਰਦ ਮਾਨਸਿਕ ਹੁੰਦਾ ਹੈ।

ਸਰੀਰ ਨੂੰ ਕੱਸਣ ਵਾਲਾ ਹਰ ਵਰਤਾਰਾ ਪੀੜ ਕਹਾਉਂਦਾ ਹੈ।

ਪੀੜ ਸਮੁੱਚੇ ਜੀਵ-ਜੰਤੂ ਜਗਤ ਦਾ ਸਾਂਝਾ ਸਰੀਰਕ ਅਨੁਭਵ ਹੈ। ਮੱਛੀ ਦੇ ਸੰਘ ਵਿਚ ਫਸੀ ਕੁੰਡੀ ਦੀ ਪੀੜ, ਪੁੱਠੇ ਲਟਕਦੇ ਮੁਰਗੇ ਦੀ ਪੀੜ ਅਸਹਿ ਹੁੰਦੀ ਹੈ। ਸੜਨ ਦੀ ਪੀੜ ਸਭ ਤੋਂ ਵੱਧ ਦੁਖਦਾਈ ਹੁੰਦੀ ਹੈ। ਕੰਨ-ਪੀੜ ਅਤੇ ਦੰਦ-ਪੀੜ ਸਾਡਾ ਸੰਤੁਲਨ ਵਿਗਾੜ ਦਿੰਦੀ ਹੈ। ਅਸੀਂ ਪਿੱਠ, ਗੋਡੇ ਜਾਂ ਸਿਰ ਆਦਿ ਬਾਰੇ ਉਦੋਂ ਹੀ ਸੁਚੇਤ ਹੁੰਦੇ ਹਾਂ, ਜਦੋਂ ਇਹ ਪੀੜ ਕਰਦੇ ਹਨ। ਗੋਡੇ ਦੇ ਦਰਦ ਨਾਲ ਸੰਸਾਰ ਸੁੰਗੜ ਜਾਂਦਾ ਹੈ, ਪਿੱਠ ਦੇ ਦਰਦ ਨਾਲ ਮਨੁੱਖ ਸੁੰਗੜ ਜਾਂਦਾ ਹੈ, ਗਰਦਨ ਦੇ ਦਰਦ ਨਾਲ ਜੀਵਨ ਰੁਕ ਜਾਂਦਾ ਹੈ।

ਪੀੜ ਦਾ ਕੇਂਦਰ ਜਿਉਂ ਜਿਉਂ ਦਿਮਾਗ ਦੇ ਨੇੜੇ ਹੁੰਦਾ ਜਾਂਦਾ ਹੈ, ਤਿਉਂ-ਤਿਉਂ ਪੜਿ ਦੀ ਸ਼ਿੱਦਤ ਵੱਧਦੀ ਹੈ। ਪੀੜ ਭਾਵੇਂ ਇਕ ਉਂਗਲ ਕਰੇ, ਹਰ ਪੀੜ ਸਾਰੇ ਸਰੀਰ ਨੂੰ ਬੰਨ੍ਹ ਲੈਂਦੀ ਹੈ। ਛੁਟਕਾਰਾ ਪਾਉਣ ਦਾ ਸਭਤੋਂ ਕਾਹਲਾ ਉਪਰਾਲਾ ਪੀੜ ਵੇਲੇ ਕੀਤਾ ਜਾਂਦਾ ਹੈ।

ਸੰਸਾਰ ਵਿਚ ਸਭ ਤੋਂ ਵਧੇਰੇ ਦਵਾਈਆਂ ਪੀੜ ਬਾਰੇ ਹੀ ਹਨ।

ਪੀੜ ਦਾ ਇਕ ਚੰਗਾ ਪੱਖ ਇਹ ਹੈ ਕਿ ਇਹ ਭੁੱਲ ਜਾਂਦੀ ਹੈ।

ਜੇ ਪੀੜ ਵਿਚ ਭੁਲਾਏ ਜਾਣ ਦਾ ਗੁਣ ਨਾ ਹੁੰਦਾ ਤਾਂ ਕਿਸੇ ਇਸਤਰੀ ਨੇ ਇਕ ਤੋਂ ਵਧੇਰੇ ਬੱਚਿਆਂ ਨੂੰ ਜਨਮ ਨਹੀਂ ਸੀ ਦੇਣਾ।

ਜੇ ਪੀੜ ਅਸਹਿ ਹੋ ਜਾਵੇ ਤਾਂ ਵਿਅਕਤੀ ਬੇਹੋਸ਼ ਹੋ ਜਾਂਦਾ ਹੈ।

ਜੇ ਪੰਛੀਆਂ ਨੂੰ ਅੰਡੇ ਵਿਚੋਂ ਬਾਹਰ ਨਿਕਲਦਿਆਂ ਪੀੜ ਵਿਚੋਂ ਨਾ ਲੰਘਣਾ ਪਵੇ ਤਾਂ ਉਨ੍ਹਾਂ ਵਿਚ ਉਡਣ ਦੀ ਯੋਗਤਾ ਨਹੀਂ ਉਪਜਦੀ। ਬੱਚਿਆਂ ਨੂੰ ਜਨਮ ਦੇਣ ਦੀ ਪੀੜ ਕਾਰਨ ਹੀ ਮਾਂ, ਬੱਚਿਆਂ ਦੇ ਵਧੇਰੇ ਨੇੜੇ ਹੁੰਦੀ ਹੈ ਅਤੇ ਉਸ ਕੋਲ ਹੋਰ ਕੁਝ ਰਹੇ ਨਾ ਰਹੇ, ਬੱਚਿਆਂ ਨੂੰ ਉਹ ਆਪਣੀ ਦੌਲਤ ਸਮਝਦੀ ਹੈ।

ਹਥਿਆਰਾਂ ਅਤੇ ਹਿੰਸਾ ਦੇ ਵਿਭਿੰਨ ਰੂਪਾਂ ਨਾਲ ਪੀੜ ਵੱਧ ਰਹੀ ਹੈ। ਮੁਜਰਿਮਾਂ, ਅਤਿਵਾਦੀਆਂ, ਬਾਗ਼ੀਆਂ, ਆਤੰਕਵਾਦੀਆਂ, ਸੰਗ੍ਰਾਮੀਆਂ, ਜੰਗੀ-ਕੈਦੀਆਂ, ਸ਼ਹੀਦਾਂ ਆਦਿ ਨੂੰ ਹਾਕਮ ਪੀੜ-ਭਰੇ ਤਸੀਹੇ ਦਿੰਦੇ ਹਨ।

ਪੀੜ ਤੋਂ ਹਰ ਕੋਈ ਬਚਣਾ ਚਾਹੁੰਦਾ ਹੈ।

ਪੀੜ ਕਿਸੇ ਨਾਲ ਵਟਾਈ ਨਹੀਂ ਜਾ ਸਕਦੀ, ਇਹ ਇਕੱਲਿਆਂ ਆਪ ਹੀ ਸਹਿਣੀ ਪੈਂਦੀ ਹੈ ਪਰ ਪੀੜ ਦੀ ਸਿਖਰ ਉਪਰੰਤ, ਇਸ ਨੂੰ ਸਹਿਣਾ ਸੌਖਾ ਹੋ ਜਾਂਦਾ ਹੈ। ਸਹਿੰਦੇ ਰਹਿਣ ਕਾਰਨ, ਇਸ ਦੀ ਆਦਤ ਪੈ ਜਾਂਦੀ ਹੈ।

ਕਿਉਂਕਿ ਪੀੜ ਥੋੜ੍ਹਾ ਚਿਰ ਰਹਿੰਦੀ ਹੈ, ਸੋ ਸੰਸਾਰ ਵਿਚ ਵਧੇਰੇ ਚਰਚਾ ਦੁੱਖ ਅਤੇ ਦਰਦ ਦੀ ਹੋਈ ਹੈ। ਦੁੱਖ ਵਿਚ ਦਰਦ ਹੁੰਦਾ ਹੈ, ਦਰਦ ਵਿਚ ਦੁੱਖ ਹੁੰਦਾ ਹੈ, ਸੋ ਦੁੱਖ-ਦਰਦ ਦੀ ਸ਼ਬਦਾਵਲੀ ਦੀ ਸਾਂਝੀ ਵਰਤੋਂ ਵੀ ਕਰ ਲਈ ਜਾਂਦੀ ਹੈ। ਦੁੱਖ ਸਰਬਵਿਆਪਕ ਹੈ। ਸੰਸਾਰ ਵਿਚ ਕਿਸੇ ਨੂੰ ਵੀ ਸਭ ਕੁਝ ਨਹੀਂ ਮਿਲਦਾ। ਭਾਵੇਂ ਗੱਲਾਂ ਸਾਰੇ ਸਰਬੱਤ ਦੇ ਭਲੇ ਦੀਆਂ ਕਰਦੇ ਹਨ ਪਰ ਹਰ ਕਿਸੇ ਦੀ ਅਰਦਾਸ ਇਹੀ ਹੁੰਦੀ ਹੈ ਕਿ 'ਵਾਹਿਗੁਰੂ, ਸਭ ਦਾ ਭਲਾ ਕਰ ਪਰ ਸ਼ੁਰੂ ਮੇਰੇ ਤੋਂ ਕਰ ਅਤੇ ਮੇਰੇ ਦੁੱਖਾਂ ਨੂੰ ਸਭ ਤੋਂ ਪਹਿਲਾਂ ਦੂਰ ਕਰ।' ਭਾਵੇਂ ਹਰ ਕਿਸੇ ਨੂੰ ਆਪਣੇ ਹੀ ਦੁੱਖ ਪ੍ਰਵਾਨ ਹੁੰਦੇ ਹਨ ਪਰ ਕੁਝ ਦੁੱਖ ਪ੍ਰਤੱਖ ਰੂਪ ਵਿਚ ਦੁੱਖ ਹੁੰਦੇ ਹਨ, ਜਿਵੇਂ ਗਰੀਬੀ, ਲਾਚਾਰੀ, ਕਲੰਕ, ਅਪਮਾਨ, ਵਿਛੋੜਾ, ਤਲਾਕ, ਅਕਾਲ-ਚਲਾਣਾ ਆਦਿ।

ਹਰ ਦੁੱਖ ਆਪਣੀ ਕਿਸਮ ਦਾ ਦਰਦ ਉਪਜਾਉਂਦਾ ਹੈ, ਜਿਵੇਂ ਕੁਝ ਸੰਤਾਨ ਨਾ ਹੋਣ ਕਰਕੇ ਦੁਖੀ ਹਨ, ਕਝ ਸੰਤਾਨ ਤੋਂ ਹੀ ਦੁਖੀ ਹਨ, ਕਈਆਂ ਤੋਂ ਉਨ੍ਹਾਂ ਦੀ ਸੰਤਾਨ ਹੀ ਦੁਖੀ ਹੈ। ਦੁੱਖ ਵਿਚ ਸੁੱਖ ਦੀ ਆਸ ਮੁੱਕ ਜਾਂਦੀ ਹੈ ਅਤੇ ਲੀਹੋਂ ਲੱਥੇ ਦੁੱਖੀ ਮਨੁੱਖ ਨੂੰ ਜੀਵਨ ਨਾਲ ਇਕ-ਸੁਰ ਹੋਣ ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ। ਇਕ ਦੁੱਖ ਮੁੱਕਦਾ ਹੈ, ਕਈ ਨਵੇਂ ਆ ਜਾਂਦੇ ਹਨ। ਦਿਲ ਦੇ ਦੌਰੇ ਮਗਰੋਂ ਅਧਰੰਗ ਦਾ ਦੌਰਾ ਪੈ ਜਾਂਦਾ ਹੈ,

ਗੋਡਿਆਂ ਦਾ ਦਰਦ ਪਹਿਲਾਂ ਹੀ ਹੈ, ਨੂੰਹ ਤਲਾਕ ਦਾ ਮੁਕੱਦਮਾ ਕਰ ਦਿੰਦੀ ਹੈ। ਬੀਮਾਰ ਪਤਨੀ ਹੁੰਦੀ ਹੈ, ਚਲਾਣਾ ਪਤੀ ਕਰ ਜਾਂਦਾ ਹੈ। ਹਰ ਕੋਈ ਆਪਣੀ-ਆਪਣੀ ਸਮਰੱਥਾ ਅਨੁਸਾਰ ਦੁਖੀ ਹੈ।

ਵੇਖਿਆ ਗਿਆ ਹੈ ਕਿ ਭਾਵੇਂ ਕੋਈ ਅਮੀਰ ਹੈ ਜਾਂ ਗਰੀਬ ਹੈ, ਜੀਵਨ ਵਿੱਚ ਦੁੱਖ-ਸੁੱਖ ਦਾ ਅਨੁਪਾਤ ਬਰਾਬਰ ਰਹਿੰਦਾ ਹੈ।

ਕੋਈ ਪੂਰੀ ਤਰ੍ਹਾਂ ਦੁਖੀ ਨਹੀਂ ਹੁੰਦਾ, ਕੋਈ ਪੂਰਨ ਭਾਂਤ ਸੁਖੀ ਨਹੀਂ ਹੁੰਦਾ।

ਕਿਉਂਕਿ ਹਰ ਕੋਈ ਪ੍ਰੇਸ਼ਾਨ, ਮਾਯੂਸ ਅਤੇ ਦੁਖੀ ਹੈ, ਸੋ ਅਸੀਂ ਵੀ ਆਪਣੇ ਦੁੱਖ ਬਰਦਾਸ਼ਤ ਕਰੀ ਜਾਂਦੇ ਹਾਂ। ਦੁੱਖ ਕਿਤਨਾ ਵੀ ਹੋਵੇ, ਦੁੱਖ ਵਿਚ ਕੁਝ ਸੁਖਾਲੇ ਦਿਨ ਵੀ ਆ ਜਾਂਦੇ ਹਨ ਅਤੇ ਸਹਿੰਦੇ ਰਹਿਣ ਕਾਰਨ ਪੁਰਾਣਾ ਦੁੱਖ, ਦੁੱਖ ਲਗਣੋਂ ਹੱਟ ਜਾਂਦਾ ਹੈ, ਕਿਉਂਕਿ ਦੁੱਖ ਦੌਰਾਨ ਸਮਾਜ, ਸਹਿਯੋਗੀ ਧਿਰ ਬਣ ਜਾਂਦਾ ਹੈ।

ਹੋਰਾਂ ਦੇ ਦੁੱਖ ਵੇਖ-ਸੁਣ ਕੇ ਆਪਣੇ ਦੁੱਖ ਸਹਿਣਯੋਗ ਬਣ ਜਾਂਦੇ ਹਨ।

ਦੁੱਖ ਸਮਾਜਿਕ ਵਰਤਾਰਾ ਹੈ ਪਰ ਕਈ ਦੁੱਖ ਮਿਲਦੇ ਵੀ ਸਮਾਜ ਤੋਂ ਹੀ ਹਨ। ਕਈ ਬੰਦੇ ਵੇਖ ਕੇ, ਅੱਖਾਂ ਪੀੜ ਕਰਨ ਲਗ ਪੈਂਦੀਆਂ ਹਨ ਅਤੇ ਕਈ ਨਾਂ ਸੁਣ ਕੇ ਕੰਨ ਦੁਖਣ ਲੱਗ ਪੈਂਦੇ ਹਨ। ਇਹ ਸੋਚ ਕੇ ਵੀ ਬੰਦਾ ਦੁਖੀ ਹੁੰਦਾ ਹੈ ਕਿ ਦੁਨੀਆ ਨੇ ਚਲਦੀ ਰਹਿਣਾ ਹੈ, ਸਾਡੇ ਬਗੈਰ ਵੀ ਅਤੇ ਸਾਡੇ ਮਗਰੋਂ ਵੀ।

ਸਮੇਂ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਅਸੀਂ ਅੱਠ ਦੇ ਹਾਂ, ਅਠਾਈ ਦੇ ਜਾਂ ਅਠਾਸੀ ਦੇ। ਅਜੋਕੇ ਸੰਸਾਰ ਦਾ ਸਭ ਤੋਂ ਵੱਡਾ ਦਰਦ ਇਹ ਹੈ ਕਿ ਅਸੀਂ ਜਿਸ ਨੂੰ ਵੀ ਆਪਣਾ ਦਰਦ ਦਸਦੇ ਹਾਂ, ਉਹ ਸਾਡੇ ਨਾਲੋਂ ਵੀ ਵਧੇਰੇ ਦੁਖੀ ਹੋਣ ਕਰਕੇ, ਆਪਣੇ ਦੁੱਖ-ਦਰਦ ਸੁਣਾਉਣ ਲੱਗ ਪੈਂਦਾ ਹੈ।

ਬੁਢਾਪੇ ਵਿਚ ਪਤਨੀ ਦੇ ਮਰਨ ਤੇ ਜਿਹੜੇ ਵਿਰਲਾਪ ਕਰਦੇ ਹਨ, ਉਹ ਸੋਚਣ ਕਿ ਉਸ ਬੱਚੇ ਨਾਲ ਕੀ ਗੁਜ਼ਰਦੀ ਹੋਵੇਗੀ, ਜਿਸ ਦੀ ਮਾਂ ਮਰ ਗਈ ਹੋਵੇ। ਕਈ ਆਤਮਘਾਤ ਕਰਨ ਦਾ ਦੁੱਖ ਵੀ ਜਰ ਲੈਂਦੇ ਹਨ ਪਰ ਬਹੁਤਿਆਂ ਕੋਲ ਆਪਣੀ ਫੋਟੋ ਪਾੜਨ ਦੀ ਵੀ ਹਿੰਮਤ ਨਹੀਂ ਹੁੰਦੀ। ਕਈ ਬੁੱਢਾਪੇ ਨੂੰ ਕੋਸਦੇ ਹਨ ਪਰ ਕਈ ਜਵਾਨੀ ਵਿਚ ਹੀ ਮਰ ਜਾਂਦੇ ਹਨ। ਸੰਸਾਰ ਵਿਚ ਕਿਸੇ ਚੀਜ਼ ਦਾ ਅੰਤ ਨਹੀਂ। ਅੰਤ ਸੁੱਖ ਦਾ ਹੀ ਦਿਸਦਾ ਹੈ, ਦੁੱਖ ਦਾ ਅੰਤ ਵਿਖਾਈ ਨਹੀਂ ਦਿੰਦਾ। ਹੁਣ ਤਾਂ ਦਰਦ ਦੀ ਚਰਚਾ ਵੀ ਦੁਖੀ ਕਰਦੀ ਹੈ।

ਸਾਰੇ ਦੁਖਾਂ-ਦਰਦਾਂ ਦੇ, ਡਾਕਟਰਾਂ ਨੇ ਨਵੇਂ ਅਤੇ ਮਹਿੰਗੇ ਨਾਂ ਰੱਖ ਦਿੱਤੇ ਹਨ, ਸੋ ਇਲਾਜ ਵਿਚ ਭ੍ਰਿਸ਼ਟਾਚਾਰ ਇਕ ਨਵਾਂ ਦਰਦ ਬਣ ਗਿਆ ਹੈ।

ਦੁਖੀ ਵਿਅਕਤੀ ਜ਼ਿੰਦਗੀ ਨੂੰ ਫ਼ਾਸਲੇ ਤੋਂ ਵੇਖਣ ਲੱਗ ਪੈਂਦਾ ਹੈ ਅਤੇ ਨੇੜੇ ਆਉਣ ਤੋਂ ਡਰਦਾ ਹੈ, ਕਿਉਂਕਿ ਉਸ ਨੂੰ ਪ੍ਰਸੰਨਤਾ ਇਕ ਪਖੰਡ ਲਗਦੀ ਹੈ।

ਚਾਲ੍ਹੀ ਸਾਲ ਦੀ ਉਮਰ ਵਿਚ ਮਨੁੱਖ ਮੌਤ ਪ੍ਰਤੀ ਸੁਚੇਤ ਹੋਣ ਲੱਗ ਪੈਂਦਾ ਹੈ ਅਤੇ ਸਭ ਪਾਸੇ ਤੋਂ ਤਬਲੇ ਵਾਂਗ ਕੱਸਿਆ ਜਾਣ ਕਰਕੇ ਉਹ ਦੁਖੀ ਹੋਣ ਲੱਗ ਪੈਂਦਾ ਹੈ। ਪੁਰਸ਼ ਨੂੰ ਸੋਚਣ ਦੇ ਨਾਲ ਚਿੰਤਾ ਕਰਨ ਦਾ ਦੁੱਖ ਵੀ ਹੰਢਾਉਣਾ ਪੈਂਦਾ ਹੈ, ਜਦੋਂ ਕਿ ਇਸਤਰੀ ਨੂੰ ਸਰੀਰਕ ਅਤੇ ਪਰਿਵਾਰਕ ਦੁੱਖ ਆਣ ਘੇਰਦੇ ਹਨ। ਦੁਖੀ ਹੋਣ ਦੀ ਆਦਤ ਕਾਰਨ ਵੀ ਉਹ ਵਧੇਰੇ ਦੁਖੀ ਹੁੰਦੀ ਹੈ ਅਤੇ ਵਧੇਰੇ ਵਾਰ ਦਰਦ ਵਿਚੋਂ ਲੰਘਦੀ ਹੈ। ਪਰਿਵਾਰ ਦੇ ਕਿਸੇ ਵੀ ਜੀਅ ਲਈ ਜਦੋਂ ਕੋਈ ਮੁਸ਼ਕਿਲ ਉਪਜਦੀ ਹੈ, ਉਸ ਦਾ ਸਿੱਧਾ ਸੇਕ ਇਸਤਰੀ ਨੂੰ ਲੱਗਦਾ ਹੈ।

ਇਸਤਰੀ ਲਈ ਸਭ ਤੋਂ ਵੱਡਾ ਦੁੱਖ ਵਿਧਵਾ ਹੋਣਾ ਹੁੰਦਾ ਹੈ, ਇਸਤਰੀ ਦੇ ਅੱਥਰੂ ਮੁੱਕ ਜਾਂਦੇ ਹਨ ਪਰ ਉਸ ਦਾ ਦਰਦ ਨਹੀਂ ਮੁੱਕਦਾ। ਪਿਤਾ ਦੇ ਮਰਨ ਨਾਲ ਪੁੱਤਰਾਂ ਨੂੰ ਘਾਟਾ ਪੈਂਦਾ ਹੈ, ਧੀਆਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪੈਂਦਾ ਹੈ। ਮਾਤਾ-ਪਿਤਾ ਦੇ ਅਕਾਲ-ਚਲਾਣੇ ਨਾਲ, ਪੁੱਤਰਾਂ ਨੂੰ ਘਰ ਖੁੱਲ੍ਹਾ-ਖੁੱਲ੍ਹਾ ਲੱਗਦਾ ਹੈ, ਧੀਆਂ ਨੂੰ ਖਾਲ੍ਹੀ-ਖਾਲ੍ਹੀ। ਪੁੱਤਰ ਜਾਇਦਾਦਾਂ ਵੰਡਾਉਂਦੇ ਹਨ, ਧੀਆਂ ਦੁੱਖ ਵੰਡਾਉਣ ਜੋਗੀਆਂ ਹੀ ਰਹਿ ਜਾਂਦੀਆਂ ਹਨ।

ਔਰਤ ਦਾ ਔਰਤ ਹੋਣਾ ਹੀ, ਉਸ ਦਾ ਸਭ ਤੋਂ ਵੱਡਾ ਦਰਦ ਹੈ।

ਦਰਦ ਦੇ ਦੌਰਾਨ ਭਾਵੇਂ ਆਲੇ-ਦੁਆਲੇ ਵਿਚ ਕਿਤਨੇ ਵੀ ਲੋਕ ਹੋਣ, ਪੀੜਤ ਵਿਅਕਤੀ ਇਕੱਲਾ ਅਤੇ ਅਪਮਾਨਿਤ ਮਹਿਸੂਸ ਕਰਦਾ ਹੈ ਅਤੇ ਖਾਲ੍ਹੀ-ਖਾਲ੍ਹੀ ਅੱਖਾਂ ਨਾਲ ਉਹ ਕਮਲਿਆਂ ਵਾਂਗ ਵੇਖਦਾ ਹੈ।

ਦੁੱਖ ਵਿਚ ਉਸ ਦੇ ਹਰ ਸਾਹ ਨਾਲ, ਹਾਏ ਜੁੜ ਜਾਂਦੀ ਹੈ।

ਕਈ ਵਾਰੀ ਪੀੜ, ਦੁੱਖ ਅਤੇ ਦਰਦ ਤਿੰਨੇ ਇਕੱਠੇ ਹੀ ਹਮਲਾ ਕਰ ਦਿੰਦੇ ਹਨ ਅਤੇ ਕੁਝ ਵੀ ਮਹੱਤਵਪੂਰਨ ਨਹੀਂ ਲੱਗਦਾ ਅਤੇ ਮਨੁੱਖ ਆਤਮਘਾਤ ਕਰਨ ਬਾਰੇ ਸੋਚਣ ਲੱਗ ਪੈਂਦਾ ਹੈ, ਕਿਉਂਕਿ ਜਿਸ ਦਰਦ ਦੀ ਸਮਝ ਨਾ ਆਵੇ ਉਹ ਦਰਦ ਵਧੇਰੇ ਪ੍ਰੇਸ਼ਾਨ ਕਰਦਾ ਹੈ।

ਬਜ਼ੁਰਗ ਸਿਆਣੇ ਹੋਣ ਕਰਕੇ ਵਿਸ਼ਾਲ ਅਤੇ ਡੂੰਘੇ ਅਨੁਭਵ ਕਾਰਨ ਸਾਰੇ ਦਰਦ ਸਹਿ ਲੈਂਦੇ ਹਨ ਪਰ ਉਨ੍ਹਾਂ ਨੂੰ ਵੀ ਜੇ ਕਿਸੇ ਨਵੇਂ ਦਰਦ ਨਾਲ ਨਿਪਟਣਾ ਪਏ ਤਾਂ ਉਹ ਵੀ ਘਬਰਾ ਜਾਂਦੇ ਹਨ।

ਤਿੱਖੇ ਦਰਦ ਵਿਚ ਮਨੁੱਖ ਅੰਨ੍ਹੇ ਵਿਅਕਤੀ ਵਾਂਗ ਵਿਹਾਰ ਕਰਦਾ ਹੈ।

ਵੇਖਿਆ ਗਿਆ ਹੈ ਤਿੱਖੇ ਦਰਦ ਬਹੁਤਾ ਚਿਰ ਨਹੀਂ ਰਹਿੰਦੇ ਅਤੇ ਬਹੁਤਾ ਚਿਰ ਰਹਿਣ ਵਾਲੇ ਦਰਦ ਤਿੱਖੇ ਨਹੀਂ ਹੁੰਦੇ। ਜਦੋਂ ਦਰਦ ਤੋਂ ਛੁਟਕਾਰਾ ਪਾਉਣ ਦਾ ਕੋਈ ਉਪਰਾਲਾ ਸੰਭਵ ਨਾ ਹੋਵੇ ਤਾਂ ਪੀੜਤ ਵਿਅਕਤੀ ਨੂੰ ਸੁਆਉਣ ਦਾ ਯਤਨ ਕੀਤਾ ਜਾਂਦਾ ਹੈ ਪਰ ਦਰਦ ਉਠਦਿਆਂ ਹੀ ਉਹ ਜਾਗ ਪੈਂਦਾ ਹੈ ਅਤੇ ਪਹਿਲੇ ਨਾਲੋਂ ਵੀ ਵਧੇਰੇ ਪ੍ਰੇਸ਼ਾਨ ਨਜ਼ਰ ਆਉਂਦਾ ਹੈ।

ਹਸਪਤਾਲ ਦਾ ਸਭ ਤੋਂ ਦੁਖਦਾਈ ਵਾਰਡ, ਆਤਮਘਾਤ ਦਾ ਯਤਨ ਕਰਨ ਵਾਲਿਆਂ ਅਤੇ ਅੱਗ ਨਾਲ ਝੁਲਸੇ ਮਰੀਜ਼ਾਂ ਵਾਲਾ ਹੁੰਦਾ ਹੈ।

ਇਹ ਦੋਵੇਂ ਵਰਤਾਰੇ ਦੁੱਖ ਵਿਚੋਂ ਉਪਜਦੇ ਹਨ ਅਤੇ ਇਹ ਜ਼ਿੰਦਗੀ ਅਤੇ ਮੌਤ ਵਿਚਕਾਰ ਲਟਕਣ ਦੀ ਹਾਲਤ ਹੁੰਦੀ ਹੈ। ਦਰਦ ਨਾਲ ਹੌਲੀ-ਹੌਲੀ, ਜ਼ਿੰਦਗੀ ਕਮਜ਼ੋਰ ਅਤੇ ਮੌਤ ਮਜ਼ਬੂਤ ਹੁੰਦੀ ਜਾਂਦੀ ਹੈ।

ਸੜੀਆਂ ਹੋਈਆਂ ਇਸਤਰੀਆਂ ਘੱਟ ਬਚਦੀਆਂ ਹਨ, ਕਿਉਂਕਿ ਉਹ ਕਰੂਪ ਚਿਹਰੇ ਅਤੇ ਸਰੀਰ ਨਾਲ ਰੋਜ਼ ਮੌਤ ਹੰਢਾਉਣ ਨਾਲੋਂ ਇਕ ਵਾਰੀ ਮਰਨ ਨੂੰ ਤਰਜੀਹ ਦਿੰਦੀਆਂ ਹਨ। ਅਜਿਹੇ ਵਾਰਡਾਂ ਵਿਚ ਸਾਰਾ ਸਟਾਫ ਵੀ ਮਾਨਸਿਕ ਪੱਖੋਂ ਪੀੜਤ ਹੁੰਦਾ ਹੈ, ਕਿਉਂਕਿ ਸਮੁੱਚਾ ਮਾਹੌਲ ਮੌਤ ਵਾਲਾ ਹੁੰਦਾ ਹੈ। ਇਕ ਅਜਿਹੇ ਵਾਰਡ ਵਿਚ, ਸਾਰੇ ਸੜੇ ਹੋਏ ਮਰੀਜ਼ ਦੇ ਸਰੀਰ 'ਤੇ, ਹਰ ਰੋਜ਼ ਪਹਿਲੀ ਪੱਟੀ ਲਾਹ ਕੇ ਨਵੀਂ ਪੱਟੀ ਕੀਤੀ ਜਾਂਦੀ ਸੀ। ਜੇ ਨਰਸਾਂ ਪਹਿਲੀ ਪੱਟੀ ਨੂੰ ਹੌਲੀ-ਹੌਲੀ ਲਾਹੁੰਦੀਆਂ ਸਨ ਤਾਂ ਮਰੀਜ਼ ਨੂੰ ਦਰਦ ਘੱਟ ਹੁੰਦੀ ਸੀ ਪਰ ਘੰਟੇ ਚਾਰ ਲਗਦੇ ਸਨ ਪਰ ਨਰਸਾਂ ਲਈ ਸੜੇ ਹੋਏ ਸਰੀਰ ਦੇ ਭਿਆਨਕ ਜ਼ਖ਼ਮ ਵੇਖਣੇ ਅਸਹਿ ਹੁੰਦੇ ਸਨ ਅਤੇ ਕਈ ਨਰਸਾਂ ਨੂੰ ਤਾਂ ਉਲਟੀ ਆ ਜਾਂਦੀ ਸੀ, ਸੋ ਉਹ ਉਨ੍ਹਾਂ ਪੱਟੀਆਂਨੂੰ ਬੇਰਹਿਮੀ ਨਾਲ ਖਿੱਚ-ਖਿੱਚ ਕੇ ਇਕ ਘੰਟੇ ਵਿਚ ਲਾਹ ਦਿੰਦੀਆਂ ਸਨ ਅਤੇ ਮਰੀਜ਼ ਦੀਆਂ ਚੀਕਾਂ ਪੰਜ-ਪੰਜ ਮੀਲ ਤੱਕ ਸੁਣਾਈ ਦਿੰਦੀਆਂ ਸਨ।

ਅਜਿਹੀ ਹਾਲਤ ਵਿਚ ਨਿਰਣਾ ਨਹੀਂ ਕੀਤਾ

ਜਾ ਸਕਦਾ ਕਿ ਕੌਣ ਠੀਕ ਸੀ ਅਤੇ ਕੌਣ ਗਲਤ ਸੀ ਪਰ ਇਹ ਸਪੱਸ਼ਟ ਹੈ ਕਿ ਮਰੀਜ਼ ਅਤੇ ਨਰਸਾਂ ਦੋਵੇ ਦੁੱਖੀ ਸਨ। ਦੁੱਖੀ ਬੰਦੇ ਨੂੰ ਵੇਖਣਾ ਵੀ ਦਰਦ ਉਪਜਾਉਂਦਾ ਹੈ। ਦੁੱਖੀ ਵਿਅਕਤੀ ਵਾਤਾਵਰਣ ਨੂੰ ਵੀ ਦੁਖਦਾਈ ਬਣਾ ਦਿੰਦਾ ਹੈ।

ਸਰੀਰਕ ਪੀੜ ਨਾਲੋਂ ਮਾਨਸਿਕ ਦਰਦ ਵਧੇਰੇ ਪ੍ਰੇਸ਼ਾਨ ਕਰਦਾ ਹੈ, ਕਿਉਂਕਿ ਪੀੜ ਦੀ ਮਿਆਦ ਹੁੰਦੀ ਹੈ ਪਰ ਦਰਦ ਮੁੱਕਦਾ ਹੀ ਨਹੀਂ ਅਤੇ ਦੁੱਖ, ਜ਼ਿੰਦਗੀ ਖੋਰਦਾ ਰਹਿੰਦਾ ਹੈ। ਦਰਦ ਦੌਰਾਨ ਹਉਮੈ ਮੁੱਕ ਜਾਂਦੀ ਹੈ, ਅਣਖ ਸੌਂ ਜਾਂਦੀ ਹੈ, ਅਹੁਦੇ ਦਾ ਮਾਣ ਗੁਆਚ ਜਾਂਦਾ ਹੈ, ਮਾਨ-ਸਨਮਾਨ ਰੁਲ ਜਾਂਦੇ ਹਨ, ਆਲਾ ਦੁਆਲਾ ਹੀ ਨਹੀਂ, ਧਰਤੀ-ਅਸਮਾਨ ਵੀ ਡਗਮਗਾ ਜਾਂਦੇ ਹਨ। ਦਰਦ ਨਾਲ ਥੱਕੇ ਹੋਏ ਸਰੀਰ ਵਿਚ ਜਿਊਣ ਦੀ ਹਿੰਮਤ ਹੀ ਨਹੀਂ ਰਹਿੰਦੀ, ਦਿਲ ਡੁੱਬਣਲੱਗ ਜਾਂਦਾ ਹੈ, ਚੇਤਨਾ ਖੁਰਨ ਲੱਗ ਪੈਂਦੀ ਹੈ। ਅਜਿਹੀ ਹਾਲਤ ਵਿਚ ਮਨੁੱਖ ਚਲਾਣਾ ਕਰਨ ਬਾਰੇ ਸੋਚਣ ਲੱਗ ਪੈਂਦਾ ਹੈ। ਇਵੇਂ ਦੁੱਖ ਵਿਚੋਂ ਦਰਦ ਅਦੇ ਦਰਦ ਵਿਚੋਂ ਦੁੱਖ ਉਪਜਣ ਦਾ ਸਿਲਸਿਲਾ ਜ਼ਿੰਦਗੀ ਨੂੰ ਮੌਤ ਦੇ ਇਤਨਾ ਨੇੜੇ ਕਰ ਦਿੰਦਾ ਹੈ ਕਿ ਜ਼ਿੰਦਗੀ-ਮੌਤ ਵਿਚਲਾ ਅੰਤਰ ਸਪੱਸ਼ਟ ਨਹੀਂ ਰਹਿੰਦਾ।

ਕਿਸੇ ਵੀ ਰਿਸ਼ਤੇ ਦਾ ਅਤੇ ਵਿਸ਼ੇਸ਼ ਕਰਕੇ ਪਿਆਰ ਦਾ ਟੁੱਟਣਾ ਬੜਾ ਵੱਡਾ ਦਰਦ ਹੁੰਦਾ ਹੈ, ਜਿਸ ਵਿਚੋਂ ਸਮਾਜ ਵਿਚ ਅਨੇਕਾਂ ਆਤਮਘਾਤ ਵਾਪਰਦੇ ਹਨ। ਇਕੱਲਾ ਵਿਅਕਤੀ ਸਮਾਜ ਅਤੇ ਪਰੰਪਰਾ ਨਾਲ ਲੜ ਨਹੀਂ ਸਕਦਾ। ਇਸ ਜਦੋ-ਜਹਿਦ ਵਿਚ ਜਿੱਤਣ ਅਤੇ ਹਾਰਨ ਵਾਲੇ ਦੋਹਾਂ ਦੀ ਹਾਲਤ ਤਰਸਯੋਗ ਹੀ ਹੁੰਦੀ ਹੈ। ਪ੍ਰੇਮੀ ਇਕ-ਦੂਜੇ ਦਾ ਦਰਦ ਵੰਡਾਉਂਦੇ-ਵੰਡਾਉਂਦੇ ਇਕ-ਦੂਜੇ ਦਾ ਦਰਦ ਬਣ ਜਾਂਦੇ ਹਨ।

ਪਿਆਰ ਵਿਚ ਸ਼ਿੱਦਤ ਹੁੰਦੀ ਹੈ, ਜਿਸ ਨੂੰ ਕੇਵਲ ਜਵਾਨੀ ਬਰਦਾਸ਼ਤ ਕਰ ਸਕਦੀ ਹੈ, ਸੋ ਦੁੱਖ-ਦਰਦ ਦਾ ਪਹਿਲਾ ਅਨੁਭਵ ਜਵਾਨੀ ਵਿਚ ਹੀ ਹੁੰਦਾ ਹੈ।

ਦਰਦ ਹਮੇਸ਼ਾ ਨਵਾਂ ਹੁੰਦਾ ਹੈ ਅਤੇ ਇਹ ਸਪੱਸ਼ਟ ਕਰ ਦਿੰਦਾ ਹੈ ਕਿ ਅਸੀਂ ਉਹ ਨਹੀਂ ਹਾਂ, ਜੋ ਅਸੀਂ ਆਪਣੇ-ਆਪ ਨੂੰ ਸਮਝਦੇ ਰਹੇ ਹੁੰਦੇ ਹਾਂ। ਦੁੱਖ-ਦਰਦ ਜੀਵਨ ਦੀਆਂ ਬਰੇਕਾਂ ਹਨ। ਇਹ ਸਮਾਜ ਦੇ ਲਾਏ ਹੋਏ ਨਾਕੇ ਹਨ।

ਦੁੱਖ-ਦਰਦ ਨਾਲ ਮਨੁੱਖ ਸਿਆਣਾ ਨਹੀਂ ਹੁੰਦਾ, ਦੁੱਖ-ਦਰਦ ਦੀ ਹਾਲਤ ਵਿਚ, ਉਹ ਜੋ ਸੋਚਦਾ-ਮਹਿਸੂਸ ਦਾ ਹੈ, ਸਿਆਣਾ ਉਹ ਉਸ ਨਾਲ ਹੁੰਦਾ ਹੈ।

ਕਿਸੇ ਦੇ ਜੀਵਨ ਵਿਚ ਅਕਸਰ ਪਿਆਰ ਪਹਿਲਾ ਸੰਕਟ ਹੁੰਦਾ ਹੈ।

ਹਰ ਸੰਕਟ ਮਨੁੱਖ ਨੂੰ ਸੋਚਣ ਲਈ ਮਜਬੂਰ ਕਰਦਾ ਹੈ।

ਜਿਸ ਨੂੰ ਸੰਕਟ ਨਹੀਂ ਪੈਂਦੇ, ਉਸ ਦੇ ਚਰਿੱਤਰ ਅਤੇ ਵਿਹਾਰ ਵਿਚ ਵਿਸ਼ਾਲਤਾ ਅਤੇ ਡੂੰਘਾਈ ਨਹੀਂ ਹੁੰਦੀ।

ਇਕ ਅਮੀਰ ਘਰਾਣੇ ਦਾ ਚਿੱਤਰਕਾਰ, ਚਿੱਤਰ ਚੰਗੇ ਬਣਾਉਂਦਾ ਸੀ ਪਰ ਉਸ ਦੇ ਚਿੱਤਰਾਂ ਵਿਚ ਲੋੜੀਂਦੀ ਡੂੰਘਾਈ ਨਹੀਂ ਸੀ, ਜਿਸ ਕਾਰਨ ਉਹ ਆਪਣੇ ਕਾਰਜ ਨਾਲ ਸੰਤੁਸ਼ਟ ਨਹੀਂ ਸੀ। ਜਦੋਂ ਉਸ ਨੇ ਇਕ ਉਸਤਾਦ-ਚਿੱਤਰਕਾਰ ਤੋਂ ਇਸ ਘਾਟ ਦਾ ਕਾਰਨ ਪੁੱਛਿਆ ਤਾਂ ਉਸਤਾਦ ਨੇ ਦੱਸਿਆ ਕਿ ਤੇਰੇ ਚਿੱਤਰਾਂ ਵਿਚ ਡੂੰਘਾਈ ਨਹੀਂ, ਕਿਉਂਕਿ ਤੈਨੂੰ ਨਾ ਗਰੀਬੀ ਦਾ ਸੰਤਾਪ ਸਹਿਣਾ ਪਿਆ ਹੈ, ਨਾ ਹੀ ਪਿਆਰ ਦੇ ਖੇਤਰ ਵਿਚ ਜਦੋ ਜਹਿਦ ਕਰਨੀ ਪਈ ਹੈ, ਸੋ ਤੂੰ ਜ਼ਿੰਦਗੀ ਦੇ ਸੰਤਾਪਾਂ ਅਤੇ ਅੰਤਰ-ਵਿਰੋਧਾਂ ਨੂੰ ਹੰਢਾਇਆ ਹੀ ਨਹੀਂ, ਤੇਰਾ ਸਮਾਂ ਦੁਖਾਂ ਵਿਚੋਂ ਗੁਜ਼ਰਨ ਵਿਚ ਨਹੀਂ, ਸੁੱਖ ਮਾਣਨ ਵਿਚ ਲੰਘਿਆ ਹੈ, ਜਿਸ ਕਾਰਨ ਤੇਰੀ ਕਲਾ ਬਾਂਝ ਹੈ।

ਕਲਾ ਦਾ ਖੇਤਰ ਸੁੱਖ-ਰਹਿਣੇ ਲੋਕਾਂ ਲਈ ਨਹੀਂ ਹੁੰਦਾ। ਜਿਹੜੇ ਦੁੱਖ ਨਹੀਂ ਹੰਢਾ ਸਕਦੇ, ਉਹ ਇਸ ਖੇਤਰ ਵਿਚ ਅਜਨਬੀ ਹੀ ਰਹਿੰਦੇ ਹਨ।

ਜਿਸ ਦੀ ਜ਼ਿੰਦਗੀ ਵਿਚ ਦਰਦ ਨਹੀਂ ਹੁੰਦਾ, ਜਿਸ ਨੂੰ ਨਾ ਪੂਰੇ ਹੋਣ ਵਾਲੇ ਘਾਟੇ ਨਹੀਂ ਪੈਂਦੇ, ਉਸ ਦੀ ਜ਼ਿੰਦਗੀ ਵਿਚ ਕਲਾ ਨਹੀਂ ਹੁੰਦੀ।

ਗੀਤ ਸਿਰਜਣ ਦੀ ਪੀੜ ਗੀਤਕਾਰ ਹੰਢਾਉਂਦਾ ਹੈ, ਲੋਕ ਉਸ ਦੇ ਗੀਤਾਂ ਦਾ ਆਨੰਦ ਹੀ ਮਾਣਦੇ ਹਨ। ਗੀਤਕਾਰ ਆਪਣੇ ਗੀਤਾਂ ਵਿਚ ਆਪਣਾ ਦਰਦ ਗੁੰਨ੍ਹਦਾ ਹੈ, ਇਵੇਂ ਹਰੇਕ ਗੀਤ ਨੂੰ ਗੀਤਕਾਰ ਨੇ ਸ਼ਬਦ-ਸ਼ਬਦ ਹੰਢਾਇਆ ਹੁੰਦਾ ਹੈ। ਉਹ ਗੀਤ ਕਿਸੇ ਵਿਸ਼ੇਸ਼ ਲਈ ਇਕ ਵਿਸ਼ੇਸ਼ ਸੁਨੇਹਾ ਹੁੰਦਾ ਹੈ, ਪਾਠਕ-ਸਰੋਤੇ ਗੀਤਕਾਰ ਦੇ ਦਰਦ ਨੂੰ ਨਹੀਂ ਸਮਝਦੇ, ਉਹ ਉਸ ਰਚਨਾ ਦੇ ਹੋਰ-ਹੋਰ ਗੁਣਾਂ ਦੀ ਪ੍ਰਸੰਸਾ ਕਰਦੇ ਰਹਿੰਦੇ ਹਨ।

ਆਪਣੇ ਦਰਦ ਨੂੰ ਸ਼ਬਦਾਂ ਦੇ ਹਵਾਲੇ ਕਰਨ ਦੇ ਕਲਾਤਮਕ ਯਤਨਾਂ ਵਿਚੋਂ ਹੀ ਸਾਹਿਤ ਦਾ ਜਨਮ ਹੋਇਆ ਹੈ। ਸਾਹਿਤਕ ਪਾਤਰਾਂ ਦੇ ਦੁਖਾਂ-ਦਰਦਾਂ ਬਾਰੇ ਪੜ੍ਹ ਕੇ, ਅਸੀਂ ਆਪਣੇ ਦੁਖਾਂ ਦਰਦਾਂ ਨੂੰ ਸਹਿਣ ਦੇ ਯੋਗ ਹੋ ਜਾਂਦੇ ਹਾਂ।

ਪਹਿਲੇ ਵੇਲਿਆਂ ਦੇ ਲੋਕ ਦੁਖਾਂ-ਦਰਦਾਂ ਤੋਂ ਬਚਣ ਲਈ ਧਰਮ ਦੀ ਓਟ ਲੈਂਦੇ ਸਨ ਅਤੇ ਕਈ ਦੁਖ- ਦਰਦ ਨੂੰ ਅਫ਼ੀਮ ਆਦਿ ਨਾਲ ਭੁਲਣ ਦਾ ਉਪਰਾਲਾ ਵੀ ਕਰਦੇ ਸਨ। ਉਦੋਂ ਸਰੀਰ ਦੀ ਚੀਰ-ਫਾੜ ਕਰਨ ਲਈ, ਸਿਰ ਤੇ ਸੱਟ ਮਾਰ ਕੇ ਬੇਹੋਸ਼ ਕੀਤਾ ਜਾਂਦਾ ਸੀ।

ਦੁੱਖ ਅਤੇ ਪੀੜ ਪੁਰਾਣੇ ਅਨੁਭਵ ਹਨ ਪਰ ਦਰਦ ਦਾ ਅਹਿਸਾਸ ਆਧੁਨਿਕ ਯੁੱਗ ਦੀ ਦੇਣ ਹੈ। ਮਨ ਦੇ ਵਿਕਸਿਤ ਹੋਣ ਨਾਲ ਅਤੇ ਮਨੋਵਿਗਿਆਨ ਦੇ ਉਭਰਨ ਨਾਲ ਹੁਣ ਮਾਨਸਿਕ ਦਰਦ ਵਲ ਯੋਗ ਧਿਆਨ ਦਿੱਤਾ ਜਾਣ ਲੱਗਿਆ ਹੈ।

ਦਰਦ ਵੇਲੇ ਅਸੀਂ ਨਹੀਂ ਹੁੰਦੇ, ਦਰਦ ਹੁੰਦਾ ਹੈ।

ਜੇ ਜ਼ਿੰਦਗੀ ਲੰਮਾ ਜਸ਼ਨ ਹੀ ਹੁੰਦੀ ਜਾਂ ਲੰਮਾ ਦਰਦ ਹੀ ਹੁੰਦੀ, ਤਾਂ ਇਸ ਨੇ ਬੜੀ ਜਲਦੀ ਮੁੱਕ ਜਾਣ ਵਾਲੀ ਹੋਣਾ ਸੀ। ਦਰਦ ਜੀਵਨ ਦੀ ਨਿਰੰਤਰਤਾ ਵਿਚੋਂ ਉਪਜਦਾ ਹੈ ਅਤੇ ਮੌਤ ਸਾਰੇ ਦੁੱਖਾਂ-ਦਰਦਾਂ ਦਾ ਅੰਤ ਕਰ ਦੇਣ ਵਾਲੀ ਘਟਨਾ ਹੋਣ ਕਰਕੇ ਹੀ ਮਹੱਤਵਪੂਰਨ ਹੈ।

ਅਜੋਕੇ ਸਮਿਆਂ ਵਿਚ ਦੁੱਖ ਨਾਲੋਂ ਵਧੇਰੇ ਚਰਚਾ ਦਰਦ ਦੀ ਹੋ ਰਹੀ ਹੈ।

ਅਸੀਂ ਦੁਰਘਟਨਾ ਦਾ ਦੁੱਖਨਹੀਂ ਮਹਿਸੂਸਦੇ, ਦੁਰਘਟਨਾ ਆਪਣੇ ਨਾਲ ਵਾਪਰਨ ਦਾ ਦਰਦ ਹੰਢਾਉਂਦੇ ਹਨ। ਦੁੱਖਾਂ-ਦਰਦਾਂ ਦੀ ਕਿਸਮ ਕੋਈ ਹੋਵੇ, ਇਹ ਪੀੜ ਵਾਂਗ, ਰਾਤ ਵੇਲੇ ਵੱਧ ਜਾਂਦੇ ਹਨ।

ਦਿਨ ਦਾ ਸ਼ੋਰ, ਪੀੜ ਦੀ ਸ਼ਿੱਦਤ ਨੂੰ ਘਟਾਉਂਦਾ ਹੈ, ਜਦੋਂ ਕਿ ਆਲੇ-ਦੁਆਲੇ ਵਿਚਲੀ ਚੁੱਪ ਇਸ ਨੂੰ ਅਸਹਿ ਬਣਾ ਦਿੰਦੀ ਹੈ। ਇਸ ਕਾਰਨ ਦੁੱਖ-ਦਰਦ ਤੋਂ ਪੀੜਤ ਵਿਅਕਤੀ ਸਾਰੀ ਰਾਤ, ਸਵੇਰ ਨੂੰ ਉਡੀਕਦਾ ਰਹਿੰਦਾ ਹੈ।

ਰਾਤ ਵੇਲੇ ਦਰਦ ਮਨ ਵਿਚੋਂ ਨਿਕਲ ਕੇ ਛਾਤੀ 'ਤੇ ਬਹਿ ਜਾਂਦਾ ਹੈ।

ਧਰਮ ਅਕਸਰ ਪੀੜ ਅਤੇ ਦਰਦ ਨੂੰ ਸਹਿਜ ਭਾਵ ਨਾਲ ਬਰਦਾਸ਼ਤ ਕਰਨ ਦਾ ਉਪਦੇਸ਼ ਦਿੰਦੇ ਹਨ ਅਤੇ ਇਸ ਪੱਖ ਤੋਂ ਤੱਤੀ-ਤਵੀ ਦਾ ਦਰਦ, ਚਾਂਦਨੀਚੌਕ ਦਾ ਦੁੱਖ ਅਤੇ ਸਰਹਿੰਦ ਦੀਆਂ ਕੰਧਾਂ ਦੀ ਪੀੜ ਦਾ ਹਵਾਲਾ ਦਿੱਤਾ ਜਾਂਦਾ ਹੈ। ਧਰਮ ਦਸਦਾ ਹੈ ਕਿ ਖੋਪਰੀਆਂ ਲੁਹਾਉਣ ਅਤੇ ਚਰੱਖੜੀਆਂ ਚੜ੍ਹਨ ਤੋਂ ਬਿਨਾ ਅਨੰਦਪੁਰ, ਚਮਕੌਰ ਅਤੇ ਫਤਹਿਗੜ੍ਹ ਨਾਲ, ਸਾਹਿਬ ਵਾਲਾ ਸਨਮਾਨ ਨਹੀਂ ਸੀ ਜੁੜਨਾ।

ਹਰੇਕ ਕੌਮ ਅਤੇ ਧਰਮ ਨੂੰ ਆਪਣੇ ਸਹੇ

ਦੁੱਖਾਂ-ਦਰਦਾਂ ਦਾ ਮਾਣ ਹੁੰਦਾ ਹੈ।

ਜੇ ਸੰਸਾਰ ਵਿਚ ਦੁੱਖ-ਦਰਦ ਨੂੰ ਸਹਿਨ ਦਾ ਜਿਗਰਾ ਨਾ ਹੁੰਦਾ ਤਾਂ ਸੰਸਾਰ ਵਿਚ ਹੌਸਲਾ, ਕੁਰਬਾਨੀ, ਤਿਆਗ, ਕਲਾਵਾਂ, ਬਹਾਦਰੀ, ਅਜ਼ਾਦੀ-ਸੰਗ੍ਰਾਮ ਅਤੇ ਪਿਆਰ-ਕਹਾਣੀਆਂ ਵੀ ਨਾ ਹੁੰਦੀਆਂ।

ਹੀਰ, ਸੱਸੀ, ਸੋਹਣੀ ਅਤੇ ਸਾਹਿਬਾਂ ਦਰਦ ਦੇ ਹੀ ਵੱਖ-ਵੱਖ ਨਾਂ ਹਨ।

ਲੋੜ ਦਰਦ ਪ੍ਰਤੀ ਅੱਖਾਂ ਮੀਟਣ ਦੀ ਨਹੀਂ, ਇਸ ਬਾਰੇ ਸੁਚੇਤ ਹੋਣ ਦੀ ਹੈ।ਲੋੜ ਦਰਦ ਨੂੰ ਟਾਲਣ ਦੀ ਨਹੀਂ, ਇਸ ਨੂੰ ਆਪਣੇ ਅਨੁਭਵ ਵਿਚ ਰਚਾਉਣ ਦੀ ਹੈ।ਲੋੜ ਦਰਦ ਨੂੰ ਦਬਾਉਣ ਦੀ ਨਹੀਂ, ਇਸ ਨੂੰ ਹੰਢਾਉਣ ਦੀ ਹੈ, ਕਿਉਂਕਿ ਦਰਦ ਨਾਲ ਚੇਤਨਾ ਜਾਗਦੀ ਹੈ ਅਤੇ ਅਨੁਭਵ ਵਿਚ ਸ਼ਿੱਦਤ ਉਪਜਦੀ ਹੈ, ਜ਼ਿੰਦਗੀ ਦੇ ਨਵੇਂ ਦੁਮੇਲ ਉਜਾਗਰ ਹੁੰਦੇ ਹਨ, ਨਵੇਂ ਸੰਕਟਾਂ ਨਾਲ ਬਰ ਮੇਚਣ ਅਤੇ ਜ਼ਿੰਦਗੀ ਦੀਆਂ ਵੰਗਾਰਾਂ ਦਾ ਸੁਚੇਤ ਹੋ ਕੇ ਸਾਹਮਣਾ ਕਰਨ ਦੀ ਹਿੰਮਤ ਮਿਲਦੀ ਹੈ, ਜਿਨ੍ਹਾਂ ਨਾਲ ਸਮੁੱਚੀ ਮਾਨਵਜਾਤੀ ਵਿਚ ਨਵੇਂ ਅਨੁਭਵਾਂ ਦੀ ਅਮੀਰੀ ਉਪਜਦੀ ਹੈ।

ਜਿਨ੍ਹਾਂ ਨੇ ਮਾਨਵਜਾਤੀ ਲਈ ਦੁੱਖ ਸਹੇ, ਉਹ ਅਮਰ ਹੋ ਗਏ, ਉਨ੍ਹਾਂ ਦੀਆਂ ਦਿੱਤੀਆਂ ਕੁਰਬਾਨੀਆਂ ਕਾਰਨ ਹੀ ਅਸੀਂ ਬਲਵਾਨ ਹੋਏ ਹਾਂ।

ਜ਼ਿੰਦਗੀ ਵਿਚ ਦੁੱਖ ਹਨ ਪਰ ਮਨੁੱਖ ਵਿਚ ਦਰਦਾਂ-ਦੁੱਖਾਂ ਨਾਲ ਜੂਝਣ ਅਤੇ ਹਰ ਸੰਕਟ ਅਤੇ ਮੁਸੀਬਤ ਨੂੰ ਜਿੱਤਣ ਦੀ ਸ਼ਕਤੀ ਵੀ ਹੈ।

ਜਿਨ੍ਹਾਂ ਸੰਬੰਧਾਂ ਦੀਆਂ ਨੀਹਾਂ ਵਿਚ ਦਰਦ ਹੁੰਦਾ ਹੈ, ਉਹ ਸਬੰਧ ਬੜੇ ਹੰਢਣਸਾਰ ਅਤੇ ਸੰਤੁਸ਼ਟ ਕਰਨ ਵਾਲੇ ਹੁੰਦੇ ਹਨ।

ਅਮੀਰੀ ਅਨੁਭਵ ਦੀ ਹੁੰਦੀ ਹੈ, ਪੈਸੇ, ਜਾਇਦਾਦ ਦੀ ਨਹੀਂ।

ਜ਼ਿੰਦਗੀ ਕਿਤਨੀ ਵੀ ਦੁੱਖਦਾਈ ਹੋਵੇ, ਇਹ ਮੌਤ ਨਾਲੋਂ ਚੰਗੀ ਹੀ ਰਹਿੰਦੀ ਹੈ।ਨਿਰਸੰਦੇਹ ਸੰਸਾਰ ਵਿਚ ਦੁੱਖ-ਦਰਦ ਸਦੀਵੀ ਹੈ, ਸਹਿਨ ਵਾਲੇ ਬਦਲਦੇ ਰਹਿੰਦੇ ਹਨ।ਅਨੇਕਾਂ ਵਿਅਕਤੀ ਦਰਦਾਂ-ਦੁੱਖਾਂ ਵਿਚੋਂ ਲੰਘਦਿਆਂ, ਟੁੱਟ ਜਾਂਦੇ ਹਨ ਪਰ ਕਈ ਲੰਘ ਕੇ ਮਨੁੱਖੀ ਵਿਹਾਰ ਦੇ ਨਵੇਂ ਮੀਲ-ਪੱਥਰ ਵੀ ਸਥਾਪਤ ਕਰ ਜਾਂਦੇ ਹਨ।

ਸੰਸਾਰ ਵਿਚ ਮਹਿਮਾ ਉਨ੍ਹਾਂ ਦੀ ਹੀ ਹੁੰਦੀ ਹੈ, ਜਿਨ੍ਹਾਂ ਨੇ ਸਹਿਨਸ਼ੀਲ ਅਤੇ ਧੀਰਜਵਾਨ ਹੋ ਕੇ ਦੁੱਖ ਸਹੇ ਹਨ ਅਤੇ ਸਹਿ ਰਹੇ ਹਨ।

-0-

**ਸਫਾ 28 ਦਾ ਬਾਕੀ**

**'ਰੁੱਤ ਬੇਈਮਾਨ ਹੋ ਗਈ, ਕਿੱਥੇ ਰੱਖ ਲਾਂ ਲੁਕੋ ਕੇ ਤੈਨੂੰ ਕਣਕੇ'**

ਕਿਸਾਨ-ਖੁਦਕਸ਼ੀਆਂ ਨਹੀਂ ਦਿਸਦੀਆਂ। ਸੜਕਾਂ ਤੇ ਟਰੈਕਟਰਾਂ ਨਾਲ ਆਲੂ ਤੇ ਟਮਾਟਰ ਦਰੜ ਕੇ ਆਪਣਾ ਰੋਸ ਪ੍ਰਗਟਾਉਂਦੇ ਹਲਵਾਹਕ ਨਹੀਂ ਦਿਸਦੇ। ਗੋਭੀ ਨੂੰ ਦੋ ਰੁਪਏ ਕਿਲੋ ਵੇਚ ਕੇ ਲੱਖਾਂ ਦਾ ਘਾਟਾ ਖਾਂਦੇ ਕਿਸਾਨਾਂ ਦੇ ਫਟੇ ਪੁਰਾਣੇ ਕਪੜੇ ਵੀ ਪਿਘਲਾ ਨਹੀਂ ਸਕਦੇ। ਕਣਕ ਨਾਲ ਪੇਟ ਤੇ ਪਰਿਵਾਰ ਨਾ ਪਲਦਾ ਦੇਖ ਕੇ ਜੇ ਕਿਸੇ ਨੇ ਕੋਈ ਸਹਾਇਕ ਕਿੱਤੇ ਅਪਣਾਉਣ ਦੀ ਜੁਰਅਤ ਤੇ ਕੋਸ਼ਿਸ਼ ਵੀ ਕੀਤੀ ਤਾਂ ਉਸ ਨੂੰ ਬੂਰ ਨਹੀਂ ਪਿਆ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਦੇਸ਼ ਦੀ ਆਜ਼ਾਦੀ ਮਗਰੋਂ, ਵੰਨ ਸੁਵੰਨੀਆਂ ਸਰਕਾਰਾਂ ਵਿਚੋਂ ਕਿਸੇ ਨੇ ਵੀ ਕਦੇ ਕਿਸਾਨ-ਹਿਤੈਸ਼ੀ ਹੋਣ ਦਾ ਫਰਜ਼ ਨਹੀਂ ਨਿਭਾਇਆ। 1970 ਵਿਚ ਕਣਕ ਦਾ ਭਾਅ 76 ਰੁਪਏ ਕਵਿੰਟਲ ਸੀ ਤੇ 2015 ਵਿਚ 1450, ਸਰਕਾਰੀ ਮੁਲਾਜ਼ਮਾਂ ਦੀ ਤਨਖ਼ਾਹ 150 ਗੁਣਾਂ ਵਧੀ। ਇਸ ਅਨੁਪਾਤ ਨਾਲ 2015 ਵਿਚ ਕਣਕ ਦਾ ਰੇਟ 7600 ਪ੍ਰਤੀ ਕੁਵਿੰਟਲ ਹੁੰਦਾ। ਕਿਸਾਨ ਅੰਦੋਲਨ ਦੀ ਦੁਹਾਈ ਹੋਰ ਕੀ ਸੀ? ਫ਼ਸਲਾਂ ਦੇ ਸਮਰਥਨ ਮੁਲ ਦੀ ਗਾਰੰਟੀ ਕੌਣ ਦੇਵੇ ਵਿਚਾਰਿਆ ਨੂੰ? ਇਕ ਤਾਂ ਸਰਕਾਰੀ ਨੀਤੀਆਂ ਵਿਚ ਕਾਣ ਅਤੇ ਉਪਰੋਂ ਮੌਸਮਾਂ ਦੀ ਮਾਰ! ਜਾਂ ਖ਼ੁਦਾਇਆ! ਤੂੰ ਹੀ ਰਹਿਮ ਕਰ!! ਕਰੋੜਾਂ ਕਰੋੜਾਂ ਦੇ ਰੁਜ਼ਗਾਰ ਦਾ ਸਾਧਨ ਤੇ ਖਰਬਾਂ ਦੇ ਕਾਰੋਬਾਰ ਵਾਲੀ ਕਣਕ ਆਟੇ ਦੇ ਨਾਲ-ਨਾਲ ਮੈਦਾ, ਸੂਜੀ, ਦਲੀਆ, ਪੀਜ਼ਾ, ਬਰਗਰ, ਨੂਡਲਾਂ ਤੇ ਹੋਰ ਕਿੰਨੇ ਕਿਸਮ ਦੇ ਖਾਧ ਪਦਾਰਥਾਂ ਦੀ ਜਨਮਦਾਤੀ ਹੈ। ਕੌਣ ਸਮਝਾਏ ਇਨ੍ਹਾਂ ਹਾਕਮਾਂ ਨੂੰ? ਬਚਾ ਲੈ ਪੰਜਾਬ ਨੂੰ ਰੱਬਾ, ਬਚਾ ਲੈ ਕਿਸਾਨੀ ਨੂੰ!!

-0-

**ਸਫਾ 21 ਦਾ ਬਾਕੀ**

**ਪੰਚਮ ਪਾਤਿਸ਼ਾਹ ਦੇ ਪਰਉਪਕਾਰ ਤੇ ਹੋਰ ਅਣਗਿਣਤ ਕਾਰਜ**

ਛਲਣੀ-ਛਲਣੀ ਹੋ ਗਿਆ, ਪਰ ਜ਼ਾਲਮਾਂ ਨੂੰ ਰਤਾ ਤਰਸ ਨਾ ਆਇਆ। ਰਾਤ ਨੂੰ ਕਾਲ ਕੋਠੜੀ ਵਿੱਚ ਬੰਦ ਕੀਤਾ ਗਿਆ। ਸਵੇਰ ਨੂੰ ਮੁਰਤਜ਼ਾਖਾਨ ਅਤੇ ਸਾਈਂ ਮੀਆਂ ਮੀਰ ਆਏ। ਮੀਆਂ ਮੀਰ ਨੇ ਹਕੂਮਤ ਪ੍ਰਤੀ ਘੋਰ ਗੁੱਸਾ ਪ੍ਰਗਟ ਕੀਤਾ, ਪਰ ਆਪਣੇ ਆਪ ਨੂੰ ਬੇਵੱਸ ਪਾਇਆ ਕਿਉਂਕਿ ਜਨੂੰਨੀ ਲੋਕ ਜਹਾਂਗੀਰ ਤੋਂ ਇਹ ਪਾਪ ਕਾਰਾ ਕਰਵਾ ਚੁੱਕੇ ਸਨ। ਜਹਾਂਗੀਰ ਤੋਂ ਬਗ਼ੈਰ ਹੋਰ ਕੋਈ ਇਸ ਹੁਕਮ ਨੂੰ ਪਲਟ ਨਹੀਂ ਸੀ ਸਕਦਾ। ਮੁਰਤਜਾ ਖ਼ਾਨ ਦੀ ਫਿਰ ਇਸਲਾਮ ਧਾਰਨ ਕਰ ਲੈਣ ਤੇ ਜਾਨ ਬਖ਼ਸ਼ੀ ਦੀ ਪੇਸ਼ਕਸ਼ ਠੁਕਰਾ ਦਿੱਤੀ। ਗੁਰੂ ਅਰਜਨ ਸਾਹਿਬ ਜੀ ਦੇ ਆਪਣੇ ਬਚਨ ਹਨ:-

**ਸੋ ਕਤ ਡਰੈ ਜਿ ਖਸਮੁ ਸਮ੍ਾਰੈ ॥ ਡਰਿ ਡਰਿ ਪਚੇ ਮਨਮੁਖ ਵੇਚਾਰੇ॥੧॥ ਰਹਾਉ ॥**

**(677)**

ਦੂਜੇ ਦਿਨ ਸਤਿਗੁਰੂ ਜੀ ਨੂੰ ਧੁੱਪੇ ਤਪਦੇ ਰੇਤ ਉਪਰ ਬਿਠਾਇਆ ਤੇ ਲਿਟਾਇਆ ਗਿਆ। ਨਾਲ ਹੀ ਸਰੀਰ ਉਪਰ ਗਰਮ ਰੇਤ ਲਗਾਤਾਰ ਪਾਇਆ ਗਿਆ। ਜਦੋਂ ਹਾਕਮ ਜੁੰਡਲੀ ਤਸੀਹੇ ਦੇ ਕੇ ਸਤਿਗੁਰੂ ਜੀ ਨੂੰ ਝੁਕਾਉਣ ਤੋਂ ਅਸਮਰੱਥ ਹੋ ਗਈ ਤਾਂ ਫ਼ੈਸਲਾ ਹੋਇਆ ਕਿ ਰਾਵੀ ਦੇ ਕਿਨਾਰੇ ਲਿਜਾਇਆ ਜਾਵੇ। ਉਸ ਵਕਤ ਇਸ ਪਾਪ ਕਾਰੇ ਦੇ ਮੁਖੀ ਨੇ ਹੁਕਮ ਦਿੱਤਾ ਕਿ 'ਸਰੀਰ ਨਾਲ ਭਾਰੇ ਪੱਥਰ ਬੰਨ੍ਹ ਕੇ ਦਰਿਆ ਵਿਚ ਰੋੜ੍ਹ ਦਿਉ। ਹੁਣ ਬਹੁਤ ਤਸੀਹੇ ਦਿੱਤੇ ਜਾ ਚੁੱਕੇ ਹਨ। ਸਾਡੀ ਇੱਕ ਭੀ ਸ਼ਰਤ ਇਨ੍ਹਾਂ ਵੱਲੋਂ ਪਰਵਾਨ ਨਹੀਂ ਕੀਤੀ ਗਈ। ਗੱਲ ਖ਼ਤਮ ਕਰ ਦਿਉ।' ਇਸੇ ਤਰ੍ਹਾਂ ਕੀਤਾ ਗਿਆ। ਸਰੀਰ ਨਾਲ ਪੱਥਰ ਬੰਨ੍ਹ ਕੇ ਗੁਰੂ ਜੀ ਦਰਿਆ ਵਿੱਚ ਰੋੜ੍ਹ ਦਿੱਤੇ ਗਏ। ਇਸ ਤਰ੍ਹਾਂ ਲੰਮਾ ਸਮਾਂ ਤਸੀਹੇ ਝੱਲ ਕੇ ਅਸੂਲਾਂ ਤੇ ਅਡੋਲ ਰਹਿ ਕੇ ਸਤਿਗੁਰੂ ਜੀ ਬਹਾਦਰੀ ਦੇ ਨਵੇਂ ਕੀਰਤੀਮਾਨ ਸਥਾਪਤ ਕਰ ਗਏ। ਹਕੂਮਤ ਵੱਲੋਂ ਇਹ ਝੂਠਾ ਪ੍ਰਚਾਰ ਕੀਤਾ ਗਿਆ ਕਿ ਸਤਿਗੁਰੂ ਜੀ ਇਸ਼ਨਾਨ ਕਰਨ ਗਏ ਸੀ, ਵਾਪਸ ਪਰਤ ਕੇ ਨਹੀਂ ਆਏ। ਨਾ ਸਮਝ ਸਿੱਖ ਇਸ ਝੂਠ ਨੂੰ ਅੱਜ ਤੱਕ ਸੱਚ ਮੰਨੀ ਜਾ ਰਹੇ ਹਨ। ਅਖੇ, 'ਜੀ, ਗੁਰੂ ਅਰਜਨ ਸਾਹਿਬ ਸਰੀਰ ਸਮੇਤ ਸੱਚਖੰਡ ਚਲੇ ਗਏ।'

ਐ ਲਕੀਰ ਦੇ ਫ਼ਕੀਰੋ! ਜੇ ਸਤਿਗੁਰੂ ਜੀ ਨੇ ਕਰਾਮਾਤੀ ਢੰਗ ਨਾਲ 'ਸੱਚਖੰਡ' ਜਾਣਾ ਸੀ ਤਾਂ ਪੰਜ ਦਿਨਾਂ ਤੱਕ ਘੋਰ ਤਸੀਹੇ ਝੱਲਣ ਦੀ ਕੀ ਲੋੜ ਸੀ? ਦੁੱਖ ਭੋਗਣੇ ਕੋਈ ਸ਼ੌਂਕ ਸੀ ਉਨ੍ਹਾਂ ਦਾ? ਜੇ ਕਰਾਮਾਤ ਕਰਨੀ ਹੀ ਸੀ ਤਾਂ ਜ਼ਾਲਮ ਹਾਕਮਾਂ ਨੂੰ ਬਣਦੀ ਸਜ਼ਾ ਦਿੰਦੇ ਜਾਂ ਕਰਾਮਾਤ ਨਾਲ ਉਨ੍ਹਾਂ ਦਾ ਮਨ ਹੀ ਬਦਲ ਦਿੰਦੇ। ਜੇਕਰ ਅਜਿਹੀਆਂ ਕਰਾਮਾਤਾਂ ਨਾਲ ਕੁਝ ਸੰਵਰਨਾ ਹੁੰਦਾ ਤਾਂ ਦੁੱਖ ਭੋਗਣ, ਤਸੀਹੇ ਝੱਲਣ ਜਾਂ ਜੰਗ ਲੜਨ ਦੀ ਫਿਰ ਕੀ ਲੋੜ ਸੀ? ਸਤਿਗੁਰੂ ਨੇ ਸ਼ਹਾਦਤ ਦੇ ਨਵੇਂ ਪੂਰਨੇ ਪਾਏ। ਐ ਸੰਸਾਰ ਦੇ ਲੋਕੋ! ਜੇ ਗੁਰੂ ਘਰ ਨੇ ਜੀਵਨ ਜਾਚ ਦੱਸੀ ਹੈ ਤਾਂ ਗੁਰੂ ਘਰ ਮਰਨ ਦੀ ਜਾਚ ਵੀ ਦੱਸ ਰਿਹਾ ਹੈ। ਮੈਂ ਮੋਹਰੀ ਹੋ ਕੇ ਗੁਰੂ ਅਰਜਨ ਸਾਹਿਬ ਜੀ ਦੀ ਮੌਤ ਨੂੰ ਕਬੂਲ ਕਰ ਰਿਹਾ ਹਾਂ। ਜ਼ਿੰਦਗੀ ਵੱਡੀ ਨਹੀਂ ਹੈ, ਸਗੋਂ ਜ਼ਿੰਦਗੀ ਨਾਲੋਂ ਅਸੂਲ ਜ਼ਿਆਦਾ ਵੱਡਾ ਹੈ।

-0-

# ਜ਼ਮੀਨ ਦੀ ਵੰਡ ਜਾਂ ਮਨੁੱਖਤਾ ਦੀ ਵੰਡ ?

**ਲਿਖਤ: ਜੇ.ਐਮ.ਰਾਣਾ**

ਜਦੋਂ ਵੀ ਇਤਿਹਾਸ ਪੰਜਾਬ ਦਾ ਜ਼ਿਕਰ ਕਰਦਾ ਹੈ, ਤਾਂ ਇਹ ਇਸਨੂੰ ਦੋ ਹਿੱਸਿਆਂ ਵਿੱਚ ਨਹੀਂ ਵੰਡੇਗਾ, ਸਗੋਂ ਇਸਨੂੰ ਇੱਕ ਜ਼ਖਮੀ ਹਸਤੀ ਵਜੋਂ ਦੇਖੇਗਾ ਜਿਸਦੀ ਆਤਮਾ ਸਰਹੱਦ ਦੇ ਦੋਵੇਂ ਪਾਸੇ ਤਰਸ ਰਹੀ ਹੈ। ਇਹ ਕਹਾਣੀ, ਜੋ ਕਿ ਗੁਜਰਾਂਵਾਲਾ ਜ਼ਿਲ੍ਹੇ ਦੇ 'ਸਾਹੋਕੇ ਵਿਰਕਨ' ਪਿੰਡ ਦੀ ਮਿੱਟੀ ਤੋਂ ਉੱਠੀ ਹੈ, ਸਿਰਫ ਇੱਕ ਥਾਣੇਦਾਰ ਵੀਰ ਸਿੰਘ ਵਿਰਕ ਦੀ ਕਹਾਣੀ ਨਹੀਂ ਹੈ, ਸਗੋਂ ਇੱਕ ਅਜਿਹੇ ਪੰਜਾਬ ਦੀ ਕਹਾਣੀ ਹੈ ਜਿੱਥੇ ਨਮਾਜ਼ ਦੀ ਆਵਾਜ ਇੱਕ ਮੁਸਲਮਾਨ ਦੇ ਗਲੇ ਵਿੱਚੋਂ ਨਹੀਂ, ਸਗੋਂ ਇੱਕ ਸਿੱਖ ਮੁਖੀ ਦੇ ਫੈਸਲੇ ਵਿੱਚੋਂ ਗੂੰਜਦੀ ਸੀ।

ਇਹ 1947 ਤੋਂ ਪਹਿਲਾਂ ਦਾ ਜ਼ਿਕਰ ਹੈ, ਜਦੋਂ ਸਾਹੋਕੇ ਵਿਰਕਨ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਸਨ ਅਤੇ ਮੁਸਲਮਾਨਾਂ ਵਿੱਚ ਕੁਮਹਾਰ, ਸ਼ੇਖ, ਕੁਰੈਸ਼ੀ, ਮਲਿਕ ਅਤੇ ਤੇਲੀ ਭਾਈਚਾਰਿਆਂ ਦੇ ਲੋਕ ਰਹਿੰਦੇ ਸਨ ਅਤੇ ਈਸਾਈ ਭਾਈਚਾਰਾ ਵੀ ਰਹਿੰਦਾ ਸੀ। ਪਰੰਪਰਾ ਕਹਿੰਦੀ ਹੈ ਕਿ ਜਦੋਂ ਪਿੰਡ ਦੇ ਕੁਝ ਤੰਗ-ਦਿਮਾਗੀ ਤੱਤਾਂ ਨੇ ਮਸਜਿਦ ਵਿੱਚ ਨਮਾਜ਼ ਦੀ ਆਵਾਜ ਦੇਣ 'ਤੇ ਪਾਬੰਦੀ ਲਗਾ ਦਿੱਤੀ, ਤਾਂ ਥਾਣੇਦਾਰ ਵੀਰ ਸਿੰਘ ਵਿਰਕ ਨੇ ਇਨਸਾਫ਼ ਦਾ ਤੱਕੜਾ ਫੜਿਆ। ਉਸਨੇ ਆਪਣੇ ਘਰ ਦੇ ਸਾਹਮਣੇ ਮੁਸਲਮਾਨਾਂ ਨੂੰ ਇਕੱਠਾ ਕੀਤਾ ਅਤੇ ਇੱਕ ਇਤਿਹਾਸਕ ਐਲਾਨ ਕੀਤਾ ਜੋ ਅੱਜ ਦੇ ਸਮੇਂ ਵਿੱਚ ਇੱਕ ਸੁਪਨੇ ਵਾਂਗ ਜਾਪਦਾ ਹੈ: "ਇੱਥੇ ਮਸਜਿਦ ਬਣਾਈ ਜਾਵੇਗੀ ਅਤੇ ਜੋ ਵੀ ਦਖਲ ਦੇਵੇਗਾ ਉਹ ਮੇਰੇ ਸਾਹਮਣੇ ਆਵੇਗਾ!"

ਇਹ ਉਹ ਸਮਾਂ ਸੀ ਜਦੋਂ ਕੰਧਾਂ ਨਫ਼ਰਤ ਦੀਆਂ ਨਹੀਂ, ਸਗੋਂ ਪਿਆਰ ਦੀਆਂ ਬਣੀਆਂ ਸਨ। ਜਦੋਂ 1929 ਵਿੱਚ ਵੀਰ ਸਿੰਘ ਦੀ ਹਵੇਲੀ ਦੀ ਨੀਂਹ ਰੱਖੀ ਗਈ ਸੀ, ਤਾਂ ਮੁਸਲਮਾਨਾਂ ਨੇ ਇਸਨੂੰ ਇੱਟ-ਇੱਟ ਬਣਾਉਣ ਵਿੱਚ ਆਪਣਾ ਪਸੀਨਾ ਵਹਾਇਆ ਸੀ। ਜਦੋਂ 1931 ਵਿੱਚ ਹਵੇਲੀ ਪੂਰੀ ਹੋਈ, ਤਾਂ ਖੁਸ਼ੀ ਸੀ। ਵੀਰ ਸਿੰਘ ਦੇ ਪੁੱਤਰ ਅਤੇ ਧੀ ਦੇ ਵਿਆਹ ਹੋ ਰਹੇ ਸਨ, ਪਰ ਸਾਰਾ ਪਿੰਡ ਕਾਹਲੀ ਵਿੱਚ ਸੀ। ਜਦੋਂ ਇੱਕ ਪੋਤੇ ਦਾ ਜਨਮ ਹੋਇਆ, ਤਾਂ ਗੁੜ ਪੂਰੇ ਸਾਹੂਕਾ ਵਿੱਚ ਵੰਡਿਆ ਗਿਆ।

ਫਿਰ ਉਹ ਕਾਲਾ ਸਾਲ ਆਇਆ ਜਿਸਨੇ ਸਦੀਆਂ ਦੇ ਪਿਆਰ ਨੂੰ 'ਪ੍ਰਵਾਸ' ਦਾ ਨਾਮ ਦਿੱਤਾ। 1947 ਦੀ ਲਕੀਰ ਨੇ ਭਰਾ ਨੂੰ ਭਰਾ ਤੋਂ ਵੱਖ ਕਰ ਦਿੱਤਾ। ਮੁਸਲਮਾਨ ਆਪਣੇ ਸਿੱਖ ਭਰਾਵਾਂ ਨੂੰ ਸੁਰੱਖਿਅਤ ਢੰਗ ਨਾਲ ਸੱਚਾ ਸੌਦਾ ਲੈ ਗਏ, ਪਰ ਸਰਦਾਰ ਵੀਰ ਸਿੰਘ ਨੇ ਆਪਣਾ ਘਰ ਛੱਡਣ ਤੋਂ ਇਨਕਾਰ ਕਰ ਦਿੱਤਾ। ਉਹ ਦੋ ਸਾਲ ਉਸੇ ਝੌਂਪੜੀ ਵਿੱਚ ਰਿਹਾ ਜਿੱਥੇ ਪਟਿਆਲਾ, ਜਲੰਧਰ ਅਤੇ ਹੁਸ਼ਿਆਰਪੁਰ ਤੋਂ ਆਏ ਰਾਜਪੂਤ ਅਤੇ ਜਾਟ ਵਸ ਗਏ ਸਨ। ਉਹ ਆਪਣੇ ਲੋਕਾਂ ਵਿੱਚ ਅਜਨਬੀ ਨਹੀਂ ਬਣ ਗਿਆ, ਸਗੋਂ ਇੱਕ ਬਜ਼ੁਰਗ ਬਣ ਗਿਆ।

ਆਖਰੀ ਦ੍ਰਿਸ਼। ਜਦੋਂ ਵੀਰ ਸਿੰਘ ਦੇ ਭਰਾ ਉਸਨੂੰ ਭਾਰਤ ਤੋਂ ਲੈਣ ਆਏ ਅਤੇ ਉਸਦਾ ਸਮਾਨ ਅੱਠ ਟਰੱਕਾਂ ਵਿੱਚ ਲੱਦਣਾ ਸ਼ੁਰੂ ਕੀਤਾ, ਤਾਂ ਉਸਨੇ ਆਪਣੇ ਮੰਜੇ ਅਤੇ ਯਾਦਗਾਰੀ ਸਮਾਨ ਪਿੰਡ ਵਾਸੀਆਂ ਵਿੱਚ ਵੰਡ ਦਿੱਤਾ। ਜਦੋਂ ਉਸਨੇ ਜਾਣ ਵੇਲੇ ਆਪਣੇ ਮੁਸਲਿਮ ਭਰਾਵਾਂ ਨੂੰ ਗਲੇ ਲਗਾਇਆ, ਤਾਂ ਪੰਜਾਬ ਦੀ ਹਵਾ ਨੇ ਉਹ ਚੀਕਾਂ ਸੁਣੀਆਂ ਜੋ ਸ਼ਾਇਦ ਅਸਮਾਨ ਵੀ ਨਹੀਂ ਸੁਣ ਸਕਦਾ ਸੀ।

ਅੱਜ, ਵੀਰ ਸਿੰਘ ਦਾ ਪੋਤਾ ਯੂਟਿਊਬ 'ਤੇ ਬਾਬਾ ਸਦੀਕ ਕੁਰੈਸ਼ੀ ਦੀ ਵੀਡੀਓ ਦੇਖ ਕੇ ਰੋਂਦਾ ਹੈ ਅਤੇ ਕਹਿੰਦਾ ਹੈ: "ਸਾਡੇ ਅੱਠ ਟਰੱਕ ਸਰਹੱਦ 'ਤੇ ਰੋਕੇ ਗਏ ਸਨ, ਅਸੀਂ ਖਾਲੀ ਹੱਥ ਭਾਰਤ ਵਿੱਚ ਦਾਖਲ ਹੋਏ, ਪਰ ਮੇਰੇ ਦਾਦਾ ਜੀ ਅਤੇ ਪਿਤਾ ਜ਼ਮੀਨ ਦੀ ਵੰਡ ਤੋਂ ਬਾਅਦ ਸਾਹੋਕੇ ਵਿਰਕਨ ਦੀ ਯਾਦ ਵਿੱਚ ਮਰ ਗਏ।"

ਸਰਦਾਰ ਵੀਰ ਸਿੰਘ ਦੇ ਪੋਤੇ ਦਾ ਇਹ ਬਿਆਨ ਦਿਲ ਨੂੰ ਤੀਰ ਵਾਂਗ ਲੱਗਦਾ ਹੈ ਕਿ "ਇਹ ਵੰਡ ਦੋ ਦੇਸ਼ਾਂ ਦੀ ਨਹੀਂ, ਸਗੋਂ ਮਨੁੱਖਤਾ ਦੀ ਸੀ।" ਅੱਜ ਵੀ, ਸਾਹੋਕੇ ਵਿਰਕਨ ਵਿੱਚ ਉਹ ਹਵੇਲੀ ਖੜ੍ਹੀ ਹੈ, ਉਹ ਮਸਜਿਦ ਮੌਜੂਦ ਹੈ ਅਤੇ ਉਹ ਮੰਜੇ ਕਿਸੇ ਘਰ ਵਿੱਚ ਸੁਰੱਖਿਅਤ ਹੋ ਸਕਦੇ ਹਨ, ਪਰ ਉਹ ਪਿਆਰ ਕਿਤੇ ਗੁਆਚ ਗਿਆ ਹੈ। ਅਸੀਂ ਦੇਸ਼ ਨੂੰ ਵੰਡ ਦਿੱਤਾ ਹੈ, ਪਰ ਅਸੀਂ ਉਨ੍ਹਾਂ ਰੂਹਾਂ ਦਾ ਕੀ ਕਰੀਏ ਜੋ ਅਜੇ ਵੀ ਆਪਣੀਆਂ ਬਚਪਨ ਦੀਆਂ ਗਲੀਆਂ ਅਤੇ ਸਰਹੱਦ ਪਾਰ ਆਪਣੀਆਂ ਛੱਡੀਆਂ ਹੋਈਆਂ ਹਵੇਲੀਆਂ ਦੇ ਸੁਪਨੇ ਦੇਖਦੀਆਂ ਹਨ? ਮੌਤ ਤੋਂ ਬਾਅਦ ਵੀ, ਵੀਰ ਸਿੰਘ ਵਿਰਕਾਨ ਸਾਹੋਕੇ ਵਿਰਕਾਨ ਤੋਂ ਵੱਖ ਨਹੀਂ ਹੋ ਸਕੇ, ਕਿਉਂਕਿ ਮਿੱਟੀ ਦਾ ਰਿਸ਼ਤਾ ਖੂਨ ਦੇ ਬੰਧਨ ਨਾਲੋਂ ਵੀ ਡੂੰਘਾ ਹੈ। ਵੀਰ ਸਿੰਘ ਪਰਿਵਾਰ ਲਈ ਇੱਕ ਸੁਨੇਹਾ:

ਸਰਦਾਰ ਵੀਰ ਸਿੰਘ ਦੇ ਪੋਤੇ, ਜੋ ਅੱਜ ਬ੍ਰਿਟੇਨ ਦੀ ਇੱਕ ਗਲੀ ਵਿੱਚ ਬੈਠ ਕੇ ਆਪਣੇ ਜੱਦੀ ਪਿੰਡ ਦੀ ਵੀਡੀਓ ਦੇਖ ਕੇ ਰੋਂਦੇ ਹਨ, ਨੂੰ ਪਤਾ ਹੋਣਾ ਚਾਹੀਦਾ ਹੈ ਕਿ 'ਸਾਹੋਕੇ ਵਿਰਕਾਨ' ਦੀ ਮਿੱਟੀ ਅਜੇ ਵੀ ਉਨ੍ਹਾਂ ਦੇ ਦਾਦਾ ਜੀ ਦੀ ਖੁਸ਼ਬੂ ਉਨ੍ਹਾਂ ਦੀ ਛਾਤੀ 'ਤੇ ਰੱਖਦੀ ਹੈ। ਅੱਜ ਵੀ, ਜਦੋਂ ਸਰਦਾਰ ਵੀਰ ਸਿੰਘ ਦੁਆਰਾ ਬਣਾਈ ਗਈ ਮਸਜਿਦ ਵਿੱਚ ਨਮਾਜ਼ ਦੀ ਅਜ਼ਾਨ ਗੂੰਜਦੀ ਹੈ, ਤਾਂ ਇਸਦਾ ਇਨਾਮ ਇਸ ਵਿਸ਼ਾਲ ਦਿਲ ਵਾਲੇ ਸਰਦਾਰ ਦੀ ਆਤਮਾ ਤੱਕ ਕਿਤੇ ਨਾ ਕਿਤੇ ਪਹੁੰਚਿਆ ਹੋਵੇਗਾ।

**ਇੱਕ ਪ੍ਰਾਰਥਨਾ, ਇੱਕ ਇੱਛਾ:**

ਮੈਂ ਚਾਹੁੰਦਾ ਹਾਂ ਕਿ ਇਹ ਸਰਹੱਦੀ ਰੇਖਾਵਾਂ ਇੰਨੀਆਂ ਉੱਚੀਆਂ ਨਾ ਹੁੰਦੀਆਂ ਕਿ ਕੋਈ ਵਿਅਕਤੀ ਆਪਣੀ ਜਨਮ ਭੂਮੀ ਦੇਖਣ ਲਈ ਤਰਸਦਾ। ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਸਮੇਂ ਦਾ ਮਲਮ ਇਨ੍ਹਾਂ ਜ਼ਖ਼ਮਾਂ ਨੂੰ ਭਰ ਦੇਵੇ, ਅਤੇ ਆਉਣ ਵਾਲੀਆਂ ਪੀੜ੍ਹੀਆਂ ਨਫ਼ਰਤ ਦੇ ਬੋਝ ਨੂੰ ਉਤਾਰ ਦੇਣ ਜੋ 1947 ਦੇ ਪ੍ਰਵਾਸ ਨੇ ਸਾਨੂੰ ਵਿਰਾਸਤ ਵਜੋਂ ਛੱਡ ਦਿੱਤਾ ਸੀ। ਅੱਲ੍ਹਾ ਹਮੇਸ਼ਾਂ ਸਾਹੋਕੇ ਵਿਰਕਨ ਵਰਗੀਆਂ ਬਸਤੀਆਂ ਨੂੰ ਵਸਾਉਂਦਾ ਰਹੇ, ਜਿੱਥੇ ਵਿਅਕਤੀ ਨੂੰ ਉਸਦੇ ਵਿਸ਼ਵਾਸ ਨਾਲ ਨਹੀਂ ਸਗੋਂ ਉਸਦੇ ਚਰਿੱਤਰ ਅਤੇ ਮਨੁੱਖਤਾ ਨਾਲ ਪਛਾਣਿਆ ਜਾਂਦਾ ਹੈ।

ਸਰਦਾਰ ਵੀਰ ਸਿੰਘ ਵਰਗੇ ਲੋਕ ਨਹੀਂ ਮਰਦੇ, ਉਹ ਹਮੇਸ਼ਾ ਆਪਣੇ ਮਹਿਲ ਵਿੱਚ, ਉਨ੍ਹਾਂ ਸਮਾਰਕਾਂ ਵਿੱਚ ਜੋ ਉਨ੍ਹਾਂ ਨੇ ਪਿੱਛੇ ਛੱਡੀਆਂ ਹਨ ਅਤੇ ਉਨ੍ਹਾਂ ਲੋਕਾਂ ਦੇ ਦਿਲਾਂ ਵਿੱਚ ਰਹਿੰਦੇ ਹਨ ਜਿਨ੍ਹਾਂ ਲਈ ਉਨ੍ਹਾਂ ਨੇ ਮੁਸ਼ਕਲ ਸਮੇਂ ਵਿੱਚ ਢਾਲ ਬਣਨਾ ਸਿੱਖਿਆ।

-0-

# ਵਿਕਸਿਤ ਭਾਰਤ ਦਾ ਸੁਪਨਾ ਪੂਰਾ ਕਰਨ ਲਈ ਸਿੰਗਾਪੁਰ ਤੋਂ ਸੇਧ ਲਈ ਜਾ ਸਕਦੀ ਹੈ

**ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ.) ਪੰਡੋਰੀ ਸਿੱਧਵਾਂ 9501100062**

ਬਹੁਤ ਸਾਰੇ ਭਾਰਤੀਆਂ ਲਈ ਛੋਟਾ ਜਿਹਾ ਦੇਸ਼ ਸਿੰਗਾਪੁਰ ਸਫਲਤਾ ਪੂਰਵਕ ਤਰੱਕੀ ਕਰਨ ਦਾ ਪ੍ਰਤੀਕ ਹੈ। 1965 ਵਿੱਚ ਇੰਗਲੈਂਡ ਤੋਂ ਅਜ਼ਾਦੀ ਪ੍ਰਾਪਤ ਕਰਨ ਸਮੇਂ ਇਸ ਦੀ ਪ੍ਰਤੀ ਵਿਅਕਤੀ ਜੀ.ਡੀ.ਪੀ. ਭਾਰਤ ਨਾਲੋਂ ਚਾਰ ਗੁਣਾ ਵੱਧ ਸੀ ਜੋ ਹੁਣ 30 ਗੁਣਾ ਵੱਧ ਹੋ ਗਈ ਹੈ। ਭਾਰਤ ਵਾਂਗ ਸਿੰਗਾਪੁਰ ਵੀ ਵੱਖ-ਵੱਖ ਨਸਲਾਂ ਅਤੇ ਧਰਮਾਂ ਦਾ ਮਿਲਗੋਭਾ ਹੈ ਪਰ ਇਸ ਨੇ ਜਿਵੇਂ ਆਪਣੇ ਨਾਗਰਿਕਾਂ ਵਿੱਚ ਸਮਾਜਿਕ, ਆਰਥਿਕ ਅਤੇ ਵਿਦਿਅਕ ਪਾੜਾ ਘਟਾਇਆ ਹੈ, ਉਹ ਆਪਣੀ ਮਿਸਾਲ ਆਪ ਹੈ। ਇਹ ਕਿਹਾ ਜਾ ਸਕਦਾ ਹੈ ਕਿ ਸਿੰਗਾਪੁਰ ਇਸ ਕਾਰਨ ਤਰੱਕੀ ਕਰ ਗਿਆ ਕਿਉਂਕਿ ਇਹ ਇੱਕ ਛੋਟਾ ਦੇਸ਼ ਹੈ। ਪਰ ਇਸ ਜਿੱਡੇ ਅਨੇਕਾਂ ਦੇਸ਼ (ਹੈਤੀ, ਬਾਰਬਾਡੋਸ, ਤਰਿਨੀਦਾਦ ਅਤੇ ਟੋਬੈਗੋ ਆਦਿ) ਹਨ ਜੋ ਭੁੱਖ ਅਤੇ ਗੁਰਬਤ ਨਾਲ ਘੁਲ ਰਹੇ ਹਨ। ਸਿੰਗਾਪੁਰ ਦੀ ਕਹਾਣੀ ਇਸ ਦੇ ਅਕਾਰ ਨਾਲੋਂ ਬਹੁਤ ਜਿਆਦਾ ਵੱਡੀ ਹੈ। ਭਾਰਤ ਨੂੰ 2047 ਤੱਕ ਵਿਕਸਿਤ ਭਾਰਤ ਬਣਾਉਣ ਲਈ ਇਸ ਦੇ ਤਜ਼ਰਬੇ ਤੋਂ ਸੇਧ ਲਈ ਜਾ ਸਕਦੀ ਹੈ। ਉੱਪਰੀ ਤੌਰ 'ਤੇ ਸਿੰਗਾਪੁਰ ਦੀ ਤਰੱਕੀ ਨੂੰ ਇਸ ਦੇ ਲੋਕ ਪੱਖੀ ਸਰਮਾਏਦਾਰੀ ਨਿਜ਼ਾਮ, ਲਿਸ਼ਕਦੀਆਂ ਅਸਮਾਨ ਛੂੰਹਦੀਆਂ ਇਮਾਰਤਾਂ ਅਤੇ ਜ਼ਬਰਦਸਤ ਬੁਨਿਆਦੀ ਢਾਚੇ ਤੋਂ ਸਮਝਿਆ ਜਾ ਸਕਦਾ ਹੈ। ਭਾਰਤ ਦੀ ਅਜੋਕੀ ਤਰੱਕੀ ਜਿਵੇਂ ਕਿ ਬੰਦਰਗਾਹਾਂ, ਸੜਕਾਂ ਅਤੇ ਰੇਲਵੇ ਆਦਿ ਦਾ ਵਿਕਾਸ ਅਤੇ ਗੁਜਰਾਤ ਵਿਚਲੀ ਜੀ.ਆਈ.ਐਫ.ਟੀ ਸਿਟੀ ਵਰਗੇ ਟੈਕਸ ਫਰੀ ਇਲਾਕੇ ਸਿੰਗਾਪੁਰ ਦੇ ਸਿਸਟਮ ਨਾਲ ਰਲਦੇ ਮਿਲਦੇ ਹਨ।

ਸਿੰਗਾਪੁਰ ਦੀ ਸਰਕਾਰ ਇਹ ਮੰਨਣ ਵਿੱਚ ਸੰਕੋਚ ਨਹੀਂ ਕਰਦੀ ਕਿ ਉਨ੍ਹਾਂ ਨੇ ਦੇਸ਼ ਦੀ ਤਰੱਕੀ ਦੇ ਢੰਗ ਵੱਖ ਵੱਖ ਦੇਸ਼ਾਂ ਤੋਂ ਉਧਾਰ ਲਏ ਸਨ ਜੋ ਬਹੁਤ ਹੀ ਸਟੀਕਤਾ ਨਾਲ ਆਪਣੇ ਜਨਤਾ ਦੀ ਤਰੱਕੀ ਅਤੇ ਭਲਾਈ ਲਈ ਪ੍ਰਯੋਗ ਵਿੱਚ ਲਿਆਂਦੇ ਹਨ। ਪਰ ਸਟੀਲ ਅਤੇ ਕੰਕਰੀਟ ਦੇ ਨਾਲ ਨਾਲ ਉਨ੍ਹਾਂ ਨੇ ਸਭ ਤੋਂ ਜਿਆਦਾ ਮਿਹਨਤ ਆਪਣੇ ਬਹੁਭਾਂਤੀ ਸਮਾਜ ਨੂੰ ਇਕੱਠਾ ਕਰਨ ਲਈ ਕੀਤੀ ਹੈ। ਅਜ਼ਾਦੀ ਦੇ ਸਮੇਂ ਦੇਸ਼ ਬਹੁਤ ਹੀ ਨਾਜ਼ਕ ਸਥਿੱਤੀ ਵਿੱਚ ਸੀ ਕਿਉਂਕਿ ਇਥੇ ਕਈ ਨਸਲਾਂ ਦੇ ਲੋਕ ਵੱਸਦੇ ਸਨ ਜੋ ਸੱਤਾ 'ਤੇ ਕਬਜ਼ਾ ਜਮਾਉਣਾ ਚਾਹੁੰਦੇ ਸਨ। ਸਿੰਗਾਪੁਰ ਦੀ ਅਬਾਦੀ ਵਿੱਚ ਚੀਨੀ ਲਗਭਗ 75%, ਮਲੇਸ਼ੀਅਨ 14% ਤੇ ਭਾਰਤੀ 11% ਸਨ। ਵਸੋਂ ਦਾ ਇਹ ਅਸੰਤੁਲਨ ਸਿਰਫ ਰਾਜਨੀਤਕ ਹੀ ਨਹੀਂ ਸਗੋਂ ਆਰਥਿਕ ਮੋਰਚੇ 'ਤੇ ਵੀ ਸੀ। ਬ੍ਰਿਟਿਸ਼ ਰਾਜ ਦੇ ਸਮੇਂ ਲੇਬਰ ਅਤੇ ਵਿਦਿਅਕ ਭੇਦ ਭਾਵ ਨੇ ਸਮਾਜ ਦੇ ਵੱਖ ਵੱਖ ਭਾਗਾਂ ਵਿੱਚ ਭਾਰੀ ਆਰਥਿਕ ਅਤੇ ਜੀਵਨ ਸ਼ੈਲੀ ਅਸੰਤੁਲਨ ਪੈਦਾ ਕਰ ਦਿੱਤਾ ਸੀ। ਚੀਨੀ ਲੋਕ ਬਾਕੀ ਭਾਈਚਾਰਿਆਂ ਨਾਲੋਂ ਵਧੇਰੇ ਅਮੀਰ, ਪੜ੍ਹੇ ਲਿਖੇ ਅਤੇ ਕੁਸ਼ਲ ਕਾਮਗਾਰ ਸਨ ਤੇ ਸਿੰਗਾਪੁਰ ਦੀ ਜਿਆਦਾਤਰ ਆਰਥਿਕਤਾ ਉਨ੍ਹਾਂ ਦੇ ਕਬਜ਼ੇ ਹੇਠ ਸੀ। ਜੇ ਇਸ ਸਬੰਧੀ ਜਲਦੀ ਕੁਝ ਨਾ ਕੀਤਾ ਜਾਂਦਾ ਤਾਂ ਇਹ ਪਾੜਾ ਪੱਕੇ ਤੌਰ 'ਤੇ ਸਿੰਗਾਪੁਰ ਦੇ ਸਮਾਜ ਨੂੰ ਆਪਣੀ ਜਕੜ ਵਿੱਚ ਲੈ ਸਕਦਾ ਸੀ। ਪਰ ਖੁਸ਼ਕਿਸਮਤੀ ਨਾਲ ਸਿੰਗਾਪੁਰ ਨੂੰ ਲੀ ਕੁਆਨ ਜਿਊ ਵਰਗਾ ਕਾਬਲ ਵਿਅਕਤੀ ਪਹਿਲੇ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਮਿਲਿਆ। ਉਹ ਭਾਵੇਂ ਖੁਦ ਚੀਨੀ ਮੂਲ ਦਾ ਸੀ ਪਰ ਉਸ ਨੇ ਇਹ ਸਮਾਜਿਕ ਤੇ ਆਰਥਿਕ ਪਾੜੇ ਨੂੰ ਖਤਮ ਕਰਨ ਲਈ ਬਿਨਾਂ ਕਿਸੇ ਭੇਦ ਭਾਵ ਦੇ ਠੋਸ ਨੀਤੀਆਂ ਤਿਆਰ ਕੀਤੀਆਂ। ਉਹ ਐਨਾ ਲੋਕਪ੍ਰਿਅ ਸੀ ਕਿ ਦੇਸ਼ ਅਜ਼ਾਦ ਹੋਣ ਤੋਂ ਪਹਿਲਾਂ ਹੀ 5 ਜੂਨ 1959 ਨੂੰ ਪ੍ਰਧਾਨ ਮੰਤਰੀ ਬਣ ਗਿਆ ਸੀ ਤੇ 28 ਨਵੰਬਰ 1990 ਤੱਕ ਇਸ ਅਹੁਦੇ 'ਤੇ ਰਿਹਾ। ਉਸ ਨੇ ਜਨਤਾ ਦੇ ਸਖਤ ਵਿਰੋਧ ਦੇ ਬਾਵਜੂਦ ਮਾੜੀ ਸਿਹਤ ਦਾ ਹਵਾਲਾ ਦੇ ਕੇ ਗੱਦੀ ਛੱਡ ਦਿੱਤੀ ਸੀ।

ਉਸ ਨੇ ਤਿੰਨ ਮੁੱਖ ਨੁਕਤਿਆਂ 'ਤੇ ਕੰਮ ਕੀਤਾ। ਨਸਲੀ ਵਰਗੀਕਰਨ ਨੂੰ ਨਿਰਉਤਸ਼ਾਹਿਤ ਕੀਤਾ, ਆਰਥਿਕ ਪਾੜੇ ਨੂੰ ਖਤਮ ਕੀਤਾ ਤੇ ਇਹ ਨਿਸ਼ਚਿਤ ਕੀਤਾ ਕਿ ਦੇਸ਼ ਦੀ ਤਰੱਕੀ ਵਿੱਚ ਹਰ ਨਸਲੀ ਸਮੂਹ ਬਰਾਬਰ ਦਾ ਯੋਗਦਾਨ ਪਾਵੇ। ਇਸ ਲਈ ਬਿਨਾਂ ਕਿਸੇ ਭੇਦ ਭਾਵ ਦੇ ਸਰਕਾਰੀ ਨੌਕਰੀਆਂ ਅਤੇ ਰਾਜਨੀਤਕਪਦਵੀਆਂ ਦਿੱਤੀਆਂ ਗਈਆਂ। ਗਿਣਤੀ ਜਾਂ ਨਸਲੀ ਅਧਾਰ 'ਤੇ ਕਿਸੇ ਵੀ ਤਰਾਂ ਦੀ ਕੋਈ ਰਿਜ਼ਰਵੇਸ਼ਨ ਨਾ ਦਿੱਤੀ ਗਈ। ਇਹ ਹੀ ਕਾਰਨ ਹੈ ਕਿ 11% ਅਬਾਦੀ ਹੋਣ ਦੇ ਬਾਵਜੂਦ ਕੁੱਲ 9 ਰਾਸ਼ਟਰਪਤੀਆਂ ਵਿੱਚੋਂ ਹੁਣ ਤੱਕ ਚਾਰ ਭਾਰਤੀ (ਦੇਵਨ ਨਾਇਰ 23 ਅਕਤੂਬਰ 1981 ਤੋਂ 28 ਮਾਰਚ 1985, ਐਸ ਆਰ ਨਾਥਨ 1 ਸਤੰਬਰ 1999 ਤੋਂ 1 ਸਤੰਬਰ 2011, ਜੇ ਵਾਈ ਪਿੱਲੇ 1 ਸਤੰਬਰ 2011 ਤੋਂ 14 ਸਤੰਬਰ 2017 ਅਤੇ ਮੌਜੂਦਾ ਰਾਸ਼ਟਰਪਤੀ ਥਰਮਨ ਸ਼ਾਨਮੁਗਾਰਤਨਮ 14 ਸਤੰਬਰ 2023 ਤੋਂ ਹੁਣ ਤੱਕ) ਆਪਣੀ ਕਾਬਲੀਅਤ ਕਾਰਨ ਰਾਸ਼ਟਰਪਤੀ ਰਹੇ ਹਨ। ਇਸ ਤੋਂ ਇਲਾਵਾ ਵਰਕਰਜ਼ ਪਾਰਟੀ ਦਾ ਪ੍ਰਧਾਨ ਪ੍ਰੀਤਮ ਸਿੰਘ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦਾ ਨੇਤਾ ਹੈ। ਸਾਰੇ ਫਿਰਕਿਆਂ ਦੀ ਬਰਾਬਰੀ ਲਈ ਰਿਹਾਇਸ਼ੀ ਕੰਪਲੈਕਸ ਅਤੇ ਕਲੋਨੀਆਂ ਨੂੰ ਸਭ ਤੋਂ ਵੱਡੇ ਹਥਿਆਰ ਵਜੋਂ ਵਰਤਿਆ ਗਿਆ। ਇਸ ਤਰਾਂ ਦੇ ਸਖਤ ਕਾਨੂੰਨ ਬਣਾਏ ਗਏ ਕਿ ਕਿਸੇ ਕੰਪਲੈਕਸ ਵਿੱਚ ਕਿਸੇ ਖਾਸ ਸਮਾਜਿਕ ਜਾਂ ਧਾਰਮਿਕ ਫਿਰਕੇ ਦਾ ਗਲਬਾ ਨਾ ਹੋਵੇ ਤੇ ਸਾਰਾ ਸਮਾਜ ਮਿਲ ਜੁਲ ਕੇ ਰਹੇ। ਭਾਰਤ ਵਿੱਚ ਅਜਿਹੀਆਂ ਕਈ ਰਿਹਾਇਸ਼ੀ ਸੁਸਇਟੀਆਂ ਹਨ ਜਿੱਥੇ ਦੂਸਰੇ ਧਰਮ ਜਾਂ ਫਿਰਕੇ ਦਾ ਵਿਅਕਤੀ ਮਕਾਨ ਜਾਂ ਫਲੈਟ ਨਹੀਂ ਖਰੀਦ ਸਕਦਾ। ਪਿੱਛੇ ਜਿਹੇ ਯੂ.ਪੀ. ਦੇ ਇੱਕ ਸ਼ਹਿਰ ਵਿੱਚ ਇੱਕ ਡਾਕਟਰ ਨੇ ਦੂਸਰੇ ਧਰਮ ਦੇ ਵਿਅਕਤੀ ਨੂੰ ਮਕਾਨ ਵੇਚ ਦਿੱਤਾ ਸੀ ਪਰ ਭਾਰੀ ਵਿਰੋਧ ਦੇ ਕਾਰਨ ਉਸ ਨੂੰ ਰਜਿਸਟਰੀ ਕੈਂਸਲ ਕਰਵਾਉਣੀ ਪਈ ਸੀ।

ਸਿੰਗਾਪੁਰ ਵਿਖੇ ਕਿਸੇ ਇੱਕ ਨਸਲੀ ਜਾਂ ਧਾਰਮਿਕ ਫਿਰਕੇ ਦੇ ਲੋਕ ਮਿਲ ਕੇ ਹਾਊਸਿੰਗ ਕਲੋਨੀ, ਕੰਪਲੈਕਸ ਜਾਂ ਸੁਸਾਇਟੀ ਨਹੀਂ ਬਣਾ ਸਕਦੇ। ਹਰ ਕਲੋਨੀ ਵਿੱਚ ਮਿਲੇ ਜੁਲੇ ਲੋਕ ਵੱਸਣੇ ਜਰੂਰੀ ਹਨ ਜਿਸ ਕਾਰਨ ਉਥੇ ਫਿਰਕਿਆਂ ਵਿੱਚ ਆਪਸੀ ਮੇਲ ਜੋਲ ਅਤੇ ਪਿਆਰ ਸਤਿਕਾਰ ਵਿੱਚ ਵਾਧਾ ਹੋਇਆ ਹੈ। ਪਬਲਿਕ ਹਾਊਸਿੰਗ ਦਾ ਮਤਲਬ ਸਿਰਫ ਲੋਕਾਂ ਨੂੰ ਰਹਿਣ ਲਈ ਛੱਤ ਦੇਣਾ ਹੀ ਨਹੀਂ ਸੀ ਬਲਕਿ ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਇੱਕ ਦੂਸਰੇ ਦੇ ਕਰੀਬ ਲਿਆਉਣਾ ਸੀ। ਇਹ ਹੀ ਕਾਰਨ ਹੈ ਕਿ ਅੱਜ ਤੱਕ ਸਿੰਗਾਪੁਰ ਵਿੱਚ ਕੋਈ ਧਾਰਮਿਕ ਜਾਂ ਫਿਰਕੂ ਗੜਬੜ ਨਹੀਂ ਹੋਈ। ਸਿੰਗਾਪੁਰ ਨੇ ਅਜਿਹੀਆਂ ਯੋਜਨਾਵਾਂ ਵਿੱਚ ਭਾਰੀ ਸਰਕਾਰੀ ਨਿਵੇਸ਼ ਕੀਤਾ ਜਿਨ੍ਹਾਂ ਨਾਲ ਲੋਕਾਂ ਨੂੰ ਕੰਮ ਅਤੇ ਨੌਕਰੀਆਂ ਮਿਲਣ ਤਾਂ ਜੋ ਅਜ਼ਾਦੀ ਵੇਲੇ ਦਾ ਆਰਥਿਕ ਪਾੜਾ ਖਤਮ ਹੋ ਜਾਵੇ। ਸਾਰੇ **ਸਫਾ 39 ਦਾ ਬਾਕੀ**

## ਕਾਵਿ ਕਿਆਰੀ

# ਸ਼ਬਦ ਮੇਰਾ ਹੈ ਧਰਮ ਦੋਸਤੋ

**ਗੁਰਭਜਨ ਗਿੱਲ**

ਸ਼ਬਦ ਮੇਰਾ ਹੈ ਧਰਮ ਦੋਸਤੋ, ਸ਼ਬਦ ਮੇਰਾ ਈਮਾਨ ਦੋਸਤੋ ।
ਸ਼ਬਦੋਂ ਸੱਖਣੇ ਨਿਰਸ਼ਬਦੇ ਨੂੰ, ਕੌਣ ਕਹੇ ਇਨਸਾਨ ਦੋਸਤੋ ।

ਤੇਰਾ ਪੰਥ ਗ੍ਰੰਥ ਗੁਰੂ ਹੈ, ਮੇਰੇ ਇਸ਼ਟ ਸਿਖਾਇਆ ਮੈਨੂੰ ।
ਇਕ ਓਂਕਾਰ ਬਿਨਾ ਸਭ ਮਿਥਿਆ, ਇਕੋ ਸਬਕ ਪੜ੍ਹਾਇਆ ਮੈਨੂੰ ।
ਨਿਰਭਉ ਤੇ ਨਿਰਵੈਰ ਗੁਰੂ ਦੀ, ਉਂਗਲੀ ਦੇ ਲੜ ਲਾਇਆ ਮੈਨੂੰ ।
ਹੱਕ ਸੱਚ ਇਨਸਾਫ਼ ਦੀ ਖ਼ਾਤਰ, ਹੋ ਜਾਵਾਂ ਕੁਰਬਾਨ ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ, ਸ਼ਬਦ ਮੇਰਾ ਈਮਾਨ ਦੋਸਤੋ ।

ਬਿਨਸੇ ਨਾਹੀਂ ਸਦਾ ਅਜੂਨੀ, ਕਾਲਮੁਕਤ ਹੈ ਮੁਰਸ਼ਦ ਮੇਰਾ ।
ਅਨਹਦ ਨਾਦ ਵਜਾਵਣਹਾਰੇ, ਲਾਇਆ ਕਣ ਕਣ ਦੇ ਵਿਚ ਡੇਰਾ ।
ਮਹਿਕ ਮਹਿਕ ਲਟਬੌਰੀ ਛਾਂ ਹੈ, ਜੀਕੂੰ ਚੰਦਨ ਰੁੱਖ ਦਾ ਘੇਰਾ ।
ਡਰਦਾ ਕਦੇ ਡਰਾਉਂਦਾ ਨਾਹੀਂ, ਦੇਵੇ ਅਕਲਾਂ ਦਾਨ ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ, ਸ਼ਬਦ ਮੇਰਾ ਈਮਾਨ ਦੋਸਤੋ ।

ਦਸਮ ਗੁਰੂ ਦੀ ਸਿੱਖਿਆ ਮੈਨੂੰ, ਤੇਰੇ ਲਈ ਪਰਮੇਸ਼ਰ ਪੋਥੀ ।
ਇਸ ਦੇ ਬ੍ਰਹਮ ਵਿਚਾਰ ਸਾਹਮਣੇ, ਸਮਝੀਂ ਤੂੰ ਹਰ ਗੱਲ ਨੂੰ ਥੋਥੀ ।
ਪੜ੍ਹ ਕੇ ਆਪ ਪੜ੍ਹਾਵੀਂ ਦੂਜੇ, ਹਰ ਮੁਸ਼ਕਿਲ ਦਾ ਹੱਲ ਹੈ ਪੋਥੀ ।
ਆਪਣਾ ਮੂਲ ਪਛਾਨਣ ਵਾਲਾ ਦੇਵੇ ਅਸਲ ਗਿਆਨ ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ, ਸ਼ਬਦ ਮੇਰਾ ਈਮਾਨ ਦੋਸਤੋ ।

ਬਾਬਰ ਨੂੰ ਜਾਬਰ ਇਹ ਕਹਿੰਦਾ, ਰਾਜੇ ਸ਼ੀਂਹ ਮੁਕੱਦਮ ਕੁੱਤੇ ।
ਸ਼ਰਮ ਸ਼ਰ੍ਹਾ ਨਾ ਪਰਦਾ ਕੋਈ, ਜਾਏ ਜਗਾਇਨ ਬੈਠੇ ਸੁੱਤੇ ।
ਛਲ ਤੇ ਕਪਟ ਵਿਕਾਰ ਮੁਕਤ ਹੈ, ਦੱਸੋ ਕਿਹੜਾ ਇਸ ਤੋਂ ਉੱਤੇ ।
ਉਨ੍ਹਾਂ ਨਾਲ ਤੁਰਾਂ ਨਾ ਜਿਹੜੇ ਜ਼ੋਰੀ ਮੰਗਣ ਦਾਨ ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ, ਸ਼ਬਦ ਮੇਰਾ ਈਮਾਨ ਦੋਸਤੋ ।

ਪੰਜ ਸਦੀਆਂ ਪਹਿਲਾਂ ਇਸ ਦੱਸਿਆ, ਪਵਨ ਗੁਰੂ ਧਰਤੀ ਹੈ ਮਾਤਾ
ਪਾਣੀ ਬਾਬਲ ਵਾਂਗ ਪਵਿੱਤਰ, ਸਰਬ ਧਰਮ ਨੂੰ ਇਕ ਕਰ ਜਾਤਾ ।
ਮਾਈ ਬਾਪ ਬਣਾਇਆ ਰੱਬ ਨੂੰ, ਮਿੱਤਰ ਬੇਲੀ ਕਦੇ ਭਰਾਤਾ ।
ਇਹ ਸਭ ਸਬਕ ਭੁਲਾ ਕੇ ਆਪਾਂ ਬਣੀਏ ਨਾ ਹੈਵਾਨ ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ, ਸ਼ਬਦ ਮੇਰਾ ਈਮਾਨ ਦੋਸਤੋ ।

ਪੰਜ ਵਿਕਾਰ ਨਿਸ਼ਾਨੀ ਲਾ ਕੇ, ਗੁਰਬਾਣੀ ਨੇ ਇਹ ਸਮਝਾਇਆ ।
ਮੋਹ-ਮਮਤਾ ਹੰਕਾਰ ਤੋਂ ਪਿੱਛੋਂ, ਕਾਮ ਕ੍ਰੋਧ ਲੋਭ ਦੀ ਮਾਇਆ ।
ਇਨ੍ਹਾਂ ਪੰਜਾਂ ਦੇ ਵੱਸ ਪੈ ਕੇ, ਬੰਦਿਆਂ ਮਾਨਸ ਜਨਮ ਗੰਵਾਇਆ ।
ਪੰਜ ਚੋਰਾਂ ਤੋਂ ਮੁਕਤੀ ਖ਼ਾਤਰ, ਬਣ ਜਾਈਏ ਦਰਬਾਨ ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ, ਸ਼ਬਦ ਮੇਰਾ ਈਮਾਨ ਦੋਸਤੋ ।

ਇਸ ਧਰਤੀ ਦੇ ਮਾਲ ਖ਼ਜ਼ਾਨੇ, ਰਤਨ ਅਮੋਲ ਪਦਾਰਥ ਛੱਤੀ ।
ਗੁਰ ਬਿਨ ਗਿਆਨ ਕਦੇ ਨਾ ਮਿਲਦਾ, ਜਗਦੀ ਨਹੀਂ ਤੇਲ ਬਿਨ ਬੱਤੀ
ਸ਼ੁਭ ਅਮਲਾਂ ਬਾਝੋਂ ਸਭ ਮਿੱਟੀ, ਇਸ ਵਿਚ ਝੂਠ ਨਹੀਂ ਹੈ ਰੱਤੀ ।
ਘੜ ਘੜ ਕੱਢੇ ਖੋਟ ਮਨਾਂ 'ਚੋਂ, ਜੇ ਪੜ੍ਹ ਲਏ ਇਨਸਾਨ ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ, ਸ਼ਬਦ ਮੇਰਾ ਈਮਾਨ ਦੋਸਤੋ ।

ਇਹ ਸ਼ੀਸ਼ਾ ਹੈ ਅਦਭੁਤ ਸ਼ੀਸ਼ਾ, ਘਟ ਘਟ ਦੇ ਅੰਦਰ ਦੀ ਜਾਣੇ ।
ਕਰਕ ਕਲੇਜੇ ਵਾਲੀ ਬੁੱਝੇ, ਭਲੇ ਬੁਰੇ ਦੀ ਪੀੜ ਪਛਾਣੇ ।
ਭਲਾ ਸਦਾ ਸਰਬੱਤ ਦਾ ਮੰਗੇ, ਸਭ ਨੂੰ ਆਪਣਾ ਹੀ ਕਰ ਜਾਣੇ ।
ਮੈਨੂੰ ਪੂਜਣ ਤੋਂ ਇਹ ਵਰਜੇ ਮਿੱਟੀ ਦੇ ਭਗਵਾਨ ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ, ਸ਼ਬਦ ਮੇਰਾ ਈਮਾਨ ਦੋਸਤੋ ।

ਅੰਬਰ ਥਾਲੀ ਦੀਵੇ ਧਰਕੇ, ਸਦ-ਜੀਵੀ ਅਰਦਾਸ ਸੁਣਾਵੇ ।
ਦੀਵਿਆਂ ਦੀ ਥਾਂ ਚੰਦ ਤੇ ਸੂਰਜ, ਤਾਰਾ-ਮੰਡਲ ਨਾਲ ਸੁਹਾਵੇ ।
ਵਗਦੀ ਪੌਣ ਝੁਲਾਵੇ ਚੌਰੀ, ਸਗਲ ਬਨਸਪਤੀ ਸਾਜ਼ ਵਜਾਵੇ ।
ਨਾਦ ਸ਼ਬਦ ਸੁਰ ਮਿਲ ਕੇ ਲਾਉਂਦੇ, ਸੁਣ ਲਉ ਅਨਹਦ ਤਾਨ ਦੋਸਤੋ ।

ਸ਼ਬਦ ਮੇਰਾ ਹੈ ਧਰਮ ਦੋਸਤੋ, ਸ਼ਬਦ ਮੇਰਾ ਈਮਾਨ ਦੋਸਤੋ ।
ਸ਼ਬਦੋਂ ਸੱਖਣੇ ਨਿਰਸ਼ਬਦੇ ਨੂੰ ਕੌਣ ਕਹੇ ਇਨਸਾਨ ਦੋਸਤੋ।

-0-

# ਐਵੇਂ ਕਾਹਤੋਂ ਫਿਰੇਂ ਤੰਬੂ ਕਾਗਜਾਂ ਦੇ ਤਾਣਦਾ

**ਕੁਲਵਿੰਦਰ ਸਿੱਧੂ**

ਵੱਡੀਆਂ ਔਕਾਤ ਨਾਲੋਂ ਡੀਂਗਾਂ ਫਿਰੇਂ ਮਾਰਦਾ,
ਆਰ ਦਾ ਪਤਾ ਨੀ ਭੇਦ ਪਾਉਣਾ ਚਾਹੇਂ ਪਾਰ ਦਾ।
ਰੱਬ ਵਾਲੀ ਪੈਂਤੀ ਦਾ ਤੂੰ ਊੜਾ ਵੀ ਨੀ ਜਾਣਦਾ,
ਐਵੇਂ ਕਾਹਤੋਂ ਫਿਰੇਂ ਤੰਬੂ ਕਾਗਜਾਂ ਦੇ ਤਾਣਦਾ।
ਪੁੱਗਿਆ ਨੀ ਜਾਣਾ ਲਾ ਕੇ ਡਾਢੇ ਨਾਲ ਆਢਾ,
ਝੱਲਿਆ ਨੀ ਜਾਣਾ ਤੈਥੋਂ ਉਹਦੇ ਵਾਲਾ ਵਾਢਾ।
ਹੋਣਾ ਸਾਂਭ ਨੀ ਖਿਲਾਰਾ ਉਹਦੇ ਪਾਏ ਘਮਸਾਨ ਦਾ,
ਐਵੇਂ ਕਾਹਤੋਂ ਫਿਰੇਂ ਤੰਬੂ ਕਾਗਜਾਂ ਦੇ ਤਾਣਦਾ।
ਦੇਣ ਵੇਲੇ ਜਾਣਦੇ ਉਹ ਛੱਪਰ ਪਾੜਨੇ,
ਖੋਹਣ ਵੇਲੇ ਜਾਣਦੈ ਉਹ ਥੱਪੜ ਮਾਰਨੇ।
ਅਚਾਨਕ ਹੀ ਭੇਜੇ ਰੱਬ ਰੁੱਕਾ ਫਰਮਾਨ ਦਾ,
ਐਵੇਂ ਕਾਹਤੋਂ ਫਿਰੇਂ ਤੰਬੂ ਕਾਗਜਾਂ ਦੇ ਤਾਣਦਾ।
ਰਜਾ ਉਹਦੀ ਵਿੱਚ ਰਾਜੀ ਰਹਿਣਾ ਸਿੱਖਲੈ,
ਜਿਥੇ ਉਹ ਬਿਠਾਵੇ ਉਥੇ ਬਹਿਣਾ ਸਿੱਖਲੈ।
ਮੈਂ ਨੂੰ ਮੁਕਾ ਲੈ ਤੂੰ ਆਨੰਦ ਵੇਖੀਂ ਮਾਣਦਾ,
ਐਵੇਂ ਕਾਹਤੋਂ ਫਿਰੇਂ ਤੰਬੂ ਕਾਗਜਾਂ ਦੇ ਤਾਣਦਾ।
ਸਿੱਧੂਆ ਔਕਾਤ ਨਾਲੋਂ ਉਚਾ ਕਾਹਤੋਂ ਉਡਦੈਂ,
ਉਹ ਵੱਢਣਾ ਵੀ ਪੈਣੈ ਬੀਜਕੇ ਜੋ ਗੁੱਡਦੈਂ।
ਮਾਮਲਾ ਮਾਲਕ ਨੇ ਪੂਰਾ ਲੈਣਾ ਵਾਹਣ ਦਾ,
ਐਵੇਂ ਕਾਹਤੋਂ ਫਿਰੇਂ ਤੰਬੂ ਕਾਗਜਾਂ ਦੇ ਤਾਣਦਾ।

-0-

# ਗੁਰਮਤਿ ਸਿਖਲਾਈ ਕੈਂਪ 2026

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਮਈ-ਜੂਨ ਵਿਚ **ਗੁਰਮਤਿ ਸਿਖਲਾਈ ਕੈਂਪ** ਲਗਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਤੇ ਕੈਂਪਾਂ ਵਿਚ ਬੱਚਿਆਂ/ਨੌਜਵਾਨਾਂ ਨੂੰ ਗੁਰ-ਇਤਿਹਾਸ, ਗੁਰਬਾਣੀ, ਸਿੱਖ ਰਹਿਤ ਮਰਿਯਾਦਾ, ਨੈਤਿਕ ਕਦਰਾਂ-ਕੀਮਤਾਂ ਅਤੇ ਸਿੱਖ ਵਿਰਸੇ ਤੇ ਸੱਭਿਆਚਾਰ ਤੋਂ ਜਾਣੂੰ ਕਰਵਾਇਆ ਜਾਵੇਗਾ।

## • ਆਓ ! ਫਰਜ਼ ਨੂੰ ਪਛਾਣੀਏ •

ਆਪੋ-ਆਪਣੇ ਇਲਾਕੇ ਵਿਚ ਸਕੂਲਾਂ-ਕਾਲਜਾਂ ਵਿਚ **ਗੁਰਮਤਿ ਸਿਖਲਾਈ ਕੈਂਪ** ਲਗਵਾਈਏ।

**ਗੁਰਮਤਿ ਕੈਂਪ ਇੰਚਾਰਜ:**

**ਭਾਈ ਨਛੱਤਰ ਸਿੰਘ ਸੰਪਰਕ : 98555-51699**

**ਬੇਨਤੀ ਕਰਤਾ: ਗੁਰਮਤਿ ਗਿਆਨ ਮਿਸ਼ਨਰੀ ਕਾਲਜ**

**ਪੰਜਾਬੀ ਬਾਗ, ਜਵੱਦੀ, ਲੁਧਿਆਣਾ-141013 www.gurmatgian.com, www.fb.com/gurmatgian**



# ਗੁਰਮਤਿ ਗਿਆਨ ਮਿਸ਼ਨਰੀ ਕਾਲਜ

# ਦਾਖਲਾ ਨੋਟਿਸ

**ਕਥਾਵਾਚਕ, ਰਾਗੀ, ਪ੍ਰਚਾਰਕ ਅਤੇ ਗ੍ਰੰਥੀ ਸਿੰਘ ਬਣਨ ਵਾਸਤੇ**

## ਤਿੰਨ ਸਾਲਾ ਡਿਪਲੋਮਾ ਕੋਰਸ

**(2½ ਸਾਲ ਕਾਲਜ ਵਿਖੇ ਅਤੇ 6 ਮਹੀਨੇ ਫੀਲਡ ਟ੍ਰੇਨਿੰਗ) ਲਈ ਦਾਖਲਾ ਸ਼ੁਰੂ ਹੈ।**

**ਯੋਗਤਾ : 10+2 ਪਾਸ, ਵੱਧ ਪੜ੍ਹੇ ਲਿਖੇ ਨੂੰ ਤਰਜੀਹ, ਖਾਸ ਹਾਲਤਾਂ ਵਿਚ ਮੈਟ੍ਰਿਕ ਪਾਸ। ਉਮਰ : 18 ਤੋਂ 28 ਸਾਲ।**

**ਦਾਖਲਾ ਮਿਤੀ (ਲੜਕੇ) : 1 ਅਪ੍ਰੈਲ ਤੋਂ 6 ਜੁਲਾਈ 2026 ਤਕ**

**ਦਾਖਲੇ ਵਾਲੇ ਦਿਨ ਉਮੀਦਵਾਰ ਸਵੇਰੇ 9 ਵਜੇ ਤੋਂ 2 ਵਜੇ ਤਕ ਕਾਲਜ ਵਿਖੇ ਆਪਣੇ ਅਸਲੀ ਸਰਟੀਫਿਕੇਟ ਅਤੇ ਦੋ ਫੋਟੋਆਂ ਲੈ ਕੇ ਇੰਟਰਵਿਊ ਲਈ ਆਪਣੇ ਖਰਚੇ 'ਤੇ ਹੇਠ ਲਿਖੇ ਪਤੇ 'ਤੇ ਪਹੁੰਚਣ। ਟ੍ਰੇਨਿੰਗ ਦੌਰਾਨ ਪੜ੍ਹਾਈ, ਰਿਹਾਇਸ਼, ਲੰਗਰ ਅਤੇ ਹੋਰ ਜ਼ਰੂਰੀ ਚੀਜ਼ਾਂ ਦਾ ਪ੍ਰਬੰਧ ਕਾਲਜ ਵੱਲੋਂ ਫ੍ਰੀ ਕੀਤਾ ਜਾਵੇਗਾ।**

**ਆਨ ਲਾਇਨ ਦਾਖਲਾ ਫਾਰਮ ਭਰਨ ਲਈ QR Code Scan ਕਰੋ।**

**ਰਜਿਸਟ੍ਰੇਸ਼ਨ ਕਰਾਉਣ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ: 99155-29725, 98555-98855**

**ਪੰਜਾਬੀ ਬਾਗ਼, ਜਵੱਦੀ, ਲੁਧਿਆਣਾ Email:** gurmatgian@rediffmail.com **Website:** gurmatgian.org

# A Journey from Modest Roots to Eminence

Few individuals shape their life with such conviction and purpose that they become a source of enduring inspiration for generation to come. Nathu Ram was born on 16 February 1892 in the village of Fatehwali, located in the Pasroor tehsil of Sialkot district in undivided Punjab (now in Pakistan). He was born into a modest and economically disadvantaged family. At the time of his birth, his father was approximately forty-five years old.

He was the eldest among five surviving children, having two younger brothers and three younger sisters. Several children born to his parents prior to him had not survived infancy. In accordance with a Hindu protective custom observed in such circumstances, his parents adorned him with a nose ring (*nath*) to ward off evil and safeguard his life. It was from this ritual that he received the name "Nathu Ram," a name that thus carries a story of faith and cultural significance

From the early stages of education to advanced scholarly pursuits, Nathu ram academic path demonstrates dedication, resilience, and a passion for learning.At the age of four and a half, his primary education was initiated under the guidance of Hyatt Shah, the son of Hasham Shah, the esteemed court poet of the Darbar of Maharaja Ranjit Singh. This early instruction laid the foundation for his academic growth.

Subsequently, he enrolled in a primary school along with the son of his grandmother's sister and successfully completed his studies up to the fifth grade. In January 1902, he gained admission to the Vernacular Middle School at Gota Fatehgarh. After completing the eighth grade in January 1905, he proceeded to pursue higher education at the High School in Pasroor.

During his ninth-grade studies, he demonstrated exceptional intellectual ability by mastering Sanskrit within a mere three months of vacation—an accomplishment for which other students typically required three years of study.

In September 1906, during his high school years, Nathu Ram experienced a profound spiritual transformation; inspired by the dignified appearance and commitment of his cousin, who had embraced the name Dharam Singh, he partook in Amrit (Amrit Chak) and thereafter adopted the name Sahib Singh.At the tender age of 15, on 20th July 1907, following the demise of his father, the responsibility of supporting the family fell upon his shoulders, compelling him to discontinue his education and seek employment.Despite belonging to a financially struggling family, his father ensured that he received an education by taking loans to support his schooling. Recognizing Sahib Singh's potential, his teachers consistently encouraged his father to continue his studies, emphasizing that he was a bright and deserving student.In 1909, he applied for his first position at a middle school in Sangla, serving as a Second Headmaster. However, in April 1910, his services were terminated. After remaining unemployed for nearly two and a half years, he secured a position as a clerk in the Post Office in December 1910, earning a modest monthly salary of twenty rupees. However, the income proved insufficient, as it was largely consumed in repaying family debts, leaving little financial relief.

In May 1911, he met his former middle school classmate,Mohammad Ashraf, who was then pursuing his F.A. studies. This encounter rekindled a new hope within him to resume his own education. It was a decisive and courageous step — almost a gamble — as he believed that only through academic advancement could he liberate his family from poverty and debt. He **was aware that failure would leave him with neither progress nor pride,** but he chose to pursue education despite the risks. On 6th sept, before 10:0 am left his home for Lahore, Dayal Singh college. To pursue his F.A. studies, he received financial assistance in the form of a scholarship from the college and additional support from a close friend, who generously provided pocket money. This encouragement and aid enabled him to continue his education despite the severe financial constraints he faced. In 1913, the results of his F.A. examination were declared, and he secured the seventh position. In recognition of his outstanding academic performance, the government agreed to bear the expenses of his B.A. studies and awarded him a scholarship of ten rupees per month. Accordingly, in September 1913, he enrolled in Government College to pursue his Bachelor of Arts degree. In May 1915, he successfully completed his graduation, securing the third position in the college and the thirteenth position in the university.

To fulfill the very purpose for which he had undertaken considerable risk and perseverance, he sought employment with firm resolve. On 8 September 1915, he joined a school at Farooke as a Third Master. The institution was managed by Bhai Hira Singh, a Raagi. His monthly salary was fixed at Rs. 75. Upon his promotion to the post of Superintendent, he received an additional

allowance of Rs. 12 per month, which was subsequently increased to Rs. 20 per month.

After clearing all his debts and freeing himself entirely from financial liabilities, he permanently left Farooke on 9 May, thereby closing that significant chapter of his life. In 1917, his mother also passed away, marking a profound personal loss and a period of deep sorrow in his journey.

After continuing his professional career at Gujranwala College, he later joined the Shiromani Gurdwara Parbandhak Committee as its General Secretary. He served the Committee with dedication until 13 September 1927. During this significant phase of his life, he devoted himself earnestly to religious, educational, and organizational reforms.

On 17 September 1927, he joined Guru Nanak Khalsa College, Gujranwala and resumed his academic contributions. Notably, during his tenure with the Shiromani Committee, he undertook an in-depth and scholarly study of Gurbani grammar. His focused engagement with linguistic and theological analysis brought forth a revolutionary intellectual dimension to his work, reflecting both reformist zeal and profound commitment to Sikh scholarship.During his tenure as General Secretary of the Shiromani Committee (until 13 September 1927), he witnessed and actively participated in some of the most defining agitations of the Sikh reform movement. This period coincided with the historic Gurdwara Reform Movement, which sought to liberate Sikh shrines from corrupt mahants and place their management under representative Sikh control.

He closely observed the aftermath of the tragic events of the Nankana Sahib Massacre (20 February 1921), which deeply stirred the Sikh community and intensified reformist efforts. He was associated with the wider mobilization that followed, contributing organizationally and intellectually to the cause.

He also witnessed the developments surrounding the Guru Ka Bagh Morcha (August–November 1922), during which peaceful Sikh volunteers faced severe repression while asserting their right to access gurdwara land. The movement demonstrated the community's commitment to non-violent resistance and discipline. His role in coordinating, supporting, and documenting such efforts strengthened his administrative experience and reformist resolve.

Furthermore, the Jaito Morcha (1923–1925) proved to be a prolonged and testing struggle. The agitation, launched in defense of Sikh religious rights and institutional autonomy, resulted in large-scale arrests of volunteers. During this turbulent phase, he too faced imprisonment for his participation and association with the movement. His time in jail became a period of intense reflection rather than discouragement.

It was during imprisonment and throughout his service in the Committee that he devoted himself earnestly to the systematic study of Gurbani grammar. In the quiet and disciplined environment of confinement, he engaged deeply with linguistic structures, exegetical methods, and doctrinal clarity. These experiences laid the foundation for his later scholarly contributions, through which he sought to present Gurbani interpretation in a structured and grammatically grounded manner.

Thus, his years with the Shiromani Committee were marked not only by administrative responsibility but also by direct involvement in historic agitations, personal sacrifice through imprisonment, and the intellectual maturation that shaped his revolutionary approach to Gurbani scholarship. After completing his distinguished service in the reform movement and the Shiromani Committee, he joined Khalsa College, Amritsar in 1929 as a Lecturer in Punjabi and Divinity. He remained associated with the institution until his retirement in 1952, rendering nearly three decades of dedicated academic service.At Khalsa College, he emerged not merely as a teacher but as a distinguished scholar of Gurbani and Sikh history. His classroom became a center of rigorous intellectual engagement, where he emphasized grammatical precision, contextual interpretation, and doctrinal coherence in understanding Gurbani.Among his most important works are:

- **Sri Guru Granth Sahib Darpan** – His magnum opus, a comprehensive grammatical commentary on the entire Guru Granth Sahib. In this work, he systematically applied principles of Gurbani grammar to clarify meanings, resolve ambiguities, and present interpretations grounded in linguistic accuracy rather than traditional assumptions.
- **Sri Dasam Granth Darpan** – A detailed analytical commentary offering grammatical and doctrinal examination of compositions attributed to Guru Gobind Singh Ji.
- **Jap Ji Sahib Darpan** – A focused grammatical and theological exposition of Japji Sahib, explaining structural coherence and doctrinal depth.
- **Asa Di Vaar Darpan** – An analytical interpretation highlighting historical context and internal consistency of Asa Di Vaar.
- **Gurbani Vyakaran** – A foundational work outlining the grammatical framework necessary for correct understanding of Gurbani. This text became the methodological base for his later commentaries.

Through these *steeks*, he introduced a revolutionary and scientific approach to Gurbani Arth. He demonstrated that Gurbani must be interpreted according to its

grammatical structure, contextual flow, and Gurmat philosophy. His method rejected mythological insertions, sectarian biases, and speculative meanings, instead restoring scriptural interpretation to linguistic discipline and doctrinalclarity.Although he did not enroll in a conventional doctoral program or pursue a Ph.D. through formal academic research registration, his extraordinary scholarship earned him the highest academic recognition. In acknowledgment of his monumental contributions to Gurbani exegesis, linguistic analysis, and Sikh theology, he was conferred the honorary degree of Doctor of Literature (D.Litt.) by Panjab University.

This distinction was awarded in recognition of his pioneering and methodical work, particularly his comprehensive commentary *Sri Guru Granth Sahib Darpan*, as well as his foundational research in Gurbani grammar. The conferment of the honorary doctorate reflected the academic community's appreciation of his original methodology, intellectual rigor, and lasting impact on Sikh studies.In the final years of his life, he suffered from Parkinson's disease, a progressive neurological disorder that gradually affected his physical strength and mobility. The illness brought increasing physical limitations, including tremors and weakness, making routine activities and scholarly work difficult.

Despite these challenges, he endured his condition with remarkable patience, dignity, and spiritual composure. His life had always been rooted in discipline and faith, and even during illness, he remained inwardly steadfast. Though his active academic engagement diminished due to declining health, his intellectual legacy and previously completed works continued to guide students and scholars of Gurbani and Sikh history.

Those who met him during this period often observed his calm acceptance of suffering, reflecting the Gurmat principles he had taught throughout his life. His final years thus stood as a testament not only to his scholarly greatness but also to his spiritual resilience and unwavering devotion.During the advanced stage of Parkinson's disease, one particularly remarkable aspect of his life was his unwavering mental clarity despite severe physical weakness. Although tremors and frailty restricted his movement and writing ability, his memory, analytical sharpness, and spiritual awareness remained largely intact. Visitors and former students who met him during this period often noted that he could still discuss complex points of Gurbani grammar and doctrinal interpretation with precision.

On some occasions, even when his hands trembled and speech slowed, he would gently correct misinterpretations of Gurbani or clarify subtle grammatical nuances from memory—demonstrating that his scholarship was deeply internalized rather than dependent on books or notes. This left a profound impression on those present.

He left behind a legacy of disciplined scholarship, grammatical precision in Gurbani interpretation, and unwavering commitment to Gurmat principles.

His life stands as a synthesis of faith and reason—an enduring inspiration for scholars, students, and seekers alike.

## Abstract

**Sahib Singh**, respectfully known as Professor Sahib Singh, was not only a towering Sikh scholar but also a man of deep humility and unwavering faith. Despite facing financial hardships in his early life, he remained inwardly steadfast and disciplined in character.

Personally, he lived a simple and principled life, balancing family responsibilities with intense scholarly dedication. His integrity, modest lifestyle, and spiritual commitment reflected the very teachings he interpreted. Even during his later years of illness, he remained composed and devoted, leaving behind a legacy of scholarship enriched with moral strength and personal grace.


-0-

**ਸਫਾ 34 ਦਾ ਬਾਕੀ**

ਨਾਗਰਿਕਾਂ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਮੁਫਤ ਸਿੱਖਿਆ ਅਤੇ ਇਲਾਜ਼ ਮੁਹੱਈਆ ਕਰਵਾਇਆ ਜਾਂਦਾ ਹੈ ਤਾਂ ਜੋ ਅਮੀਰ ਗਰੀਬ ਦਾ ਫਰਕ ਖਤਮ ਹੋ ਜਾਵੇ। ਸਿੰਗਾਪੁਰ ਵਿੱਚ ਕੋਈ ਵੀ ਪ੍ਰਾਈਵੇਟ ਸਕੂਲ ਜਾਂ ਹਸਪਤਾਲ ਨਹੀਂ ਹੈ। ਉਸੇ ਸਕੂਲ, ਕਾਲਜ ਜਾਂ ਯੂਨੀਵਰਸਿਟੀ ਵਿੱਚ ਆਮ ਆਦਮੀ ਦਾ ਬੱਚਾ ਪੜ੍ਹਦਾ ਹੈ ਤੇ ਉਸੇ ਵਿੱਚ ਪ੍ਰਧਾਨ ਮੰਤਰੀ ਦਾ। ਇਨ੍ਹਾਂ ਸੁਧਾਰਾਂ ਨਾਲ ਰਾਤੋ ਰਾਤ ਤਾਂ ਫਰਕ ਨਹੀਂ ਪਿਆ, ਪਰ ਫਿਰ ਵੀ 1965 ਦੀ ਬਨਿਸਬਤ 2026 ਦੇ ਹਾਲਾਤ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ।

ਤਿੰਨਾਂ ਮੁੱਖ ਭਾਈਚਾਰਿਆ (ਚੀਨੀ, ਮਲੇਸ਼ੀਅਨ ਅਤੇ ਭਾਰਤੀ) ਦੀ ਆਮਦਨ ਤੇਜ਼ੀ ਨਾਲ ਵਧੀ ਹੈ ਤੇ ਸਿੰਗਾਪੁਰ ਹੁਣ 1965 ਵਰਗਾ ਗਰੀਬ ਤੇ ਵੰਡਿਆ ਹੋਇਆ ਦੇਸ਼ ਨਹੀਂ ਰਿਹਾ। ਐਨੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਅਜੇ ਭਾਈਚਾਰਿਆਂ ਵਿੱਚ ਥੋੜ੍ਹਾ ਬਹੁਤਾ ਆਰਥਿਕ ਫਰਕ ਦਿਖਾਈ ਦੇਂਦਾ ਹੈ। 2024 ਵਿੱਚ ਹੋਈ ਮਰਦਮਸ਼ੁਮਾਰੀ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਚੀਨੀ ਅਤੇ ਭਾਰਤੀ ਭਾਈਚਾਰਿਆਂ ਦੇ ਮੁਕਾਬਲੇ ਮਲੇਸ਼ੀਅਨ ਭਾਈਚਾਰੇ ਦੀ ਆਮਦਨ ਕੁਝ ਘੱਟ ਹੈ ਭਾਵੇਂ ਕਿ ਸਰਕਾਰੀ ਨੀਤੀਆਂ ਤੋਂ ਸਾਰਿਆਂ ਨੇ ਫਾਇਦਾ ਉਠਾਇਆ ਹੈ। ਸਰਕਾਰ ਖਰਚ ਬਚਾਉਣ ਲਈ ਬਹੁਤ ਉਪਾਉ ਕਰਦੀ ਹੈ। ਇਸ ਕਾਰਨ ਕੈਬਨਿਟ ਵੀ ਛੋਟੀ ਰੱਖੀ ਜਾਂਦੀ ਹੈ। ਨਾਗਰਿਕਾਂ ਨੂੰ ਸਬਸਿਡੀਆਂ ਜਾਂ ਖਾਤਿਆਂ ਵਿੱਚ ਪੈਸੇ ਪਾਉਣ ਦੀ ਬਜਾਏ ਚੰਗੀਆਂ ਆਰਥਿਕ ਨੀਤੀਆਂ ਨਾਲ ਉਨ੍ਹਾਂ ਦਾ ਜੀਵਨ ਪੱਧਰ ਉੱਪਰ ਚੁੱਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਰਕਾਰ ਐਨੀ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ ਕਿ ਇਹ ਏਸ਼ੀਆ ਦਾ ਸਭ ਤੋਂ ਘੱਟ ਭ੍ਰਿਸ਼ਟ ਦੇਸ਼ ਹੈ। ਭਾਰਤ ਵਰਗਾ ਵੱਡਾ ਦੇਸ਼ ਇਸ ਦੀਆਂ ਸਾਰੀਆਂ ਪਾਲਸੀਆਂ ਦੀ ਨਕਲ ਤਾਂ ਨਹੀਂ ਕਰ ਸਕਦਾ ਪਰ ਉਸ ਤੋਂ ਬਹੁਤ ਕੁਝ ਸਿੱਖ ਜਰੂਰ ਸਕਦਾ ਹੈ। ਜੇ ਵਿਕਸਿਤ ਭਾਰਤ ਨੂੰ ਸਿਰਫ ਇੱਕ ਨਾਅਰਾ ਹੀ ਨਹੀਂ ਰੱਖਣਾ ਤਾਂ ਆਰਥਿਕ ਦੇ ਨਾਲ ਨਾਲ ਸਿੰਗਾਪੁਰ ਵਾਂਗ ਸਮਾਜਿਕ ਤੇ ਧਾਰਮਿਕ ਤਾਣਾ ਬਾਣਾ ਵੀ ਠੀਕ ਕਰਨਾ ਪੈਣਾ ਹੈ। -0-

# ਗੁਰਮਤਿ ਸੰਜੋਗ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

## ਲਾੜੀ ਦੀ ਲੋੜ

**ਫਾਰਮ ਨੰ. 303**

ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, ਹੋਮਿਉਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

**ਫਾਰਮ ਨੰ. 391:** ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

**ਫਾਰਮ ਨੰ. 392:** ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

**ਫਾਰਮ ਨੰ. 393:** ਹਰੀਕੇ (ਤਰਨਤਾਰਨ) ਵਾਸੀ, ਜਨਮ ਮਿਤੀ 28-4-1993, ਕੱਦ 5'-7" ਪੜ੍ਹਾਈ B.A., Art & Craft Diploma 2 years, Self Employee ਗੁਰਸਿੱਖ ਅੰਮ੍ਰਿਤਧਾਰੀ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 9876738466

**ਫਾਰਮ ਨੰ. 395:** ਲੁਧਿਆਣਾ ਵਾਸੀ, ਜਨਮ ਮਿਤੀ 2 ਅਪ੍ਰੈਲ 1992, ਕੱਦ 5'-8", ਪੜ੍ਹਾਈ MA (Pol Science), ਆਪਣਾ ਕਾਰੋਬਾਰ, ਆਮਦਨ 1.50 ਲੱਖ ਮਹੀਨਾ, ਗੁਰਸਿੱਖ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 78891-78322, 98155-68161 (ਵਟਸਐਪ)

**ਫਾਰਮ ਨੰ. 396:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 27-08-1994, ਕੱਦ 6'-1", MBBS Doctor, Currently working on CMO post in ESI Hospital Delhi, ਅੰਮ੍ਰਿਤਧਾਰੀ ਲੜਕੇ ਲਈ ਯੋਗ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ : 94170-41847

**ਫਾਰਮ ਨੰ. 398:** ਲੁਧਿਆਣਾ ਵਾਸੀ, ਜਨਮ ਮਿਤੀ 20-12-1994, ਕੱਦ 5'-6", B.com, Business Electrical Shop, Income 8-10 Lacs Per Annum, ਅੰਮ੍ਰਿਤਧਾਰੀ ਲੜਕੇ ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ : 90447-72948 -0-

**ਫਾਰਮ ਨੰ. 399:** ਫਗਵਾੜਾ ਵਾਸੀ, ਜਨਮ ਮਿਤੀ 1999, ਕੱਦ 6'-2", 10+2, 50 ਏਕੜ ਜ਼ਮੀਨ, ਅਮਰੀਕਾ ਤੇ ਕੈਨੇਡਾ ਦਾ 10 ਸਾਲਾ ਵੀਜ਼ਾ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 99140-08017 -0-

## ਲਾੜੇ ਦੀ ਲੋੜ

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 394:** ਲੁਧਿਆਣਾ ਵਾਸੀ, ਜਨਮ 1982, B.A., Fashion Designer ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 99153-12064

**ਫਾਰਮ ਨੰ. 397:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 13-09-1993, ਕੱਦ 5'-7" MBBS Doctor, Currently working in Apollo Hospital, Delhi ਲਈ ਯੋਗ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ : 94170-41847

-0-

# ਮਾਰਚ ਮਹੀਨੇ ਦੀਆਂ ਸਰਗਰਮੀਆਂ

**ਮਾਝਾ:–**

**1. ਤਰਨਤਾਰਨ (94654–93275)–** ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਵਲੋਂ ਇੱਕ ਸਕੂਲ ਅਤੇ 3 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਮਤਿ ਸਿੱਖਿਆ ਦੇ ਨਾਲ-ਨਾਲ ਨੈਤਿਕ ਸਿੱਖਿਆ ਵੀ ਦਿੱਤੀ ਜਾਂਦੀ ਹੈ। ਪੱਟੀ ਸ਼ਹਿਰ, ਚੰਬਲ ਪਿੰਡ ਅਤੇ ਪਿੰਡ ਕਲੇਰ ਵਿਖੇ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ।

**2. ਪਰਿੰਗੜੀ (95923–67125, 98718–09216)–** ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ ਹਰ ਐਤਵਾਰ ਨੂੰ ਬੱਚਿਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਸ਼ਨਿਚਰਵਾਰ ਨੂੰ ਗ੍ਰੰਥੀ ਸਿੰਘ ਭਾਈ ਜਸਵਿੰਦਰ ਸਿੰਘ ਗੁਰਬਾਣੀ ਸੰਥਿਆ ਦੀ ਕਲਾਸ ਲਗਾਉਂਦੇ ਹਨ। ਦੋਵੇਂ ਦਿਨਾਂ ਵਿੱਚ ਤਕਰੀਬਨ 30-40 ਵਿਦਿਆਰਥੀ ਹਾਜ਼ਰੀ ਭਰਦੇ ਹਨ।

**ਮਾਲਵਾ:–**

**3. ਗਰੇਸ ਪਬਲਿਕ ਸਕੂਲ (98149–25551)–** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਗਰੇਸ ਪਬਲਿਕ ਸਕੂਲ ਵਿਖੇ ਸਵੇਰ ਦੀ ਸਭਾ ਵਿੱਚ ਬੱਚਿਆਂ ਨੂੰ ਜਪੁਜੀ ਸਾਹਿਬ ਦਾ ਪਾਠ ਕਰਵਾਇਆ ਜਾਂਦਾ ਹੈ। ਗੁਰਮਤਿ ਦੀ ਵਿਦਿਆ ਦੇ ਨਾਲ-ਨਾਲ ਸਕੂਲ ਵਿੱਚ ਬੱਚਿਆਂ ਨੂੰ ਨੈਤਿਕ ਵਿਦਿਆ ਵੀ ਦਿੱਤੀ ਜਾਂਦੀ ਹੈ। ਮਾਰਚ ਮਹੀਨੇ ਸਕੂਲ ਵਿੱਚ ਹੋਲਾ-ਮਹੱਲਾ ਖੇਡਾਂ ਖੇਡ ਕੇ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕਰਦੇ ਹੋਏ ਮਨਾਇਆ ਗਿਆ। ਸਕੂਲ ਵਿੱਚ ਮੈਡੀਕਲ ਕੈਂਪ ਵੀ ਲਗਾਇਆ ਗਿਆ। 129 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ।

**4. ਪਟਿਆਲਾ (88378–04927)–** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਹਰ ਰੋਜ ਵਿਦਿਆਰਥੀਆਂ ਦੀ ਦਸਤਾਰ ਸਿਖਲਾਈ ਅਤੇ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਸਵੇਰ ਅਤੇ ਸ਼ਾਮ ਦੇ ਦੀਵਾਨਾਂ ਦੀ ਡਿਊਟੀ ਕੇਂਦਰ ਦੇ ਬੱਚਿਆਂ ਵਲੋਂ ਨਿਭਾਈ ਜਾਂਦੀ ਹੈ। ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਦਸਤਾਰ ਮੁਕਾਬਲੇ ਕਰਵਾਏ ਗਏ।

**5. ਪਟਿਆਲਾ (87289–34413)–** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਪਿੰਡ ਅਨਾਇਤਪੁਰ ਵਿਖੇ ਹਰ ਰੋਜ ਬੱਚਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਹਰ ਰੋਜ ਵਿਦਿਆਰਥੀਆਂ ਦੀ ਦਸਤਾਰ ਸਿਖਲਾਈ ਦੀ ਕਲਾਸ ਵੀ ਲਗਾਈ ਜਾਂਦੀ ਹੈ। ਸ਼ਾਮ ਦੇ ਦੀਵਾਨਾਂ ਦੀ ਸੇਵਾ ਬੱਚਿਆਂ ਵਲੋਂ ਨਿਭਾਈ ਜਾਂਦੀ ਹੈ।

**6. ਮਹਾਂ ਸਿੰਘ ਨਗਰ (98149–25551)–** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਸ਼ਾਮ ਵੇਲੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ ਬੱਚਿਆਂ ਨੂੰ ਗੁਰਮਤਿ ਵਿਦਿਆ ਦੇ ਨਾਲ-ਨਾਲ ਨੈਤਿਕ ਵਿਦਿਆ ਵੀ ਦਿੱਤੀ ਜਾਂਦੀ ਹੈ। ਬੱਚਿਆਂ ਨੂੰ ਰਹਿਰਾਸੁ ਸਾਹਿਬ ਦਾ ਪਾਠ ਵੀ ਕੰਠ ਕਰਵਾਇਆ ਜਾਂਦਾ ਹੈ। 4 ਬੱਚੇ ਸਹਿਜ ਪਾਠ ਕਰ ਰਹੇ ਹਨ।

**7. ਗੁੱਜਰਵਾਲ (94655–66666)–** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ ਅਕਾਲ ਅਕੈਡਮੀ ਖਮਾਣੋ, ਗੁਰੂ ਗੋਬਿੰਦ ਸਿੰਘ ਕਾਲਜ ਝਾੜ ਸਾਹਿਬ, ਸ.ਸ.ਸ.ਸ. ਗੋਸਲਾਂ 'ਚ ਗੁਰਮਤਿ ਅਤੇ ਨੈਤਿਕ ਸਿੱਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। 5 ਪਿੰਡਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵੀਚਾਰਾਂ ਕੀਤੀਆਂ ਗਈਆਂ। 2 ਪਿੰਡਾਂ ਵਿੱਚ ਗੁਰਮਤਿ ਅਤੇ ਦਸਤਾਰ ਸਿਖਲਾਈ ਕੈਂਪ ਲਗਾਏ ਗਏ। 25 ਬੱਚੇ ਸਹਿਜ ਪਾਠ ਕਰ ਰਹੇ ਹਨ।


**8. ਬੁਗਰਾ (70097–82466)–** ਕੇਂਦਰ ਦੇ ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਵਲੋਂ ਹਰ ਰੋਜ ਸਵੇਰੇ ਨਿਤਨੇਮ ਦਾ ਪਾਠ ਅਤੇ 45 ਮਿੰਟ ਗੁਰਮਤਿ ਵਿਚਾਰਾਂ ਕੀਤੀਆਂ ਜਾਂਦੀਆਂ ਹਨ। ਹਰ ਰੋਜ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਸੰਥਿਆ ਦਿੱਤੀ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**9. ਖਨਾਲ ਖੁਰਦ (62390–80242)–** ਕੇਂਦਰ ਦੇ ਪ੍ਰਚਾਰਕ ਭਾਈ ਕੁਲਦੀਪ ਸਿੰਘ ਵਲੋਂ ਪਿੰਡ ਖਨਾਲ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਸਵੇਰੇ 4 ਤੋਂ 5 ਵਜੇ ਤੱਕ ਨਿਤਨੇਮ ਅਤੇ 5 ਤੋਂ 6 ਵਜੇ ਤੱਕ ਲੜੀਵਾਰ ਗੁਰਬਾਣੀ ਵੀਚਾਰ (ਕਥਾ) ਕੀਤੀ ਜਾਂਦੀ ਹੈ। 10.30 ਤੋਂ 12 ਵਜੇ ਤੱਕ ਮਾਤਾਵਾਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਸ਼ਾਮ ਨੂੰ ਵੀਰਾਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 50 ਬੱਚੇ ਸਹਿਜ ਪਾਠ ਕਰ ਰਹੇ ਹਨ, 2 ਪ੍ਰਾਣੀਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ ਅਤੇ 2 ਪ੍ਰਾਣੀਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**ਦੁਆਬਾ**

**10. ਚੱਕ ਕਲਾਂ (75088–51496)–** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 3 ਪਿੰਡਾਂ ਵਿੱਚ ਅਤੇ ਸੈਂਟ ਜੋਨਸ ਅਕੈਡਮਿਕ ਸਕੂਲ ਸ਼ੰਕਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸੇਧ ਦੇ ਰਹੇ ਹਨ। ਕੇਂਦਰ ਦੇ 2 ਗੁਰਦੁਆਰਿਆਂ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਅਤੇ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਕਲਾਸ ਤੇ ਗਤਕੇ ਦੀ ਵੀ ਕਲਾਸ ਲਗਾਈ ਜਾਂਦੀ ਹੈ। ਕੀਰਤਨ ਸਿੱਖਣ ਵਾਲੇ ਬੱਚੇ ਹਰ ਸੰਗਰਾਂਦ ਨੂੰ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਦੀ ਹਾਜਰੀ ਭਰਦੇ ਹਨ। ਕੇਂਦਰ ਵਿਖੇ ਵੀਰਵਾਰ ਵਾਲੇ ਦਿਨ ਬੀਬੀਆਂ ਦੀ ਗੁਰਮਤਿ ਕਲਾਸ ਵੀ ਲਗਾਈ ਜਾਂਦੀ ਹੈ। ਇਸ ਮਹੀਨੇ ਨੌਜਵਾਨ ਵੀਰਾਂ ਤੇ ਵੱਡੀ ਸੰਗਤ ਦੀ ਕਲਾਸ ਵੀ ਸ਼ੁਰੂ ਕੀਤੀ ਗਈ ਹੈ।

**11. ਕਾਲੇਵਾਲ ਲੱਲੀਆਂ (95177–54531)–** ਪ੍ਰਚਾਰਕ ਭਾਈ ਲਵਪ੍ਰੀਤ ਸਿੰਘ ਵਲੋਂ ਪਿੰਡ ਕਾਲੇਵਾਲ ਵਿਖੇ ਰੋਜਾਨਾ ਹੁਕਮਨਾਮਾ ਸਾਹਿਬ ਦੀ ਕਥਾ ਵਿਚਾਰ



## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733–70542 'ਤੇ ਵਟਸਐਪ ਕਰ ਸਕਦੇ ਹੋ।**

ਕੀਤੀ ਜਾਂਦੀ ਹੈ। 14 ਮਾਰਚ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਨਵੇਂ ਸਾਲ ਦੀ ਆਰੰਭਤਾ ਅਤੇ ਬਾਬਾ ਅਕਾਲੀ ਫੂਲਾ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ, ਜਿਸ ਵਿੱਚ ਸੰਗਤ ਨੇ ਹਾਜਰੀ ਭਰੀ। ਗੁਰਦੁਆਰਾ ਬਾਬਾ ਜਵਾਹਰ ਸਿੰਘ ਜੀ ਕਾਲੇਵਾਲ ਵਿਖੇ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਦਿਨ ਦੇ ਸਮੇਂ ਗੁਰਮਤਿ ਸਮਾਗਮ ਕੀਤਾ ਗਿਆ।

**12. ਸ੍ਰੀ ਗੁਰੂ ਸਿੰਘ ਸਭਾ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ) (87290-86035)-** ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ ਪਿੰਡ ਮਜਾਰੀ, ਪਨਾਮ ਅਤੇ ਦੇਨੋਵਾਲ ਵਿਖੇ ਬੱਚਿਆਂ ਦੀਆਂ ਹਫਤਾਵਾਰੀ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਕੇਂਦਰ ਵਿਖੇ ਰੋਜਾਨਾ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**13. ਅੱਪਰਾ (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਵਲੋਂ ਹਰ ਹਫਤੇ 6 ਪਿੰਡਾਂ ਵਿੱਚ ਅਤੇ 3 ਸਕੂਲਾਂ ਵਿੱਚ ਗੁਰਬਾਣੀ ਸੰਥਿਆ ਅਤੇ ਨੈਤਿਕ ਸਿਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਗੁਰਦੁਆਰਾ ਕਲਗੀਧਰ ਸਾਹਿਬ ਪਿੰਡ ਅੱਪਰਾ ਵਿਖੇ ਹਰ ਐਤਵਾਰ ਸ਼ਾਮ ਨੂੰ ਸ਼ਬਦ ਵਿਚਾਰ ਕੀਤੀ ਜਾਂਦੀ ਹੈ। ਇਸ ਮਹੀਨੇ ਨਵੇਂ ਸਾਲ ਮੌਕੇ ਗੁਰਦੁਆਰਾ ਸ਼ਹੀਦਾਂ ਸਿੰਘਾਂ ਵਿਖੇ ਹੋਏ ਗੁਰਮਤਿ ਸਮਾਗਮ ਵਿੱਚ ਬੱਚਿਆਂ ਵਲੋਂ ਕਵਿਤਾਵਾਂ ਗਾਇਨ ਕੀਤੀਆਂ ਗਈਆਂ ਹਨ। 15 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**14. ਦੇਵੀਦਾਸ (89687-22872)-** ਕੇਂਦਰ ਦੇ ਪ੍ਰਚਾਰਕ ਭਾਈ ਜਸਕਰਨ ਸਿੰਘ ਵਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਾਮ ਨੂੰ ਹਰ ਰੋਜ ਹੁਕਮਨਾਮੇ ਦੀ ਕਥਾ-ਵਿਚਾਰ ਕੀਤੀ ਜਾਂਦੀ ਹੈ। ਸ਼ਾਮ ਨੂੰ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ।

**15. ਇੰਦਣਾ ਕਲਾਸਕੇ (79731-15345)-** ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਇੰਦਣਾ ਕਲਾਸਕੇ (ਜਲੰਧਰ) ਵਿਖੇ ਰੋਜਾਨਾ ਸਵੇਰੇ ਸ਼ਾਮ ਨਿਤਨੇਮ ਕੀਤਾ ਜਾਂਦਾ ਹੈ ਅਤੇ ਸਵੇਰੇ ਕਥਾ ਕੀਤੀ ਜਾਂਦੀ ਹੈ। 29 ਮਾਰਚ ਨੂੰ ਗੁਰਦੁਆਰਾ ਸਾਹਿਬ ਵਿਖੇ ਭਗਤ ਧੰਨਾ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਐਤਵਾਰ ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**16. ਡਰੋਲੀ ਖੁਰਦ (98774-95935)-** ਕੇਂਦਰ ਦੇ ਪ੍ਰਚਾਰਕ ਭਾਈ ਪ੍ਰਭਪ੍ਰੀਤ ਸਿੰਘ ਵਲੋਂ ਪਿੰਡ ਡਰੋਲੀ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਾਮ ਨੂੰ ਰਹਿਰਾਸੁ ਸਾਹਿਬ ਦੇ ਪਾਠ ਤੋਂ ਬਾਅਦ ਸ਼ਬਦ ਵਿਚਾਰ ਕੀਤੀ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**17. ਗਲੋਟੀ (95010-81353)-** ਕੇਂਦਰ ਦੇ ਪ੍ਰਚਾਰਕ ਭਾਈ ਰਣਵੀਰ ਸਿੰਘ ਵਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਰੋਜਾਨਾ ਕਥਾ-ਵਿਚਾਰ ਕੀਤੀ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਗਈਆਂ ਹਨ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**18. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**19. ਜਰਮਨ (0049 1631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀ ਗੁਰਮਤਿ ਕਲਾਸ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**20. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ 12 ਵਜੇ ਤੋਂ 1.30 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਵਿਖੇ, 4 ਵਜੇ ਤੋਂ 5.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ. ਐਸ. ਪੁਰਾ ਵਿਖੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ।

**21. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕ ਪਥ, ਦੁਰਗ ਛੱਤੀਸਗੜ੍ਹ ਵਿਖੇ ਰੋਜਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਅਤੇ ਗਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।


**22. ਇੰਫਾਲ (ਮਨੀਪੁਰ)-** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

**23. ਗੁਰਦੁਆਰਾ ਸਿੱਖ ਸੰਗਤ ਦਮ ਦਮ (ਕਲਕੱਤਾ)-** ਪ੍ਰਚਾਰਕ ਭਾਈ ਅੰਗਰੇਜ ਸਿੰਘ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

-0-

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।



ਵੱਲੋਂ : ਅਦਾਰਾ 'ਗੁਰਮਤਿ ਵਿਰਸਾ'

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਖਨਾਲ ਖੁਰਦ ਦੇ ਪੇਂਡੂ ਵਿਕਾਸ ਸੀ.ਸੈ. ਸਕੂਲ, ਖੇਤਲਾ (ਸੰਗਰੂਰ) ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਖਨਾਲ ਖੁਰਦ ਵਿਖੇ ਮਾਤਾਵਾਂ ਦੀ ਲੱਗ ਰਹੀ ਗੁਰਬਾਣੀ ਸੰਥਿਆ ਦੀ ਕਲਾਸ।



ਕੇਂਦਰ ਤਰਨਤਾਰਨ ਦੇ ਪ੍ਰਚਾਰਕ ਦਵਿੰਦਰ ਸਿੰਘ ਕੈਰੋਂ ਪਿੰਡ ਰੂੜੇਆਸਲ ਵਿਚ ਗੁਰਮਤਿ ਕਲਾਸ ਲਗਾਉਣ ਵਾਲੇ ਬੱਚਿਆਂ ਨਾਲ।



ਕੈਰੋਂ



ਕੇਂਦਰ ਚੱਕ ਕਲਾਂ ਦੇ ਗੁਰਦੁਆਰਾ ਸਾਹਿਬ ਵੱਡੀ ਸੰਗਤ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਚੱਕ ਕਲਾਂ ਦੇ ਪਿੰਡ ਭੰਡਾਲ ਖੁਰਦ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।



ਕੇਂਦਰ ਬੁਗਰਾ ਵਿਖੇ ਬੱਚਿਆਂ ਅਤੇ ਮਾਤਾਵਾਂ ਦੀ ਲੱਗ ਰਹੀ ਗੁਰਮਤਿ ਕਲਾਸ।



ਕੇਂਦਰ ਮਾਲੂਵਾਲ ਦੇ ਪਿੰਡ ਸੁਰ ਸਿੰਘ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਨਾਰੰਗਵਾਲ ਵਲੋਂ ਪਿੰਡ ਨਾਰੰਗਵਾਲ ਦੇ ਹੀ ਸਕੂਲ ਵਿਚ ਨਵੀਆਂ ਗੁਰਮਤਿ ਕਲਾਸਾਂ ਦੀ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ ਸ਼ੁਰੂਆਤ ਕੀਤੀ ਗਈ



ਕੇਂਦਰ ਲਤਾਲਾ ਦੇ ਪਿੰਡ ਘਲੋਟੀ ਵਿਖੇ ਹੋਏ ਦਸਤਾਰ ਮੁਕਾਬਲੇ ਉਪਰੰਤ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਨੂੰ ਸਨਮਾਨਤ ਕੀਤਾ ਗਿਆ।



ਕੇਂਦਰ ਨਵਾਂਸ਼ਹਿਰ ਦੇ ਪਿੰਡ ਮਜਾਰੀ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਪਰਿੰਗੜੀ ਵਿਖੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਬੱਚਿਆਂ ਦੀ ਗੁਰਮਤਿ ਕਲਾਸ ਲਗਾਉਂਦੇ ਹੋਏ।



ਬੀਬੀ ਅਜਿੰਦਰਪਾਲ ਕੌਰ ਮੈਂਬਰ ਪੰਜਾਬ ਵੂਮੈਨ ਕਮਿਸ਼ਨ ਅਤੇ ਸ. ਗੁਰਪ੍ਰੀਤ ਸਿੰਘ ਸੋਸ਼ਲ ਮੀਡੀਆ ਇੰਚਾਰਜ ਲੁਧਿਆਣਾ ਦਾ ਕਾਲਜ ਪਹੁੰਚਣ 'ਤੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ।



ਕਾਲਜ ਵਿਖੇ ਪਿਛਲੇ ਦਿਨੀਂ ਟ੍ਰੈਫਿਕ ਪੁਲਿਸ ਵਲੋਂ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ ਉਪਰੰਤ ਏ.ਐਸ.ਆਈ ਸ. ਜਸਵੀਰ ਸਿੰਘ ਨੂੰ ਸਨਮਾਨਤ ਕੀਤਾ ਗਿਆ।



ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਸੀਨੀਅਰ ਸਿਟੀਜਨ ਮੈਂਬਰ ਹਰ ਬੁੱਧਵਾਰ ਦੀ ਹਫਤਾਵਾਰੀ ਮੀਟਿੰਗ ਵਿਚ ਹਿੱਸਾ ਲੈਂਦੇ ਹੋਏ।



ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਮਹੀਨਾਵਾਰ ਮੀਟਿੰਗ ਦੌਰਾਨ ਪ੍ਰਚਾਰਕਾਂ ਵਲੋਂ ਸ਼ਿਰਕਤ ਕੀਤੀ ਗਈ।